






Twenty-Fifth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 49; December 7, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਸਿੰਘ ਸਾਹਿਬਾਨ ਦੇ ਫੈਸਲੇ ਨੇ ਅਕਾਲੀ ਸਿਆਸਤ ਦਾ ਪਿੜ ਬੰਨ੍ਹਿਆ

**ਅੰਮ੍ਰਿਤਸਰ:** ਤਨਖਾਹੀਆ ਕਰਾਰ ਦਿੱਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਹੋਰ ਆਗੂਆਂ ਦੇ ਮਾਮਲੇ ਵਿਚ ਪੰਜ ਸਿੰਘ ਸਾਹਿਬਾਨ ਵੱਲੋਂ ਸੁਣਾਏ ਫੈਸਲੇ ਨੂੰ ਇਤਿਹਾਸਕ ਮੰਨਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਸ ਫੈਸਲੇ ਦੇ ਅਕਾਲੀ ਸਿਆਸਤ ਉਤੇ ਦੂਰ-ਰਸ ਅਸਰ ਪੈਣਗੇ। ਅਕਾਲ ਤਖਤ ਸਾਹਿਬ ਵੱਲੋਂ ਇਨ੍ਹਾਂ ਆਗੂਆਂ ਨੂੰ ਹਰਿਮੰਦਰ ਸਾਹਿਬ ਵਿਚ ਪਖਾਨੇ ਸਾਫ਼ ਕਰਨ, ਲੰਗਰ ਘਰ ਵਿਚ ਬਰਤਨ ਮਾਂਜਣ, ਜੋੜੇ ਝਾੜਨ ਅਤੇ ਕੀਰਤਨ ਸੁਣਨ ਦੀ ਧਾਰਮਿਕ ਸਜ਼ਾ ਲਗਾਈ ਗਈ। ਜਥੇਦਾਰ ਨੇ ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਪ੍ਰਵਾਨ ਕਰਨ ਲਈ ਵੀ ਹੁਕਮ ਦਿੱਤੇ ਹੈ।

ਅਕਾਲ ਤਖਤ ਉਤੇ ਹੋਈ ਇਕੱਤਰਤਾ ਦੌਰਾਨ ਸੁਖਬੀਰ ਸਿੰਘ ਬਾਦਲ ਲਈ ਨਮੋਸ਼ੀ ਵਾਲਾ ਸਮਾਂ ਸੀ ਜਦੋਂ ਗੁਰੂ ਦੀ ਹਜ਼ੂਰੀ ਤੇ ਸੰਗਤ ਦੀ ਹਾਜ਼ਰੀ ਵਿਚ ਉਨ੍ਹਾਂ ਉਤੇ ਲੱਗੇ ਦੋਸ਼ਾਂ ਬਾਰੇ ਸਵਾਲ-ਜਵਾਬ ਕੀਤੇ ਗਏ। ਸਿੰਘ ਸਾਹਿਬਾਨ ਨੇ ਬੜੇ ਸਖਤ ਲਹਿਜੇ ਵਿਚ ਸੁਖਬੀਰ ਨੂੰ 'ਹਾਂ' ਜਾਂ 'ਨਾਂਹ' ਵਿਚ ਜਵਾਬ ਦੇਣ ਲਈ ਆਖਿਆ। ਇਸ ਦੌਰਾਨ ਸੁਖਬੀਰ ਨੇ ਆਪਣੇ ਉਤੇ ਲੱਗੇ ਸਾਰੇ ਦੋਸ਼ਾਂ ਬਾਰੇ 'ਹਾਂ' ਵਿਚ ਜਵਾਬ ਦੇ ਕੇ ਕਬੂਲ ਲਏ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਬਾਦਲ 'ਤੇ ਲੱਗੇ ਦੋਸ਼ ਸਬੰਧੀ ਪੁੱਛਿਆ ਕਿ ਅਕਾਲੀ ਸਰਕਾਰ ਵੇਲੇ ਉਨ੍ਹਾਂ ਸਾਲ 2015 ਦੇ ਪੰਥਕ ਮੁੱਦਿਆਂ ਜਿਨ੍ਹਾਂ ਕਾਰਨ ਹਜ਼ਾਰਾਂ ਸ਼ਹੀਦੀਆਂ ਹੋਈਆਂ ਸਨ, ਨੂੰ ਉਨ੍ਹਾਂ ਵਿਸਾਰ ਦਿੱਤਾ ਸੀ। ਇਸ ਬਾਰੇ ਉਹ ਹਾਂ ਜਾਂ ਨਾਂਹ ਵਿਚ ਜਵਾਬ ਦੇਣ। ਸੁਖਬੀਰ ਸਿੰਘ ਬਾਦਲ ਨੇ ਜਦੋਂ ਇਸ ਦੇ ਵਿਸਥਾਰ 'ਚ ਜਾਣ ਦਾ ਯਤਨ ਕੀਤਾ ਤਾਂ ਜਥੇਦਾਰ ਨੇ ਆਖਿਆ ਕਿ ਉਹ ਸਿਰਫ ਹਾਂ ਜਾਂ ਨਾਂਹ ਵਿਚ ਜਵਾਬ ਦੇਣ ਤਾਂ ਉਸ ਨੇ ਗੁਨਾਹ ਕਬੂਲ ਕਰਦਿਆਂ 'ਹਾਂ ਜੀ' ਕਿਹਾ।

ਦੂਜਾ ਸਵਾਲ ਕਰਦਿਆਂ ਸਿੰਘ ਸਾਹਿਬਾਨ ਨੇ ਕਿਹਾ ਕਿ ਅਤਿਵਾਦ ਵੇਲੇ ਬੇਗੁਨਾਹ ਸਿੱਖਾਂ ਦਾ ਕਤਲ ਕਰਨ ਵਾਲੇ ਅਫਸਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਤਰੱਕੀਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਾਰਟੀ ਦੀਆਂ ਟਿਕਟਾਂ ਵੀ ਦਿੱਤੀਆਂ ਗਈਆਂ। ਕੀ ਤੁਸੀਂ ਇਹ ਗੁਨਾਹ ਕੀਤਾ ਹੈ ਤਾਂ ਸੁਖਬੀਰ ਸਿੰਘ ਬਾਦਲ ਨੇ 'ਹਾਂ' ਵਿਚ ਜਵਾਬ ਦਿੱਤਾ। ਤੀਜਾ ਸਵਾਲ ਡੇਰਾ ਸਿਰਸਾ ਮੁਖੀ ਖ਼ਿਲਾਫ਼ ਦਰਜ ਕੇਸ ਨੂੰ ਵਾਪਸ ਕਰਵਾਉਣ ਦਾ ਗੁਨਾਹ ਕੀਤਾ ਹੈ ਜਾਂ ਨਹੀਂ ਤਾਂ ਇਸ ਦੇ ਜਵਾਬ ਵਿਚ ਵੀ ਉਸ ਨੇ ਹਾਂ ਆਖਿਆ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿਵਾਉਣ ਲਈ 2015 'ਚ ਜਥੇਦਾਰਾਂ ਨੂੰ ਚੰਡੀਗੜ੍ਹ ਬੁਲਾਉਣ ਅਤੇ ਉਨ੍ਹਾਂ 'ਤੇ ਪ੍ਰਭਾਵ ਪਾ ਕੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਾਉਣ ਦੇ ਜਵਾਬ ਵਿਚ ਮੁੜ ਸੁਖਬੀਰ ਸਿੰਘ ਬਾਦਲ ਨੇ ਵਿਸਥਾਰ ਵਿਚ ਜਾਣ ਦਾ ਯਤਨ ਕੀਤਾ ਤਾਂ ਜਥੇਦਾਰ ਨੇ ਤਾੜਨਾ ਕਰਦਿਆਂ ਉਨ੍ਹਾਂ ਨੂੰ ਆਪਣਾ ਜਵਾਬ ਹਾਂ ਜਾਂ ਨਾਂਹ ਵਿਚ ਹੀ ਦੇਣ ਦੀ ਤਾਕੀਦ ਕੀਤੀ। ਉਸ ਨੇ ਇਹ ਗੁਨਾਹ ਵੀ ਕਬੂਲ ਕਰ ਲਿਆ। ਇਕ ਹੋਰ ਸਵਾਲ ਦੇ ਜਵਾਬ ਵਿਚ ਸੁਖਬੀਰ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਵਾਸਤੇ ਕੀਤੇ ਗਏ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਕਮੇਟੀ ਦੀ ਗੋਲਕ ਵਿਚੋਂ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਜਾਣ ਦਾ ਗੁਨਾਹ ਵੀ ਕਬੂਲ ਕੀਤਾ।

ਇਸ ਪਿੱਛੋਂ ਕਾਰਵਾਈ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ ਧਾਰਮਿਕ ਤਨਖਾਹ ਲਾਈ ਹੈ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਤੇ ਸਿੱਖ ਕੌਮ ਵਿਰੋਧੀ ਫ਼ੈਸਲੇ ਲੈਣ ਲਈ ਤਤਕਾਲੀ ਅਕਾਲੀ ਸਰਕਾਰ ਦੇ ਮੰਤਰੀਆਂ ਨੂੰ ਸਜ਼ਾ ਸੁਣਾਈ ਗਈ ਹੈ। ਜਥੇਦਾਰਾਂ ਖ਼ਿਲਾਫ਼ ਅਪਮਾਨਜਨਕ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੂੰ ਤਨਖਾਹੀਆ ਕਰਾਰ

*(ਬਾਕੀ ਸਫਾ 6 'ਤੇ)*





## ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਲਈ ਕਮੇਟੀ ਕਾਇਮ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੋਰ ਆਗੂਆਂ ਨੂੰ ਤਨਖਾਹ ਲਗਾਉਣ ਦੇ ਨਾਲ ਸਿਆਸੀ ਕਾਰਵਾਈ ਵੀ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਆਗੂਆਂ ਦੇ ਅਸਤੀਫ਼ੇ ਪ੍ਰਵਾਨ ਕਰ ਕੇ ਇਸ ਸਬੰਧੀ ਰਿਪੋਰਟ ਅਕਾਲ ਤਖ਼ਤ 'ਤੇ ਭੇਜੀ ਜਾਵੇ। ਕੁਝ ਦਿਨ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਵਰਕਿੰਗ ਕਮੇਟੀ ਨੇ ਉਸ ਦਾ ਅਸਤੀਫ਼ਾ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਜਿਨ੍ਹਾਂ ਆਪਣੇ ਗੁਨਾਹ ਕਬੂਲ ਕੀਤੇ ਹਨ, ਸਿੱਖ ਪੰਥ ਦੀ ਰਾਜਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ।

## ਬਾਦਲ ਦਾ ਫ਼ਖ਼ਰ-ਏ-ਕੌਮ ਖਿਤਾਬ ਵਾਪਸ ਲਿਆ

**ਅੰਮ੍ਰਿਤਸਰ:** ਸਾਲ 2015 ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ਼ੀ ਦੇਣ ਦੇ ਮਾਮਲੇ ਦਾ ਪੰਜ ਸਿੰਘ ਸਾਹਿਬਾਨ ਨੇ ਸਖ਼ਤ ਨੋਟਿਸ ਲੈਂਦਿਆਂ ਤਤਕਾਲੀ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਕੋਲੋਂ ਫ਼ਖ਼ਰ-ਏ-ਕੌਮ ਦਾ ਖਿਤਾਬ ਵਾਪਸ ਲੈਣ ਦਾ ਆਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੀਟਿੰਗ ਹੋਈ ਸੀ ਜਿਸ 'ਚ ਪ੍ਰਕਾਸ਼ ਸਿੰਘ ਬਾਦਲ ਵੀ ਹਾਜ਼ਰ ਸਨ ਅਤੇ ਉਨ੍ਹਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਆਪਣੇ ਘਰ ਵਿਖੇ ਸੱਦ ਕੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ ਕਰਨ ਵਾਸਤੇ ਪ੍ਰਭਾਵ ਵਰਤਿਆ ਸੀ। ਸਿੰਘ ਸਾਹਿਬਾਨ ਨੇ ਇਸ ਸਬੰਧੀ ਸੁਖਦੇਵ ਸਿੰਘ ਢੀਂਡਸਾ ਅਤੇ ਬਲਵਿੰਦਰ ਸਿੰਘ ਭੂੰਦੜ ਕੋਲੋਂ ਵੀ ਜਵਾਬ-ਤਲਬੀ ਕੀਤੀ। ਭੂੰਦੜ ਉਤੇ ਨੇ ਆਪਣੇ 'ਤੇ ਡੇਰਾ ਸਿਰਸਾ ਦੇ ਆਗੂਆਂ ਨਾਲ ਮੀਟਿੰਗਾਂ ਕਰਨ ਦੇ ਲੱਗੇ ਦੋਸ਼ਾਂ ਨੂੰ ਨਕਾਰ ਦਿੱਤਾ। ਉਨ੍ਹਾਂ 'ਤੇ ਡੇਰਾ ਮੁਖੀ ਨੂੰ ਮੁਆਫ਼ ਕਰਨ ਦੇ ਫ਼ੈਸਲੇ ਦੀ ਹਮਾਇਤ ਕਰਨ ਦਾ ਦੋਸ਼ ਸੀ। ਇਸੇ ਮਾਮਲੇ ਵਿਚ ਤਿੰਨ ਸਾਬਕਾ ਜਥੇਦਾਰਾਂ ਕੋਲੋਂ ਵੀ ਸਪਸ਼ਟੀਕਰਨ ਮੰਗੇ ਗਏ ਸਨ ਜਿਨ੍ਹਾਂ ਵਿਚ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਤਿੰਨਾਂ ਸਾਬਕਾ ਜਥੇਦਾਰਾਂ ਦੇ ਸਪਸ਼ਟੀਕਰਨਾਂ ਤੋਂ ਉਹ ਸੰਤੁਸ਼ਟ ਨਹੀਂ ਹਨ।

*(ਬਾਕੀ ਸਫਾ 6 'ਤੇ)*







## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।
* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:
**ਮਿ. ਸਿੰਘ ਫੋਨ: 515-291-1961**

## ਡਰਾਈਵਰਾਂ ਲਈ ਸੁਨਹਿਰੀ ਮੌਕਾ !

ਅਸੀਂ ਆਪਣੀ ਕੰਪਨੀ ਲਈ ਡਰਾਈਵਰ ਭਰਤੀ ਕਰ ਰਹੇ ਹਾਂ।

Prestige Freight




ਮਿਸ਼ੀਗਨ ਟਰਮੀਨਲ ਲਈ ਸਾਨੂੰ ਓ ਟੀ ਆਰ ਡਰਾਈਵਰਾਂ ਦੀ ਲੋੜ ਹੈ। ਮਿਸ਼ੀਗਨ ਤੋਂ ਟੈਕਸਸ ਅਤੇ ਟੈਕਸਸ ਤੋਂ ਮਿਸ਼ੀਗਨ ਲਈ ਪੱਕੇ ਲੋਡ।

WE'RE HIRING!

OTR Drivers
Michigan Terminal
MI to TX dedicated runs

Contact Us For Details
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
+1 (734) 209-1964
+1 (734) 228 6300

T B F
THE BAINS FIRM




## Personal Injury and Wrongful Death Attorneys

**Case Results***

**$10 MILLION**
Motorcycle vs. Truck Collision

**$8 MILLION**
Wrongful Death

**$5.25 MILLION**
Traumatic Brain Injury

**$1.1 MILLION**
Burn Injury

**$1.1 MILLION**
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel


Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

## Homeopathicvibes

### Harminder Singh Gill

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com

*We sell and ship homeopathic remedies through out North America.*

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਡਾ. ਦਲਵੀਰ ਸਿੰਘ ਪੰਨੂ ਲਿਖਤ ‘ਗੁਰਮੁਖੀ ਅਦਬ ਦਾ ਖਜਾਨਾ’ ਰਿਲੀਜ਼

**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਸਾਲਾਨਾ ਸਮਾਗਮ ਸਮੇਂ ਡਾ. ਦਲਵੀਰ ਸਿੰਘ ਪੰਨੂ ਦੀ ਵੱਡ ਆਕਾਰੀ ਟੇਬਲ ਬੁੱਕ ‘ਗੁਰਮੁਖੀ ਅਦਬ ਦਾ ਖਜਾਨਾ’ ਡਾ. ਵਰਿਆਮ ਸਿੰਘ ਸੰਧੂ ਵੱਲੋਂ ਰਿਲੀਜ਼ ਕੀਤੀ ਗਈ। ਉਨ੍ਹਾਂ ਨਾਲ ਹੋਰ ਪਤਵੰਤੇ ਸੱਜਣ ਕੁਲਵਿੰਦਰ ਪਲਾਹੀ, ਸੁਰਿੰਦਰ ਸੁੰਨੜ, ਜਗਜੀਤ ਸੰਧੂ, ਡਾ. ਢਿੱਲੋਂ, ਸੁਰਿੰਦਰ ਸੀਰਤ, ਚਰਨਜੀਤ ਪੰਨੂ, ਲਖਵਿੰਦਰ ਜੌਹਲ ਅਤੇ ਅਮਰੀਕ ਪੰਨੂ ਸ਼ਾਮਲ ਹੋਏ। ਇਸ ਤੋਂ ਪਹਿਲਾਂ ਇਹ ਪੁਸਤਕ ਅਕਤੂਬਰ ਦੇ ਅਖੀਰਲੇ ਹਫ਼ਤੇ ਲਾਹੌਰ ਵਿਚ ਵੀ ਰਿਲੀਜ਼ ਕੀਤੀ ਗਈ।



ਇਸ ਬਾਰੇ ਡਾ. ਕਲਿਆਣ ਸਿੰਘ ਪ੍ਰੋਫੈਸਰ ਪੰਜਾਬ ਯੂਨੀਵਰਸਿਟੀ ਲਾਹੌਰ ਨੇ ਦੱਸਿਆ ਕਿ ਦਲਵੀਰ ਸਿੰਘ ਪੰਨੂ ਕੈਲੀਫੋਰਨੀਆ ਵਸਦਾ ਦੰਦਾਂ ਦਾ ਪ੍ਰਸਿੱਧ ਡਾਕਟਰ ਹੈ ਜੋ ਆਪਣੀ ਉਪਜੀਵਕਾ ਸਾਧਨਾ ਦੇ ਨਾਲ ਸਿੱਖ ਇਤਿਹਾਸ ਤੇ ਪੰਜਾਬੀ ਵਿਰਸੇ ਵਿਚ ਵਿਸ਼ੇਸ਼ ਦਿਲਚਸਪੀ ਰੱਖਦਾ ਪਾਕਿਸਤਾਨ ਵਿਚਲੇ ਰਹਿ ਗਏ ਭੁੱਲੇ ਵਿੱਸਰੇ ਗੁਰਧਾਮ ਤੇ ਪੰਜਾਬੀ ਸਾਹਿਤ ਦੀ ਖੋਜ ਵਿਚ ਪਿਛਲੇ ਦੋ ਦਹਾਕੇ ਤੋਂ ਯਤਨਸ਼ੀਲ ਹੈ। ਉਸ ਦੀ ਸੱਤ ਕੁ ਸੌ ਪੰਨਿਆਂ ਦੀ ਪਹਿਲੀ ਵੱਡ ਆਕਾਰੀ ਖੋਜ ਭਰਪੂਰ ਪੁਸਤਕ ‘ਸਿੱਖ ਹੈਰੀਟੇਜ ਬੀਯੋਂਡ ਬਾਰਡਰਜ਼’ ਨੇ ਸਿੱਖ ਇਤਿਹਾਸਕ ਵਿਰਸਾ ਸਾਹਿਤ ਬਾਰੇ ਦੇਸ਼ ਵਿਦੇਸ਼ ਵਿਚ ਆਪਣੀ ਵਿਸ਼ੇਸ਼ ਪਛਾਣ ਸਥਾਪਤ ਕੀਤੀ। ਪਾਕਿਸਤਾਨ ਜਾਂਦੇ ਆਉਂਦੇ ਵੱਡੀ ਲਾਇਬਰੇਰੀ ਵਿਚ ਖੋਜ ਕਰਦੇ ਸਮੇਂ ਉਸ ਨੇ ਘੱਟੇ-ਮਿੱਟੀ ਨਾਲ ਲਥ-ਪਥ ਪੰਡਾਂ ਵਿਚ ਬੱਝੇ ਦੁਰਲਭ ਧਾਰਮਿਕ ਗ੍ਰੰਥ, ਪੋਥੀਆਂ, ਕਿੱਸੇ, ਸਾਖੀਆਂ, ਨਾਵਲ, ਸਾਇੰਸ, ਹਿਕਮਤ, ਵਾਰਤਕ, ਕਵਿਤਾਵਾਂ ਤੇ ਹੋਰ ਅਮੋਲ ਪੰਜਾਬੀ ਪੁਸਤਕਾਂ ਵੇਖੀਆਂ। ਇਨ੍ਹਾਂ ਵਿਚ ਉਹ ਵੀ ਸਨ ਜੋ ਅੰਗ੍ਰੇਜ਼ਾਂ ਨੇ ਪੰਜਾਬ ਵਿਚ ਕਬਜ਼ਾ ਕਰਨ ਤੋਂ ਉਪਰੰਤ ਲੋਕਾਂ ਦੇ ਘਰੋਂ ਜਬਰੀ ਉਠਾ ਕੇ ਜਾਂ ਟਕੇ ਟਕੇ ਮੁੱਲ ਲੈ ਕੇ ਨਸ਼ਟ ਕਰ ਦਿੱਤੀਆਂ ਜਾਂ ਕੁੱਝ ਬਚੀਆਂ ਇੱਥੇ ਰਹਿ ਗਈਆਂ। ਪੰਜਾਬੀ ਦੇ ਇਸ ਸੇਵਕ ਨੇ ਆਪਣੇ ਦੋਸਤਾਂ ਦੀ ਮਦਦ ਨਾਲ ਪਾਕਿਸਤਾਨ ਸਰਕਾਰ ਤੋਂ ਮਨਜ਼ੂਰੀ ਦੀ ਲੰਬੀ ਪ੍ਰਕਿਰਿਆ ਪਾਰ ਕਰ ਕੇ ਉਨ੍ਹਾਂ ਨੂੰ ਤਰਤੀਬਵਾਰ ਲੈਮੀਨੇਟ ਕਰਵਾ ਕੇ ਮੂੰਹ ਮੱਥਾ ਸਵਾਰਿਆ। ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ ਇਨ੍ਹਾਂ ਵਾਸਤੇ ਸਪੈਸ਼ਲ ਕਮਰਾ ਬਣਵਾ ਕੇ ਉਹ ਸਾਰੀਆਂ ਮਜ਼ਮੂਨ ਅਨੁਸਾਰ ਵੱਖਰੇ ਵੱਖਰੇ ਖ਼ਾਨਿਆਂ ਵਿਚ ਸੁਸ਼ੋਭਿਤ ਕਰਵਾ ਕੇ ਪਾਠਕਾਂ, ਖੋਜਕਾਰੀਆਂ ਦੇ ਪੜ੍ਹਨ ਯੋਗ ਕਰ ਦਿੱਤੀਆਂ।

ਇਸ ਪੰਜਾਬੀ ਸੈਕਸ਼ਨ ਦਾ ਉਦਘਾਟਨ ਅਮਰੀਕੀ ਪਤਵੰਤੇ ਯਾਤਰੀਆਂ ਤੇ ਸਥਾਨਕ ਸਰਕਾਰੀ ਅਧਿਕਾਰੀਆਂ ਦੁਆਰਾ ਕੀਤਾ ਗਿਆ ਤੇ ‘ਗੁਰਮੁਖੀ ਅਦਬ ਦਾ ਖਜਾਨਾ’ ਦੀ ਬੜੇ ਅਦਬ ਸਤਿਕਾਰ ਨਾਲ ਘੁੰਡ ਚੁਕਾਈ ਦੀ ਰਸਮ ਨਿਭਾਈ ਗਈ। ਇਹ ਗੁਰਮੁਖੀ ਤੇ ਸ਼ਾਹਮੁਖੀ ਕਿਤਾਬਾਂ ਦੀ ਕੈਟਾਲੋਗ... ਨਵੀਂ ਡਾਇਰੈਕਟਰੀ ਹੈ ਜਿਨ੍ਹਾਂ ਰਾਹੀਂ ਅੰਦਰ ਸਜਾਈਆਂ ਟਿਕਾਈਆਂ ਹਜ਼ਾਰਾਂ ਕਿਤਾਬਾਂ ਤੱਕ ਸੁਖਾਲੀ ਪਹੁੰਚ ਕੀਤੀ ਜਾ ਸਕਦੀ ਹੈ। ਡਾ. ਕਲਿਆਣ ਸਿੰਘ ਨੇ ਪਾਕਿਸਤਾਨ ਆਉਣ-ਜਾਣ ਵਾਲੇ ਦੇਸ਼ ਵਿਦੇਸ਼ ਦੇ ਜਥਿਆਂ ਯਾਤਰੀਆਂ ਨੂੰ ਇਹ ਭਰਪੂਰ ਜਾਣਕਾਰੀ ਦਿੰਦੇ ਬੇਨਤੀ ਕੀਤੀ ਕਿ ਉਹ ਪਾਕਿਸਤਾਨ ਦੀ ਯਾਤਰਾ ਸਮੇਂ ਗੁਰਧਾਮਾਂ ਦੇ ਦਰਸ਼ਨਾਂ ਤੋਂ ਉਪਰੰਤ ਇਸ ਦੁਰਲਭ ਵਿਰਾਸਤ ਦੇ ਦਰਸ਼ਨ ਵੀ ਜ਼ਰੂਰ ਕਰਨ।

## Change of Name

**I Simaranjit Singh S/O Late Gurdial singh, mother Jagdish kaur Residence of village GILL PO.CHAMIARA DT.JALANDHAR PB India. Now living Aboard at 526 Parkridge Dr Chowchilla ca 93610. Declared that I have changed my name Simaranjit Singh to Simranjit Singh Concerned may note. For contact My phone # 2096580235**



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 47-50

Jat Sikh parents looking for a suitable match for their 27, 6'-0" son, born & raised in the US. He is currently an AVP for an investment bank and resides in Chicago. Looking for a match from Jat Sikh family, U.S. or Canadian Citizen. Please contact us at 1-224-545-1048 or singhpaul696@gmail.com 45-48

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA) 44-47

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ ‘ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) ‘ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 ‘ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com ‘ਤੇ ਭੇਜ ਸਕਦੇ ਹੋ। 41-44


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment
Homeopathic Natural Medicines Serving Since 1973

Gurdip Singh Sandhu
Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India
Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 847-359-0746

# ਪੰਜਾਬ ਦੇ ਹਾਈਵੇ ਬੰਦ ਨਾ ਕਰਨ ਕਿਸਾਨ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਸਾਨਾਂ ਦੀ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਖਨੌਰੀ ਸਰਹੱਦੀ ਪੁਆਇੰਟ ਉਤੇ ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਕਿਹਾ ਕਿ ਉਹ ਉਹ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਹਾਈਵੇ ਨਾ ਰੋਕਣ ਲਈ ਮਨਾਉਣ ਅਤੇ ਇਸ ਨਾਲ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਖੱਜਲ ਖੁਆਰੀ ਨਾ ਹੋਵੇ।

ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਡੱਲੇਵਾਲ ਵੱਲੋਂ ਦਾਇਰ ਹੈਬੀਅਸ ਕੋਰਪਸ ਪਟੀਸ਼ਨ ਰੱਦ ਕਰ ਦਿੱਤੀ। ਚੇਤੇ ਰਹੇ ਕਿ ਡੱਲੇਵਾਲ ਨੂੰ 26 ਨਵੰਬਰ ਨੂੰ ਪੰਜਾਬ ਹਰਿਆਣਾ ਸਰਹੱਦ ਉਤੇ ਖਨੌਰੀ ਵਿਚ ਪ੍ਰਦਰਸ਼ਨ ਵਾਲੀ ਥਾਂ ਮਰਨ ਵਰਤ ਉੱਤੇ ਬੈਠਣ ਤੋਂ ਪਹਿਲਾਂ ਪੁਲਿਸ ਨੇ ਉਥੋਂ ਚੁੱਕ ਲਿਆ ਸੀ। ਬੈਂਚ ਨੇ ਕਿਹਾ, "ਅਸੀਂ ਦੇਖਿਆ ਹੈ ਕਿ ਡੱਲੇਵਾਲ ਨੂੰ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਕਿਸਾਨ ਆਗੂ ਨੇ ਆਪਣੇ ਇੱਕ ਸਾਥੀ ਪ੍ਰਦਰਸ਼ਨਕਾਰੀ ਨੂੰ ਮਰਨ ਵਰਤ ਖਤਮ ਕਰਨ ਲਈ ਮਨਾ ਲਿਆ ਸੀ।" ਉਂਝ ਬੈਂਚ ਨੇ ਕਿਹਾ ਕਿ ਕਿਸਾਨਾਂ ਵੱਲੋਂ ਉਠਾਏ ਗਏ ਮੁੱਦੇ ਨੂੰ ਅਦਾਲਤ ਨੇ ਨੋਟ ਕੀਤਾ ਹੈ ਅਤੇ ਵਿਚਾਰ ਅਧੀਨ ਮਾਮਲਾ ਹੈ।



ਬੈਂਚ ਨੇ ਡੱਲੇਵਾਲ ਵੱਲੋਂ ਪੇਸ਼ ਐਡਵੋਕੇਟ ਗੁਨਿੰਦਰ ਕੌਰ ਗਿੱਲ ਨੂੰ ਕਿਹਾ, "ਜਮਹੂਰੀ ਪ੍ਰਬੰਧ ਵਿਚ ਤੁਸੀਂ ਸ਼ਾਂਤਮਈ ਪ੍ਰਦਰਸ਼ਨ ਕਰ ਸਕਦੇ ਹੋ, ਪਰ ਇਸ ਨਾਲ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਖੱਜਲ ਖੁਆਰੀ ਨਾ ਹੋਵੇ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਖਨੌਰੀ ਬਾਰਡਰ ਪੰਜਾਬ ਲਈ ਜੀਵਨ ਰੇਖਾ ਹੈ। ਅਸੀਂ ਇਸ ਰੋਸ ਪ੍ਰਦਰਸ਼ਨ ਦੇ ਸਹੀ ਜਾਂ ਗ਼ਲਤ ਹੋਣ ਬਾਰੇ ਟਿੱਪਣੀ ਨਹੀਂ ਕਰ ਰਹੇ।" ਜਸਟਿਸ ਕਾਂਤ ਨੇ ਕਿਹਾ ਕਿ ਡੱਲੇਵਾਲ ਪ੍ਰਦਰਸ਼ਨਕਾਰੀਆਂ ਨੂੰ ਕਾਨੂੰਨ ਤਹਿਤ ਅਤੇ ਲੋਕਾਂ ਨੂੰ ਕੋਈ ਅਸੁਵਿਧਾ ਪੈਦਾ ਕੀਤੇ ਬਿਨਾਂ ਸ਼ਾਂਤਮਈ ਪ੍ਰਦਰਸ਼ਨ ਲਈ ਰਾਜ਼ੀ ਕਰ ਸਕਦੇ ਹਨ। ਬੈਂਚ ਨੇ ਕਿਹਾ ਕਿ ਇਸ ਪੜਾਅ ਉਤੇ ਡੱਲੇਵਾਲ ਦੀ ਪਟੀਸ਼ਨ ਉੱਤੇ ਵਿਚਾਰ ਨਹੀਂ ਕੀਤਾ ਜਾ ਰਿਹਾ, ਪਰ ਉਹ ਬਾਅਦ ਵਿਚ ਕੋਰਟ ਤੱਕ ਪਹੁੰਚ ਕਰ ਸਕਦੇ ਹਨ।

ਚੇਤੇ ਰਹੇ ਕਿ 26 ਨਵੰਬਰ ਨੂੰ ਆਪਣਾ ਮਰਨ ਵਰਤ ਸ਼ੁਰੂ ਕਰਨ ਤੋਂ ਕੁਝ ਘੰਟੇ ਪਹਿਲਾਂ, ਡੱਲੇਵਾਲ ਨੂੰ ਖਨੌਰੀ ਸਰਹੱਦ ਤੋਂ ਜਬਰੀ ਹਟਾ ਦਿੱਤਾ ਗਿਆ ਅਤੇ ਲੁਧਿਆਣਾ ਦੇ ਇਕ ਹਸਪਤਾਲ ਲਿਜਾਇਆ ਗਿਆ, ਜਿੱਥੋਂ ਹੁਣ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ। ਇਹ ਪਟੀਸ਼ਨ 29 ਨਵੰਬਰ ਨੂੰ ਪੰਜਾਬ ਪੁਲਿਸ ਵੱਲੋਂ ਡੱਲੇਵਾਲ ਦੀ ਕਥਿਤ ਗੈਰ-ਕਾਨੂੰਨੀ ਹਿਰਾਸਤ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਗਈ ਸੀ। ਹਸਪਤਾਲ ਵਿਚੋਂ ਰਿਹਾਅ ਹੋਣ ਤੋਂ ਇਕ ਦਿਨ ਬਾਅਦ ਡੱਲੇਵਾਲ 30 ਨਵੰਬਰ ਨੂੰ ਮੁੜ ਖਨੌਰੀ ਸਰਹੱਦ ਪੁੱਜੇ ਤੇ ਉਹ ਕਿਸਾਨ ਆਗੂ ਸੁਖਜੀਤ ਸਿੰਘ ਹਰਦੋਝੰਡੇ ਦਾ ਮਰਨ ਵਰਤ ਖੁੱਲ੍ਹਵਾ ਕੇ ਖ਼ੁਦ ਉਸ ਦੀ ਥਾਂ ਮਰਨਵਰਤ ਉੱਤੇ ਬੈਠ ਗਏ। ਸੁਰੱਖਿਆ ਬਲਾਂ ਵੱਲੋਂ ਦਿੱਲੀ ਵੱਲ ਮਾਰਚ ਰੋਕੇ ਜਾਣ ਤੋਂ ਬਾਅਦ 13 ਫਰਵਰੀ ਤੋਂ ਕਿਸਾਨ ਪੰਜਾਬ ਅਤੇ ਹਰਿਆਣਾ ਦਰਮਿਆਨ ਸ਼ੰਭੂ ਅਤੇ ਖਨੌਰੀ ਸਰਹੱਦੀ ਪੁਆਇੰਟਾਂ 'ਤੇ ਡੇਰੇ ਲਾਈ ਬੈਠੇ ਹਨ।

## ਕਿਸਾਨੀ ਲੜਾਈ ਸਮੁੱਚੇ ਦੇਸ਼ ਦੀ: ਡੱਲੇਵਾਲ

**ਪਾਤੜਾਂ:** ਢਾਬੀ ਗੁੱਜਰਾਂ ਬਾਰਡਰ ਉਤੇ ਮਰਨ ਵਰਤ 'ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਜੇ ਸਰਕਾਰ ਉਨ੍ਹਾਂ ਨਾਲ ਗੱਲਬਾਤ ਨਹੀਂ ਕਰਦੀ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ। ਡੱਲੇਵਾਲ ਨੇ ਕਿਹਾ ਹੈ ਕਿ ਇਹ ਲੜਾਈ ਪੰਜਾਬ ਜਾਂ ਹਰਿਆਣਾ ਦੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਹੈ। ਕੇਂਦਰ ਨੇ ਕਿਸਾਨ ਜਥੇਬੰਦੀਆਂ ਨੂੰ ਕਮੇਟੀ ਬਣਾਉਣ ਦਾ ਵਿਸ਼ਵਾਸ ਦੇ ਕੇ ਮੋਰਚਾ ਚੁਕਵਾਇਆ ਸੀ ਪਰ ਅੱਜ ਤੱਕ ਮੰਨੀਆਂ ਮੰਗਾਂ ਪੂਰੀਆਂ ਨਹੀਂ ਹੋਈਆਂ। ਉਨ੍ਹਾਂ ਕਿਹਾ ਕਿ ਸਰਕਾਰ ਤਾਂ ਚਾਹੁੰਦੀ ਹੈ ਕਿ ਉਹ ਦਿੱਲੀ ਪਾਸੇ ਧਿਆਨ ਲਾ ਦੇਣ ਅਤੇ ਕਿਸਾਨਾਂ ਦਾ ਮੋਰਚਾ ਫੇਲ੍ਹ ਹੋ ਜਾਵੇ ਪਰ ਅਜਿਹਾ ਨਹੀਂ ਹੋਵੇਗਾ। ਇੱਥੇ ਬੈਠੇ ਕਿਸਾਨ ਇੱਥੇ ਹੀ ਰਹਿਣਗੇ।

## ਸੰਸਦ 'ਚ ਕਿਸਾਨਾਂ ਦੀ ਗੱਲ ਕਰਨਾ ਚਾਹੁੰਦੀ ਹੈ ਭਾਜਪਾ: ਬਿੱਟੂ

**ਲੁਧਿਆਣਾ:** ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਉਹ ਸੰਸਦ ਦਾ ਸੈਸ਼ਨ ਨਹੀਂ ਚੱਲਣ ਦੇ ਰਹੀ ਜਿੱਥੇ ਮੋਦੀ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੀ ਗੱਲ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਐਮ.ਐਸ.ਪੀ. ਦੀ 44 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਪੰਜਾਬ ਦੇ ਖਾਤੇ ਵਿਚ ਪਾ ਦਿੱਤੀ ਸੀ, ਪਰ ਕਾਂਗਰਸ ਤੇ 'ਆਪ' ਨੇ ਰਲ ਕਿਸਾਨਾਂ ਦੀ ਲੁੱਟ ਕੀਤੀ। ਬਿੱਟੂ ਨੇ ਕਾਂਗਰਸੀ ਸੰਸਦ ਮੈਂਬਰਾਂ ਨੂੰ ਝੋਨੇ 'ਚ ਲੱਗੇ ਕੱਟ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦਾ ਮੁੱਦਾ ਉਠਾਉਣ ਦੀ ਸਲਾਹ ਵੀ ਦਿੱਤੀ।

## ਕੋਟਲਾ ਨਿਹੰਗ ਖਾਂ ਦੇ ਕਿਲ੍ਹੇ ਦੀ ਜ਼ਮੀਨ ਦਾ ਵਿਵਾਦ ਮੁੱਕਿਆ

**ਰੂਪਨਗਰ:** ਪਿੰਡ ਕੋਟਲਾ ਨਿਹੰਗ ਖਾਂ ਦੇ ਕਿਲ੍ਹੇ ਦੀ ਜਗ੍ਹਾ ਸਬੰਧੀ ਨਿਹੰਗ ਸਿੰਘਾਂ ਤੇ ਬੀਬੀ ਜਸਵੀਰ ਕੌਰ ਵਿਚਕਾਰ ਚੱਲ ਰਿਹਾ ਵਿਵਾਦ ਤਪ ਅਸਥਾਨ ਮੁਮਤਾਜ਼ ਬੜੀ ਵਿਖੇ ਦੋਵੇਂ ਧਿਰਾਂ ਦੀ ਸਹਿਮਤੀ ਉਪਰੰਤ ਸਮਾਪਤ ਹੋ ਗਿਆ। ਇਸ ਵਿਚ ਬਾਬਾ ਗਾਜ਼ੀਦਾਸ ਕਲੱਬ ਰੋਡ ਮਾਜਰਾ ਚੱਕਲਾਂ ਦੇ ਪ੍ਰਧਾਨ ਦਵਿੰਦਰ ਸਿੰਘ ਬਾਜਵਾ ਨੇ ਅਹਿਮ ਭੂਮਿਕਾ ਨਿਭਾਈ। ਵਿਵਾਦ ਸੁਲਝਾਉਣ ਲਈ ਖ਼ਾਲਸਾ ਪ੍ਰਚਾਰ ਕਮੇਟੀ ਕੋਟਲਾ ਨਿਹੰਗ ਦੇ ਪ੍ਰਧਾਨ ਗੁਰਦੀਪ ਸਿੰਘ ਅਤੇ ਘਾੜ ਕਲੱਬ ਦੇ ਸੁਖਵਿੰਦਰ ਸਿੰਘ ਗਿੱਲ ਬੀਬੀ ਨੂੰ ਸਾਲਾਨਾ ਸਮਾਗਮ ਦੌਰਾਨ ਪਿੰਡ ਬੜੀ ਲੈ ਗਏ। ਜਸਵੀਰ ਕੌਰ ਵਿਵਾਦਿਤ ਜਗ੍ਹਾ ਦੀ ਸਾਢੇ ਤਿੰਨ ਲੱਖ ਰੁਪਏ ਕੀਮਤ ਮੰਗ ਰਹੀ ਸੀ ਜਦੋਂਕਿ ਬੁੱਢਾ ਦਲ ਵੱਲੋਂ ਪੌਣੇ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਜਾ ਰਹੀ ਸੀ। ਸ੍ਰੀ ਬਾਜਵਾ ਨੇ ਜਸਵੀਰ ਕੌਰ ਨੂੰ ਤਿੰਨ ਲੱਖ ਰੁਪਏ ਵਿਚ ਜਗ੍ਹਾ ਦੇਣ ਲਈ ਮਨਾਇਆ। ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਵੱਲੋਂ ਬੀਬੀ ਜਸਵੀਰ ਕੌਰ ਨੂੰ ਤਿੰਨ ਲੱਖ ਰੁਪਏ ਦੀ ਰਕਮ ਅਦਾ ਕਰ ਦਿੱਤੀ ਗਈ।

# ਐਨ.ਐਚ.ਏ.ਆਈ. ਦੇ ਉਸਾਰੀ ਮਜ਼ਦੂਰਾਂ 'ਤੇ ਹਮਲਿਆਂ ਦੀ ਮੁੜ ਗੂੰਜ

**ਚੰਡੀਗੜ੍ਹ:** ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐਨ.ਐਚ.ਏ.ਆਈ.) ਨੇ ਪੰਜਾਬ ਵਿਚ ਕੌਮੀ ਸੜਕ ਮਾਰਗਾਂ ਦੀ ਉਸਾਰੀ 'ਚ ਲੱਗੇ ਮਜ਼ਦੂਰਾਂ 'ਤੇ ਹਮਲਿਆਂ ਦਾ ਮੁੱਦਾ ਮੁੜ ਚੁੱਕਿਆ ਹੈ। ਅਥਾਰਿਟੀ ਨੂੰ ਕੌਮੀ ਮਾਰਗਾਂ ਦੀ ਉਸਾਰੀ ਦਾ ਕੰਮ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਬਣ ਗਿਆ ਹੈ। ਅਥਾਰਿਟੀ ਨੇ ਮੌਜੂਦਾ ਹਮਲਿਆਂ ਨੂੰ ਪੰਜਾਬ ਵਿਚਲੇ ਕੌਮੀ ਮਾਰਗਾਂ ਦੀ ਉਸਾਰੀ ਲਈ ਖ਼ਤਰਾ ਦੱਸਿਆ ਹੈ। ਐਨ.ਐਚ.ਏ.ਆਈ. ਨੇ ਅੰਮ੍ਰਿਤਸਰ ਦੇ ਫ਼ਤਿਹਪੁਰ ਰਾਜਪੂਤਾਂ ਬਾਈਪਾਸ ਨੇੜੇ ਅੰਮ੍ਰਿਤਸਰ-ਊਨਾ ਹਾਈਵੇਅ ਨੂੰ ਚਹੁੰ-ਮਾਰਗੀ ਬਣਾਉਣ ਲਈ ਰੱਖੇ ਮਜ਼ਦੂਰਾਂ ਉਤੇ ਹੋਏ ਹਮਲੇ ਦੇ ਮੱਦੇਨਜ਼ਰ ਪੰਜਾਬ ਦੇ ਡੀ.ਜੀ.ਪੀ. ਤੋਂ ਮਦਦ ਮੰਗੀ ਹੈ। ਇਹ ਹਮਲਾ ਲੰਘੇ ਹਫ਼ਤੇ ਹੋਇਆ ਹੈ ਜਿਸ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਕੀਤੇ ਜਾਣ ਦੀ ਗੱਲ ਕਹੀ ਗਈ ਹੈ।

ਐਨ.ਐਚ.ਏ.ਆਈ. ਨੇ ਇਸ ਬਾਰੇ ਡੀ.ਜੀ.ਪੀ. ਅਤੇ ਮੁੱਖ ਸਕੱਤਰ ਨੂੰ ਪੱਤਰ ਲਿਖਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਚੋਰਾਂ ਦੇ ਗਰੋਹ ਨੇ ਤਲਵਾਰਾਂ, ਪਿਸਤੌਲ ਅਤੇ ਰਾਡਾਂ ਨਾਲ ਮਜ਼ਦੂਰਾਂ ਦੀ ਬੇਰਹਿਮੀ ਨਾਲ 27 ਨਵੰਬਰ ਦੀ ਰਾਤ ਨੂੰ ਕੁੱਟਮਾਰ ਕੀਤੀ ਸੀ। ਇਸ ਵੇਲੇ ਇਹ ਮਜ਼ਦੂਰ ਅੰਮ੍ਰਿਤਸਰ ਦੇ ਗੁਰੂ ਰਾਮਦਾਸ ਹਸਪਤਾਲ ਵਿੱਚ ਇਲਾਜ ਅਧੀਨ ਹਨ। ਕੌਮੀ ਅਥਾਰਿਟੀ ਦਾ ਕਹਿਣਾ ਹੈ ਕਿ ਠੇਕੇਦਾਰਾਂ ਵੱਲੋਂ ਕੌਮੀ ਮਾਰਗਾਂ ਦੀ ਉਸਾਰੀ ਲਈ ਰੱਖੇ ਮਜ਼ਦੂਰਾਂ 'ਤੇ ਪਹਿਲਾਂ ਵੀ ਹਮਲੇ ਹੋ ਚੁੱਕੇ ਹਨ। ਅਥਾਰਿਟੀ ਨੇ ਇਸ ਤਰ੍ਹਾਂ ਦੀਆਂ ਘਟਨਾਵਾਂ ਮਾਰਚ ਅਤੇ ਅਪਰੈਲ ਵਿਚ ਹੋਣ ਦਾ ਹਵਾਲਾ ਦਿੱਤਾ ਹੈ।



ਦੱਸਣਯੋਗ ਹੈ ਕਿ ਪਹਿਲਾਂ ਜਦੋਂ ਮਜ਼ਦੂਰਾਂ 'ਤੇ ਹਮਲੇ ਹੋਏ ਸਨ ਤਾਂ ਕੇਂਦਰ ਸਰਕਾਰ ਨੇ ਉਸ ਵਕਤ ਪੰਜਾਬ ਦੀ ਅਮਨ ਕਾਨੂੰਨ ਦੀ ਵਿਵਸਥਾ ਦੇ ਮੁੱਦੇ ਨੂੰ ਉਭਾਰਿਆ ਸੀ। ਇਸ ਵੇਲੇ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੇ ਮੱਦੇਨਜ਼ਰ ਦਿੱਲੀ ਵਿਚ ਲਾਅ ਐਂਡ ਆਰਡਰ ਨੂੰ ਮੁੱਖ ਮੁੱਦੇ ਵਜੋਂ ਉਭਾਰਿਆ ਜਾ ਰਿਹਾ ਹੈ। ਐਨ.ਐਚ.ਏ.ਆਈ. ਦੇ ਖੇਤਰੀ ਅਧਿਕਾਰੀ ਵਿਪਨੇਸ਼ ਸ਼ਰਮਾ ਨੇ ਇਹ ਦੋਸ਼ ਵੀ ਲਾਏ ਹਨ ਕਿ ਉਨ੍ਹਾਂ ਵੱਲੋਂ ਅੰਮ੍ਰਿਤਸਰ ਦੇ ਅਧਿਕਾਰੀਆਂ ਤੱਕ ਪਹੁੰਚ ਬਣਾਏ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ ਹੈ।

# ਕਾਫ਼ਲੇ ਵੱਲੋਂ ਫਾਊਂਡਿੰਗ ਮੈਂਬਰ ਤੇ ਲੇਖਕ ਮੇਜਰ ਮਾਂਗਟ ਨਾ.ਲ ਵਿਸ਼ੇਸ਼ ਗੱਲਬਾਤ

ਬਰੈਂਪਟਨ: 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨਾਵਾਰ ਮੀਟਿੰਗ ਵਿਚ ਜਿੱਥੇ ਕਾਫ਼ਲੇ ਦੇ ਫਾਊਂਡਿੰਗ ਮੈਂਬਰ ਤੇ ਲੇਖਕ ਮੇਜਰ ਮਾਂਗਟ ਨਾਲ ਖੁੱਲ੍ਹੀ ਗੱਲਬਾਤ ਕੀਤੀ ਗਈ ਅਤੇ ਉਸਦੀ ਕਿਤਾਬ "ਬਲੈਕ ਆਈਸ" ਰਿਲੀਜ਼ ਕੀਤੀ ਗਈ ਓਥੇ ਹੀ ਮਨਪ੍ਰੀਤ ਸਹੋਤਾ ਵੱਲੋਂ ਥਾਮਸ ਕਿੰਗ ਦੀ ਕਹਾਣੀ ਬੌਰਦਰਸ ਦਾ ਪੰਜਾਬੀ ਅਨੁਵਾਦ, 'ਸਰਹੱਦਾਂ' ਪੇਸ਼ ਕੀਤਾ ਗਿਆ ਅਤੇ ਕੁਝ ਕਵੀਆਂ ਵੱਲੋਂ ਕਵਿਤਾਵਾਂ ਸੁਣਾਈਆਂ ਗਈਆਂ।



ਸਭ ਤੋਂ ਪਹਿਲਾਂ ਕਾਫ਼ਲੇ ਦੇ ਮੁੱਖ ਸੰਚਾਲਕ ਕੁਲਵਿੰਦਰ ਖਹਿਰਾ ਨੇ ਸਟੇਜ ਸੰਭਾਲਦਿਆਂ ਕਾਫ਼ਲੇ ਦੇ ਪ੍ਰੋਗਰਾਮ ਦੀ ਜਾਣਕਾਰੀ ਦੇਣ ਦੇ ਨਾਲ ਕਾਫ਼ਲੇ ਦੇ ਇਤਿਹਾਸ ਬਾਰੇ ਗੱਲਬਾਤ ਕੀਤੀ ਕਿ 1991 ਵਿਚ ਜਦੋਂ ਕਾਫ਼ਲਾ ਹੋਂਦ ਵਿਚ ਆਇਆ ਤਾਂ ਮੇਜਰ ਮਾਂਗਟ ਮੁੱਢਲੇ ਮੈਂਬਰਾਂ ਵਿਚੋਂ ਇੱਕ ਸਨ। 1993 ਵਿਚ ਕਾਫ਼ਲੇ ਦੀਆਂ ਮੀਟਿੰਗਾਂ ਸ਼ੁਰੂ ਹੋਈਆਂ। ਪਿਆਰਾ ਸਿੰਘ ਕੁਦੋਵਾਲ ਨੇ ਮਨਪ੍ਰੀਤ ਸਹੋਤਾ ਬਾਰੇ ਜਾਣਕਾਰੀ ਦੇਂਦਿਆ ਦੱਸਿਆ ਕਿ ਉਹ 88.9 ਰੇਡੀਓ ਤੋਂ ਰੌਸ਼ਨੀ ਨਾਂ ਦਾ ਇੱਕ ਵਿਲੱਖਣ ਪ੍ਰੋਗਰਾਮ ਪੇਸ਼ ਕਰਦੇ ਹਨ, ਇੰਗਲਿਸ਼ ਲਿਟਰੇਚਰ ਵਿੱਚ ਐਮ.ਏ. ਹਨ ਅਤੇ ਇਸ ਸਮੇਂ ਇੱਕ ਕਾਲਜ ਵਿਚ ਪੜ੍ਹਾ ਰਹੇ ਹਨ।



ਮਨਪ੍ਰੀਤ ਸਹੋਤਾ ਵੱਲੋਂ ਪੇਸ਼ ਕੀਤੀ ਗਈ ਕਹਾਣੀ ਕੈਨੇਡਾ/ਅਮਰੀਕਾ ਦੇ ਆਦਿਵਾਸੀ ਲੋਕਾਂ ਦੀ ਸਵੈ-ਪਛਾਣ ਦੀ ਰਾਖੀ ਲਈ ਕੈਨੇਡਾ/ਅਮਰੀਕਾ ਦੀਆਂ ਸਰਕਾਰਾਂ ਖ਼ਿਲਾਫ਼ ਕੀਤੀ ਜਾ ਰਹੀ ਜੱਦੋ-ਜਹਿਦ ਦੀ ਕਹਾਣੀ ਹੈ ਜਿਸ ਵਿੱਚ ਏਥੋਂ ਦਾ ਸਿਸਟਮ ਉਨ੍ਹਾਂ ਨੂੰ "ਕੈਨੇਡੀਅਨ" ਜਾਂ "ਅਮੈਰਿਕਨ" ਦੀ ਪਰਿਭਾਸ਼ਾ ਵਿਚ ਅੰਕਿਤ ਕਰਨਾ ਚਾਹੁੰਦਾ ਹੈ ਪਰ ਇੱਕ ਆਦਿਵਾਸੀ ਮਾਂ ਅਤੇ ਉਸਦਾ ਬੱਚਾ ਆਪਣੀ ਪਛਾਣ ਆਪਣੇ ਕਬੀਲੇ 'ਬਲੈਕਫੁੱਟ' ਵਜੋਂ ਕਰਵਾਉਣ ਲਈ ਬਜ਼ਿੱਦ ਹਨ। ਮਨਪ੍ਰੀਤ ਵੱਲੋਂ ਕੀਤੇ ਗਏ ਉੱਤਮ ਅਨੁਵਾਦ ਅਤੇ ਖ਼ੂਬਸੂਰਤ ਪੇਸ਼ਕਾਰੀ ਦੀ ਸਭਨਾਂ ਵੱਲੋਂ ਪ੍ਰਸ਼ੰਸਾ ਕੀਤੀ ਗਈ। ਕੁਲਵਿੰਦਰ ਖਹਿਰਾ ਨੇ ਕਿਹਾ ਕਿ ਅਕਸਰ ਇਹ ਸਮਝਿਆ ਜਾਂਦਾ ਹੈ ਕਿ ਜਦੋਂ ਸਾਹਿਤ ਦਾ ਅਨੁਵਾਦ ਹੁੰਦਾ ਹੈ ਤਾਂ ਕਈ ਵਾਰ ਮੂਲ ਲਿਖਤ ਵਾਲੀ ਰੋਚਿਕਤਾ ਗੁੰਮ ਹੋ ਜਾਂਦੀ ਹੈ ਪਰ ਜਿਵੇਂ ਮਨਪ੍ਰੀਤ ਨੇ ਕਹਾਣੀ ਪੇਸ਼ ਕੀਤੀ ਹੈ ਉਸਤੋਂ ਇਹ ਅਨੁਵਾਦ ਨਾ ਹੋ ਕੇ ਮੂਲ ਰਚਨਾ ਹੀ ਜਾਪਦੀ ਹੈ, ਜੋ ਮਨਪ੍ਰੀਤ ਦੀ ਪ੍ਰਾਪਤੀ ਹੈ। ਜਰਨੈਲ ਸਿੰਘ ਕਹਾਣੀਕਾਰ ਨੇ ਕਿਹਾ ਕਿ ਇਸ ਅਨੁਵਾਦ 'ਚੋਂ ਮਨਪ੍ਰੀਤ ਦੀ ਦੋਵਾਂ ਭਾਸ਼ਾਵਾਂ 'ਤੇ ਪਕੜ ਦੀ ਗਵਾਹੀ ਮਿਲਦੀ ਹੈ।



ਮੇਜਰ ਮਾਂਗਟ ਨੇ ਆਪਣੀ ਗੱਲਬਾਤ ਸ਼ੁਰੂ ਕਰਦਿਆਂ ਦੱਸਿਆ ਕਿ ਉਹ ਇਕੱਲੀਆਂ ਕਹਾਣੀਆਂ ਹੀ ਨਹੀਂ ਲਿਖਦਾ, ਉਸਨੇ ਨਾਵਲ, ਵਾਰਤਿਕ, ਸਫ਼ਰਨਾਮੇ, ਕਵਿਤਾ, ਗੀਤ ਤੇ ਫਿਲਮਾਂ ਦੇ ਸਕ੍ਰਿਪਟ ਵੀ ਲਿਖੇ ਹਨ। ਉਸਨੇ ਕਿਹਾ ਕਿ. "ਮੈਂ ਛੇਵੀਂ, ਸੱਤਵੀਂ ਕਲਾਸ ਤੱਕ ਕਵਿਤਾ ਤੇ ਗੀਤ ਲਿਖਣ ਲੱਗ ਪਿਆ ਸੀ।" ਉਸਨੇ ਆਪਣੇ ਕਾਲਜ ਸਮੇਂ ਦੇ ਲੇਖਕਾਂ ਤੇ ਅਧਿਆਪਕਾਂ ਦੇ ਪ੍ਰਭਾਵ ਦਾ ਵਰਣਨ ਕੀਤਾ ਜਿਨ੍ਹਾਂ ਵਿਚ ਗੁਰਦਿਆਲ ਦਲਾਲ, ਹਮਦਰਦ ਨੌਸ਼ਹਿਰਵੀ ਆਦਿ ਦੇ ਨਾਂ ਸ਼ਾਮਲ ਹਨ। ਕੁਲਵੰਤ ਨੀਲੋਂ ਨਾਲ ਮਿਲ ਉਸ ਨੇ ਸਾਹਿਤਕ ਸਭਾ ਵੀ ਬਣਾਈ। ਨਾਨਕ ਸਿੰਘ ਦੇ ਨਾਵਲ "ਚਿੱਟਾ ਲਹੂ" ਤੇ ਸੰਤੋਖ ਸਿੰਘ ਧੀਰ ਦੀ ਕਹਾਣੀ ਨੇ ਉਸਨੂੰ ਪ੍ਰਭਾਵਿਤ ਕੀਤਾ। ਉਸਨੇ ਆਪਣੀ ਪਹਿਲੀ ਕਹਾਣੀ "ਸੁਨਹਿਰੀ ਸੂਈ" ਦਾ ਜ਼ਿਕਰ ਵੀ ਕੀਤਾ। 1990 ਵਿਚ ਕੈਨੇਡਾ ਆ ਕੇ ਉਸਨੇ ਆਪਣਾ ਸਾਹਿਤਕ ਸਫ਼ਰ ਨਿਰੰਤਰ ਚਾਲੂ ਰੱਖਿਆ। ਆਪਣੇ ਸਹਿਯੋਗੀਆਂ (ਜਰਨੈਲ ਸਿੰਘ ਕਹਾਣੀਕਾਰ, ਓਂਕਾਰਪ੍ਰੀਤ, ਬਲਤੇਜ ਪੰਨੂੰ, ਸੁਰਜੀਤ ਫਲੋਰਾ, ਕੁਲਵਿੰਦਰ ਖਹਿਰਾ) ਨਾਲ ਮਿਲ ਕੇ ਪੰਜਾਬੀ ਕਲਮਾਂ ਦਾ ਕਾਫ਼ਲਾ ਦੀ ਸਥਾਪਨਾ ਕਰਨ ਦੇ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਾਹਿਤਕ ਗਤੀਵਿਧੀਆਂ ਵਿਚ ਸਰਗਰਮ ਰਿਹਾ। ਪ੍ਰੋਗਰਾਮ ਦੇ ਦੌਰਾਨ ਉਸਦੀ ਕਿਤਾਬ "ਬਲੈਕ ਆਈਸ" ਰਿਲੀਜ਼ ਕੀਤੀ ਗਈ।

ਜਰਨੈਲ ਸਿੰਘ ਕਹਾਣੀਕਾਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਮੇਜਰ ਮਾਂਗਟ ਬਾਰੇ ਗੱਲ ਕਰਦਿਆਂ ਕਿਹਾ ਕਿ ਕੈਨੇਡੀਅਨ ਪੰਜਾਬੀ ਸਾਹਿਤ ਬੀ ਸੀ ਤੋਂ ਸ਼ੁਰੂ ਹੋਇਆ ਸੀ। ਓਂਟਾਰੀਓ ਵਿਚ ਕਵਿਤਾ ਸਾਡੇ ਤੋਂ ਪਹਿਲਾਂ ਲਿਖੀ ਜਾ ਰਹੀ ਸੀ ਪਰ ਪ੍ਰਵਾਸੀ ਜੀਵਨ ਨਾਲ ਜੁੜੀ ਕਹਾਣੀ ਲਿਖਣ ਦਾ ਸਫ਼ਰ ਮੇਜਰ ਮਾਂਗਟ ਤੋਂ ਸ਼ੁਰੂ ਹੋਇਆ।

ਕਵੀ ਦਰਬਾਰ ਦੌਰਾਨ ਗੁਰਦੇਵ ਚੌਹਾਨ, ਗਿਆਨ ਸਿੰਘ ਦਰਦੀ, ਹਰਦਿਆਲ ਸਿੰਘ ਝੀਤਾ, ਪਿਆਰਾ ਸਿੰਘ ਕੁੱਦੋਵਾਲ, ਮਲਵਿੰਦਰ ਸਿੰਘ ਤੇ ਕੁਲਵਿੰਦਰ ਖਹਿਰਾ ਨੇ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ, ਸੁਧੀਰ ਘਈ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਮੇਜਰ ਮਾਂਗਟ ਦੀ ਸੁਪਤਨੀ ਰਸ਼ਪਿੰਦਰ ਮਾਂਗਟ, ਬੇਟੀਆਂ ਕਰਮਨ ਮਾਂਗਟ, ਬਿਸਮਨ ਮਾਂਗਟ ਤੇ ਹੋਰ ਲੇਖਕਾਂ ਤੇ ਸਰੋਤਿਆਂ, ਜਿਨ੍ਹਾਂ ਵਿਚ ਹਰਜਿੰਦਰ ਸਿੱਧੂ, ਸੁੱਚਾ ਸਿੰਘ ਮਾਂਗਟ, ਅੰਮ੍ਰਿਤ ਪ੍ਰਕਾਸ਼ ਸਿੰਘ ਢਿੱਲੋਂ, ਸ਼ਮਸ਼ੇਰ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਗੁਰਜਿੰਦਰ ਸਿੰਘ ਸੰਘੇੜਾ, ਪਾਰਸਵਿੰਦਰ ਸਿੰਘ ਸਿੱਧੂ, ਬਲਜੀਤ ਕੌਰ ਧਾਲੀਵਾਲ, ਗੁਰਪਿੰਦਰ ਧਾਲੀਵਾਲ, ਮਨਜੀਤ ਕੌਰ, ਕਮਲਪ੍ਰੀਤ ਕੌਰ, ਹਰਪਾਲ ਸਿੰਘ, ਗੁਰਬਖ਼ਸ਼ ਕੌਰ, ਲਾਲ ਸਿੰਘ ਬੈਂਸ, ਪ੍ਰਿੰਸੀਪਲ, ਜਸਦੀਪ, ਹੀਰਾ ਲਾਲ ਅਗਨੀਹੋਤਰੀ, ਹਰਦੀਪ ਸਿੰਘ ਤੇ ਸੁਰਜੀਤ ਸਿੰਘ ਨੇ ਹਾਜ਼ਰੀ ਲਵਾਈ।

ਅਖੀਰ 'ਤੇ ਕਾਫ਼ਲੇ ਦੀ ਸੰਚਾਲਕ ਰਛਪਾਲ ਕੌਰ ਗਿੱਲ ਨੇ ਸਭ ਦਾ ਧੰਨਵਾਦ ਕਰਦਿਆਂ ਮੀਟਿੰਗ ਦੀ ਸਮਾਪਤੀ ਕੀਤੀ।

# ਲਖ ਖੁਸੀਆਂ ਪਾਤਿਸਾਹੀਆਂ ਜੇ ਸਤਿਗੁਰੁ ਨਦਰਿ ਕਰੇਇ॥

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਅਤੇ ਭੈਣ ਜੀ ਜਸਪ੍ਰੀਤ ਦੇ ਸਪੁੱਤਰ ਅਤੇ ਪੰਜਾਬ ਟਾਈਮਜ਼ ਦੇ ਪ੍ਰੈਜ਼ੀਡੈਂਟ ਸ. ਮਨਦੀਪ ਸਿੰਘ ਜੰਮੂ ਅਤੇ ਨੂੰਹ ਸੰਦੀਪ ਕੌਰ ਜੰਮੂ ਦੇ ਘਰ ਪਰਮਾਤਮਾ ਦੀ ਮਿਹਰ ਸਦਕਾ ਪੁੱਤਰ 'ਕਿਆਨ ਸਿੰਘ' ਦਾ ਜਨਮ ਹੋਇਆ ਹੈ। ਸਾਡੀ ਸਾਰੀ ਟੀਮ ਵਲੋਂ ਜੰਮੂ ਪਰਿਵਾਰ, ਪੰਜਾਬ ਟਾਈਮਜ਼ ਦੇ ਸਟਾਫ਼ ਅਤੇ ਸਮੂਹ ਪਾਠਕਾਂ ਨੂੰ ਪੁੱਤਰ ਦੀ ਆਮਦ ’ਤੇ ਮੁਬਾਰਕਬਾਦ! ਵਾਹਿਗੁਰੂ ਬੇਟੇ ਦੇ ਸਿਰ ’ਤੇ ਮਿਹਰ ਭਰਿਆ ਹੱਥ ਰੱਖੇ, ਚੰਗੀ ਸਿਹਤ ਅਤੇ ਸਿੱਖਿਆ ਬਖਸ਼ੇ, ਚੰਗਾ ਇਨਸਾਨ ਬਣਾਵੇ ਅਤੇ ਮਾਂ ਬੋਲੀ ਪੰਜਾਬੀ ਦੀ ਰੱਖਿਆ ਦਾ ਬਲ ਬਖ਼ਸ਼ੇ!

## ਵਧਾਈਆਂ!

## ਵਧਾਈਆਂ!



ਕਿਆਨ ਸਿੰਘ ਅਤੇ ਮਿਹਰ ਕੌਰ

## ਵਧਾਈਆਂ!

## ਵਧਾਈਆਂ!

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ | ਰਾਜਿੰਦਰ ਸਿੰਘ ਬੈਂਸ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਬਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਕੈਨੇਡਾ ਜਾਣ ਦੇ ਚਾਹਵਾਨਾਂ ਨੂੰ ਇਕ ਹੋਰ ਝਟਕਾ

**ਬਰੈਂਪਟਨ:** ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਇਮੀਗ੍ਰੇਸ਼ਨ ਸਮੇਤ ਇਥੇ ਪਹੁੰਚਣ ਦੇ ਸਾਰੇ ਚਾਹਵਾਨਾਂ ਲਈ ਪਹਿਲੀ ਦਸੰਬਰ ਤੋਂ ਫੀਸਾਂ ਵਿਚ ਭਾਰੀ ਵਾਧਾ ਕਰ ਦਿਤਾ ਹੈ। ਇਸ ਫੈਸਲੇ ਨਾਲ ਪੰਜਾਬੀਆਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਉਨ੍ਹਾਂ ਦਾ ਵਿਦੇਸ਼ 'ਚ ਪੜ੍ਹਾਈ ਕਰਨ ਤੇ ਰਹਿਣ ਦਾ ਸੁਪਨਾ ਟੁੱਟ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਐਪਲੀਕੇਸ਼ਨ ਫੀਸਾਂ ਵਧਣ ਕਾਰਨ ਪ੍ਰੋਸੈਸਿੰਗ ਫੀਸਾਂ ਵੀ ਦੁੱਗਣੀਆਂ ਹੋ ਸਕਦੀਆਂ ਹਨ। ਜਿਹੜੀਆਂ ਐਪਲੀਕੇਸਨ ਫੀਸਾਂ ਵਿਚ ਕੈਨੇਡਾ ਸਰਕਾਰ ਨੇ ਵਾਧੇ ਦਾ ਐਲਾਨ ਕੀਤਾ ਹੈ, ਉਨ੍ਹਾਂ ਵਿਚ ਵਿਦਿਆਰਥੀ, ਵਿਜ਼ਿਟਰ ਵੀਜ਼ਾ, ਟੈਂਪਰੇਰੀ ਰਿਹਾਇਸ਼, ਨਵੇਂ ਸਟੱਡੀ ਪਰਮਿਟ, ਵਰਕ ਪਰਮਿਟ ਆਦਿ ਵਰਗ ਆਉਂਦੇ ਹਨ।

ਉਂਜ ਇਹ ਕੋਈ ਗਾਰੰਟੀ ਨਹੀਂ ਕਿ ਇਨ੍ਹਾਂ ਵਰਗਾਂ ਨੂੰ ਵੀਜ਼ਾ ਮਿਲ ਵੀ ਸਕਦਾ ਹੈ। ਕੈਨੇਡਾ 'ਚ ਵਿਜ਼ਿਟਰ ਵੀਜ਼ੇ 'ਤੇ ਪਹੁੰਚਣ ਵਾਲੇ ਕਰਮੀ ਪਹਿਲਾਂ ਐਲ.ਐਮ.ਆਈ.ਏ. ਪਰਮਿਟ ਲੈ ਕੇ ਪੱਕੇ ਹੋ ਜਾਂਦੇ ਸਨ ਪਰ ਹੁਣ ਇਸ ਸ਼੍ਰੇਣੀ ਵਿਚ ਉਹ ਪਰਮਿਟ ਨਹੀਂ ਲੈ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀ ਵਰਕ ਪਰਮਿਟ ਲੈ ਕੇ ਆਪਣੇ ਪੱਕੇ ਹੋਣ ਦੇ ਸਕੋਰ ਵਿਚ 55 ਅੰਕਾਂ ਦਾ ਵਾਧਾ ਕਰ ਲੈਂਦੇ ਸਨ ਪਰ ਸਰਕਾਰ ਨੇ ਇਹ ਵੀ ਬੰਦ ਕਰ ਦਿੱਤੇ ਹਨ। ਪਰਮਿਟ ਦੀ ਮਾਰਕਿਟ ਕੀਮਤ 40 ਹਜ਼ਾਰ ਡਾਲਰ ਤੱਕ ਹੈ। ਕਰੀਬ ਢਾਈ ਲੱਖ ਵਿਦਿਆਰਥੀਆਂ 'ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬੀਆਂ ਵੱਲੋਂ ਫੀਸਾਂ 'ਚ ਵਾਧੇ ਦੇ ਪਹਿਲੇ ਹੀ ਦਿਨ ਸਿਆਸੀ ਪਨਾਹ ਲਈ 14 ਹਜ਼ਾਰ ਅਰਜ਼ੀਆਂ ਪੁੱਜ ਗਈਆਂ ਹਨ।

# ਜੀ.ਐਸ.ਟੀ. ਮੁਆਵਜ਼ਾ ਸੈੱਸ ਪ੍ਰਣਾਲੀ ਜਾਰੀ ਰੱਖੀ ਜਾਵੇ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਵਸਤਾਂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਮੁਆਵਜ਼ਾ ਸੈੱਸ ਪ੍ਰਣਾਲੀ ਨੂੰ ਜਾਰੀ ਰੱਖਣ ਲਈ ਵਕਾਲਤ ਕਰਦਿਆਂ 31 ਮਾਰਚ 2026 ਤੋਂ ਬਾਅਦ ਵੀ ਜੀ.ਐਸ.ਟੀ. ਮੁਆਵਜ਼ਾ ਸੈੱਸ ਪ੍ਰਣਾਲੀ ਨੂੰ ਜਾਰੀ ਰੱਖਣ ਦੀ ਸਿਫਾਰਸ਼ ਕੀਤੀ ਹੈ। ਉਨ੍ਹਾਂ ਇਹ ਸਿਫ਼ਾਰਸ਼ ਮੁਆਵਜ਼ਾ ਸੈੱਸ ਬਾਰੇ ਮੰਤਰੀਆਂ ਦੇ ਸਮੂਹ (ਜੀ.ਓ.ਐਮ.) ਦੀ ਮੀਟਿੰਗ ਦੌਰਾਨ ਕੀਤੀ। ਸ੍ਰੀ ਚੀਮਾ ਨੇ ਕਿਹਾ ਕਿ ਵਸਤਾਂ ਤੇ ਸੇਵਾਵਾਂ (ਰਾਜਾਂ ਨੂੰ ਮੁਆਵਜ਼ਾ) ਐਕਟ 2017 ਦੇ ਅਨੁਸਾਰ ਜੀ.ਐਸ.ਟੀ. ਕੌਂਸਲ ਕੋਲ ਮੁਆਵਜ਼ੇ ਦੀ ਮਿਆਦ ਨੂੰ ਪੰਜ ਸਾਲਾਂ ਤੋਂ ਅੱਗੇ ਵਧਾਉਣ ਦੀ ਸਿਫ਼ਾਰਸ਼ ਕਰਨ ਦਾ ਅਧਿਕਾਰ ਹੈ।

# ਜਾਖੜ ਨੇ 'ਕਿਸਾਨ ਤੇ ਕਿਸਾਨੀ' ਦੁਆਲੇ ਘੁਮਾਈ ਸਿਆਸਤ

**ਚੰਡੀਗੜ੍ਹ:** ਪੰਜਾਬ ਭਾਜਪਾ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਮਗਰੋਂ ਸੀਨੀਅਰ ਆਗੂ ਸੁਨੀਲ ਜਾਖੜ ਹੁਣ ਆਪਣੀ ਸਿਆਸਤ ਵਿਚ 'ਕਿਸਾਨ ਤੇ ਕਿਸਾਨੀ' ਨੂੰ ਕੇਂਦਰ ਬਿੰਦੂ 'ਚ ਰੱਖਣ ਲੱਗੇ ਹਨ। ਸੁਨੀਲ ਜਾਖੜ ਦੇ ਪਿਤਾ ਲੋਕ ਸਭਾ ਦੇ ਸਾਬਕਾ ਸਪੀਕਰ ਮਰਹੂਮ ਬਲਰਾਮ ਜਾਖੜ ਖੇਤੀ ਵਿਭਿੰਨਤਾ ਵਿਚ ਪਾਏ ਯੋਗਦਾਨ ਕਾਰਨ ਜਾਣੇ ਜਾਂਦੇ ਸਨ। ਬਲਰਾਮ ਜਾਖੜ ਨੂੰ ਅਬੋਹਰ ਤੇ ਫ਼ਾਜ਼ਿਲਕਾ ਦੇ ਖ਼ਿੱਤੇ ਵਿਚ ਕਿੰਨੂ ਅਤੇ ਅੰਗੂਰਾਂ ਦੇ ਬਾਗ਼ ਲਿਆਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਬਲਰਾਮ ਜਾਖੜ 1965 ਵਿਚ ਕਿਸਾਨ ਜਥੇਬੰਦੀ 'ਭਾਰਤੀਆ ਕ੍ਰਿਸ਼ਕ ਸਮਾਜ' ਦੇ ਮੋਹਰੀ ਸਨ। ਇਸੇ ਸਿਆਸੀ ਵਿਰਾਸਤ ਨੂੰ ਸੁਨੀਲ ਜਾਖੜ ਅੱਗੇ ਵਧਾਉਂਦੇ ਨਜ਼ਰ ਆ ਰਹੇ ਹਨ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਸੁਨੀਲ ਜਾਖੜ ਦੇ ਅਸਤੀਫ਼ੇ 'ਤੇ ਹਾਲੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ। ਹਾਲਾਂਕਿ ਸੁਨੀਲ ਜਾਖੜ ਪੰਜਾਬ ਵਿਚ ਹੋਈਆਂ ਜ਼ਿਮਨੀ ਚੋਣਾਂ ਅਤੇ ਪੰਚਾਇਤੀ ਚੋਣਾਂ ਤੋਂ ਲਾਂਭੇ ਰਹੇ ਹਨ। ਸੁਨੀਲ ਜਾਖੜ ਨੇ ਆਪਣੀ ਸਿਆਸਤ ਹੁਣ 'ਕਿਸਾਨ ਤੇ ਕਿਸਾਨੀ' ਦੇ ਦੁਆਲੇ ਬੁਣਨੀ ਸ਼ੁਰੂ ਕੀਤੀ ਹੈ। ਉਹ ਕਿਸਾਨਾਂ ਦੇ ਮੁੱਦੇ 'ਤੇ ਕੇਂਦਰ ਦੀ ਭਾਜਪਾ ਸਰਕਾਰ ਦੀ ਅਸਿੱਧੇ ਤਰੀਕੇ ਨਾਲ ਸ਼ਲਾਘਾ ਕਰ ਰਹੇ ਹਨ। ਉਨ੍ਹਾਂ 'ਐਕਸ' ਨੇ ਆਪਣੇ ਮਨ ਦੀ ਗੱਲ ਸਾਂਝੀ ਕੀਤੀ ਹੈ ਤੇ ਨਿਚੋੜ ਕੱਢਿਆ ਹੈ ਕਿ ਬਾਕੀਆਂ ਨੂੰ ਛੱਡ ਕੇ ਸਭ ਤੋਂ ਜ਼ਰੂਰੀ ਗੱਲ ਕਿਸਾਨ ਦੀ ਹੈ। ਸ੍ਰੀ ਜਾਖੜ ਨੂੰ ਇਸ ਵੇਲੇ ਬਾਕੀ ਮਸਲਿਆਂ ਨਾਲੋਂ ਕਿਸਾਨ ਦੀ ਤਕਲੀਫ਼ ਸਭ ਤੋਂ ਵੱਡੀ ਜਾਪਦੀ ਹੈ। ਇਸ ਸਬੰਧੀ ਪਹਿਲ ਉਨ੍ਹਾਂ ਉਸ ਵੇਲੇ ਕੀਤੀ ਜਦੋਂ ਉਨ੍ਹਾਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਕਿਹਾ ਕਿ ਪੰਜਾਬ ਅਤੇ ਕਿਸਾਨੀ ਲਈ ਕੁਝ ਕੀਤੇ ਬਿਨਾਂ ਸਰਨਾ ਨਹੀਂ। ਹਾਲਾਂਕਿ ਸੁਨੀਲ ਜਾਖੜ ਹੁਣ ਵਿਰੋਧੀ ਧਿਰਾਂ ਨੂੰ ਆਨੇ-ਬਹਾਨੇ ਨਿਸ਼ਾਨੇ 'ਤੇ ਲੈ ਰਹੇ ਹਨ।

# ਸ਼ਹੀਦ ਭਗਤ ਸਿੰਘ ਦੇ ਬੁੱਤ ਬਾਰੇ ਸਿਆਸਤ ਭਖੀ

**ਮੁਹਾਲੀ:** ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਲਗਾਏ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪੰਜਾਬ ਦੀ ਸਿਆਸਤ ਭਖ ਗਈ ਹੈ। ਇਸ ਮਾਮਲੇ ਉਤੇ ਭਾਜਪਾ ਅਤੇ 'ਆਪ' ਆਗੂਆਂ ਵੱਲੋਂ ਇਕ-ਦੂਜੇ 'ਤੇ ਸਿਆਸੀ ਹਮਲੇ ਕੀਤੇ ਜਾ ਰਹੇ ਹਨ। ਬੁੱਤ ਦੇ ਉਦਘਾਟਨ 'ਚ ਦੇਰੀ ਖ਼ਿਲਾਫ਼ ਭਾਜਪਾ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨੇ ਮੁਹਾਲੀ ਵਿਚ ਰੋਸ ਮਾਰਚ ਕੀਤਾ। ਭਾਜਪਾ ਆਗੂ ਅਤੇ ਵਰਕਰ ਸੈਕਟਰ-82 ਸਥਿਤ ਐਰੋਸਿਟੀ ਵਿਚ ਇਕੱਠੇ ਹੋਏ ਅਤੇ ਇੱਥੋਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਲਈ ਮਾਰਚ ਕਰਦੇ ਹੋਏ ਹਵਾਈ ਅੱਡੇ ਵੱਲ ਚੱਲ ਪਏ ਪਰ ਮੁਹਾਲੀ ਪੁਲਿਸ ਨੇ ਬੈਰੀਕੇਡਿੰਗ ਕਰ ਕੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਪੁਲਿਸ ਨਾਲ ਭਾਜਪਾ ਵਰਕਰਾਂ ਦੀ ਖਿੱਚ-ਧੂਹ ਵੀ ਹੋਈ।

ਇਸ ਦੇ ਮੱਦੇਨਜ਼ਰ ਪੁਲਿਸ ਨੇ ਹਵਾਈ ਅੱਡੇ ਨੇੜੇ ਚੌਕਸੀ ਵਧਾ ਦਿੱਤੀ ਹੈ। ਇਸ ਮੌਕੇ ਭਾਜਪਾ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਕੋਲ ਹਵਾਈ ਅੱਡੇ 'ਤੇ ਸਥਾਪਿਤ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਪਰਦਾ ਚੁੱਕਣ ਦਾ ਸਮਾਂ ਨਹੀਂ ਹੈ। ਇਸ ਕਰ ਭਾਜਪਾ ਨੂੰ ਖ਼ੁਦ ਹੀ ਬੁੱਤ ਤੋਂ ਪਰਦਾ ਚੁੱਕਣਾ ਪਵੇਗਾ।

# ਕੁਵੈਤ ਦੇ ਹਵਾਈ ਅੱਡੇ 'ਤੇ 20 ਘੰਟੇ ਤੱਕ ਫਸੇ ਰਹੇ ਭਾਰਤੀ ਯਾਤਰੀ

**ਕੁਵੈਤ ਸਿਟੀ:** ਮੈਨਚੈਸਟਰ ਜਾਣ ਵਾਲੀ 'ਗਲਫ ਏਅਰ' ਦੀ ਉਡਾਣ ਦੇ ਕਈ ਭਾਰਤੀ ਯਾਤਰੀ ਕੁਵੈਤ ਹਵਾਈ ਅੱਡੇ ਉਤੇ ਤਕਰੀਬਨ 20 ਘੰਟੇ ਤੱਕ ਫਸੇ ਰਹਿਣ ਮਗਰੋਂ ਆਪਣੀ ਮੰਜ਼ਿਲ ਵੱਲ ਰਵਾਨਾ ਹੋਏ। ਬਹਿਰੀਨ ਤੋਂ ਮੈਨਚੈਸਟਰ ਜਾਣ ਵਾਲੀ ਉਡਾਣ ਨੂੰ ਤਕਨੀਕੀ ਖਰਾਬੀ ਕਾਰਨ ਕੁਵੈਤ ਵੱਲ ਮੋੜ ਦਿੱਤਾ ਗਿਆ ਸੀ।ਖ਼ਬਰ ਅਨੁਸਾਰ 'ਗਲਫ ਏਅਰ ਜੀਐਫ5' ਨੇ 1 ਦਸੰਬਰ ਨੂੰ ਸਥਾਨਕ ਸਮੇਂ ਅਨੁਸਾਰ ਦੇਰ ਰਾਤ 2:05 ਵਜੇ ਬਹਿਰੀਨ ਤੋਂ ਉਡਾਣ ਭਰੀ ਪਰ ਜਹਾਜ਼ 'ਚ ਕੁਝ ਤਕਨੀਕੀ ਖਰਾਬੀ ਆਉਣ ਕਾਰਨ ਉਸ ਨੂੰ ਸਵੇਰੇ 4:01 ਵਜੇ ਕੁਵੈਤ 'ਚ ਉਤਾਰਨਾ ਪਿਆ। ਸੋਸ਼ਲ ਮੀਡੀਆ 'ਤੇ ਪਾਈ ਗਈ ਇਕ ਪੋਸਟ ਅਨੁਸਾਰ ਕਈ ਯਾਤਰੀਆਂ ਨੇ ਸ਼ਿਕਾਇਤ ਕੀਤੀ ਕਿ ਉਹ ਘੰਟਿਆਂ ਤੱਕ ਹਵਾਈ ਅੱਡੇ 'ਤੇ ਫਸੇ ਰਹੇ ਜਿਸ ਮਗਰੋਂ ਕੁਵੈਤ 'ਚ ਭਾਰਤੀ ਦੂਤਾਵਾਸ ਨੇ ਗਲਫ ਏਅਰ ਦੇ ਅਧਿਕਾਰੀਆਂ ਸਾਹਮਣੇ ਮਸਲਾ ਉਠਾਇਆ।

# ਸਿੰਘ ਸਾਹਿਬਾਨ ਦੇ ਫੈਸਲੇ ਨੇ ਅਕਾਲੀ ਸਿਆਸਤ ਦਾ ਪਿੜ ਬੰਨ੍ਹਿਆ

*(ਪਹਿਲੇ ਸਫੇ ਦੀ ਬਾਕੀ)*

ਦਿੱਤਾ ਗਿਆ ਹੈ। ਉਸ ਤੋਂ ਇਲਾਵਾ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਅਤੇ ਇਕ ਫੈਡਰੇਸ਼ਨ ਆਗੂ ਨੂੰ ਜਥੇਦਾਰਾਂ ਖ਼ਿਲਾਫ਼ ਬਿਆਨਬਾਜ਼ੀ ਬੰਦ ਕਰਨ ਦੀ ਤਾੜਨਾ ਕੀਤੀ ਗਈ ਹੈ। ਅਕਾਲ ਤਖ਼ਤ ਦੀ ਫਸੀਲ 'ਤੇ ਲਗਭਗ ਢਾਈ ਘੰਟੇ ਚੱਲੀ ਇਸ ਕਾਰਵਾਈ ਦੌਰਾਨ ਸੁਖਬੀਰ ਸਿੰਘ ਬਾਦਲ ਸਮੇਤ 2007 ਤੋਂ ਲੈ ਕੇ 2017 ਤੱਕ ਦੀ ਅਕਾਲੀ ਸਰਕਾਰ ਦੀ ਕੈਬਨਿਟ ਵਿਚ ਸ਼ਾਮਲ 17 ਸਾਬਕਾ ਅਕਾਲੀ ਮੰਤਰੀ, ਸ਼੍ਰੋਮਣੀ ਅਕਾਲੀ ਦਲ ਦੀ ਤਤਕਾਲੀ ਕੋਰ ਕਮੇਟੀ ਦੇ ਮੈਂਬਰ ਅਤੇ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਹਾਜ਼ਰ ਸਨ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਤਨਖਾਹ ਦਾ ਐਲਾਨ ਕਰਦਿਆਂ ਸਭ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਤੇ ਉਸ ਸਮੇਤ ਛੇ ਹੋਰ ਅਕਾਲੀ ਆਗੂਆਂ ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਡਾਕਟਰ ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ ਅਤੇ ਬਲਵਿੰਦਰ ਸਿੰਘ ਭੂੰਦੜ ਖ਼ਿਲਾਫ਼ ਧਾਰਮਿਕ ਸਜ਼ਾ ਸੁਣਾਈ। ਉਨ੍ਹਾਂ ਆਦੇਸ਼ ਦਿੱਤਾ ਕਿ ਇਹ ਸਾਰੇ ਅਕਾਲੀ ਆਗੂ ਸ੍ਰੀ ਹਰਿਮੰਦਰ ਸਾਹਿਬ ਦੇ ਪਖਾਨਿਆਂ ਵਿਚ 12 ਤੋਂ ਇਕ ਵਜੇ ਤੱਕ ਇਕ ਘੰਟੇ ਸਫਾਈ ਦੀ ਸੇਵਾ ਕਰਨਗੇ। ਆਪਣੀ ਇਸ ਸੇਵਾ ਦੌਰਾਨ ਉਹ ਆਪਣੇ ਗਲ ਵਿਚ ਤਖਤੀਆਂ ਪਾ ਕੇ ਰੱਖਣਗੇ। ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਵਿਖੇ ਘੰਟਾ ਘਰ ਦੇ ਬਾਹਰ ਸੇਵਾਦਾਰ ਦੀ ਵਰਦੀ ਪਾ ਕੇ ਅਤੇ ਹੱਥ ਵਿਚ ਬਰਛਾ ਫੜ ਕੇ ਸੇਵਾ ਕਰਨ ਦਾ ਆਦੇਸ਼ ਦਿੱਤਾ ਗਿਆ। ਉਪਰੰਤ ਇਸ਼ਨਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿਚ ਇਕ ਘੰਟਾ ਸੰਗਤ ਦੇ ਜੂਠੇ ਬਰਤਨ ਸਾਫ ਕਰਨ, ਇਕ ਘੰਟਾ ਕੀਰਤਨ ਸਰਵਣ ਕਰਨ ਅਤੇ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨ ਦੇ ਆਦੇਸ਼ ਦਿੱਤੇ ਗਏ ਹਨ।

# ਬਾਦਲ ਦਾ ਫ਼ਖ਼ਰ-ਏ-ਕੌਮ ਖਿਤਾਬ ਵਾਪਸ ਲਿਆ

*(ਪਹਿਲੇ ਸਫੇ ਦੀ ਬਾਕੀ)*

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸਾਬਕਾ ਜਥੇਦਾਰਾਂ ਨੂੰ ਆਪਣੇ ਘਰ ਬੁਲਾਉਣਾ ਕਬੂਲ ਕੀਤਾ ਹੈ।

ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਗਈਆਂ ਸਹੂਲਤਾਂ, ਜਿਨ੍ਹਾਂ ਵਿਚ ਗੱਡੀਆਂ, ਮੁਲਾਜ਼ਮ ਤੇ ਹੋਰ ਸ਼ਾਮਲ ਹਨ, ਵਾਪਸ ਲੈ ਲਈਆਂ ਜਾਣ। ਇਸੇ ਤਰ੍ਹਾਂ ਸਾਬਕਾ ਜਥੇਦਾਰ ਅਤੇ ਅਕਾਲ ਤਖ਼ਤ ਦੇ ਮੌਜੂਦਾ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਦੀ ਤੁਰਤ ਬਦਲੀ ਅੰਮ੍ਰਿਤਸਰ ਤੋਂ ਬਾਹਰ ਕਰਨ ਦੇ ਆਦੇਸ਼ ਦਿੱਤੇ ਗਏ ਹਨ ਅਤੇ ਹੋਰ ਕਿਸੇ ਤਖ਼ਤ ਸਾਹਿਬ 'ਤੇ ਨਾ ਲਗਾਉਣ ਲਈ ਕਿਹਾ ਹੈ। ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ ਕਰਨ ਦੇ ਫ਼ੈਸਲੇ ਨੂੰ ਸਹੀ ਠਹਿਰਾਉਣ ਵਾਸਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼੍ਰੋਮਣੀ ਕਮੇਟੀ ਰਾਹੀਂ 90 ਲੱਖ ਰੁਪਏ ਤੋਂ ਵੱਧ ਦੇ ਇਸ਼ਤਿਹਾਰ ਅਖਬਾਰਾਂ ਵਿਚ ਦਿੱਤੇ ਗਏ ਸਨ।

ਸ਼੍ਰੋਮਣੀ ਕਮੇਟੀ ਦੀ ਗੋਲਕ ਵਿਚੋਂ ਵਰਤੀ ਗਈ ਰਕਮ ਦੀ ਭਰਪਾਈ ਵਾਸਤੇ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ ਅਤੇ ਦਲਜੀਤ ਸਿੰਘ ਚੀਮਾ ਪਾਸੋਂ ਇਹ ਰਕਮ ਵਿਆਜ ਸਮੇਤ ਵਸੂਲੀ ਜਾਵੇ।

# ਭਾਗਵਤ ਦਾ ਆਬਾਦੀ ਬਾਰੇ ਬਿਆਨ ਭਾਜਪਾ ਨੇ ਸਲਾਹਿਆ

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਵੱਲੋਂ ਭਾਰਤ ਵਿਚ ਘਟ ਰਹੀ ਜਣਨ ਦਰ 'ਤੇ ਚਿੰਤਾ ਜ਼ਾਹਿਰ ਕੀਤੇ ਜਾਣ ਤੋਂ ਬਾਅਦ ਜਿੱਥੇ ਭਾਜਪਾ ਆਗੂਆਂ ਨੇ ਉਨ੍ਹਾਂ ਦੇ ਬਿਆਨ ਦਾ ਸਵਾਗਤ ਕੀਤਾ, ਉੱਥੇ ਹੀ ਵਿਰੋਧੀ ਧਿਰ ਨੇ ਸਵਾਲ ਕੀਤਾ ਕਿ ਜੇਕਰ ਆਬਾਦੀ ਵਧਦੀ ਹੈ ਤਾਂ ਉਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਰੋਤ ਕਿੱਥੋਂ ਆਉਣਗੇ।

ਉਨ੍ਹਾਂ ਕਿਹਾ, "ਅਨਾਜ ਦੀਆਂ ਕੀਮਤਾਂ ਅਸਮਾਨੀ ਚੜ੍ਹੀਆਂ ਹੋਈਆਂ ਹਨ ਅਤੇ ਸਰਕਾਰ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿਚ ਅਸਫ਼ਲ ਰਹੀ ਹੈ।"


ਮੋਹਨ ਭਾਗਵਤ ਦੇ ਬਿਆਨ ਬਾਰੇ ਗੱਲ ਕਰਨ ਉਤੇ ਭਾਜਪਾ ਆਗੂ ਮਨੋਜ ਤਿਵਾੜੀ ਨੇ ਕਿਹਾ ਕਿ ਉਹ ਕੌਮੀ ਹਿੱਤ ਵਿਚ ਹਨ। ਤਿਵਾੜੀ ਨੇ ਸੰਸਦ ਦੇ ਬਾਹਰ ਗੱਲਬਾਤ ਦੌਰਾਨ ਕਿਹਾ, "ਆਰ.ਐਸ.ਐਸ. ਇਕ ਦੇਸ਼ ਭਗਤ ਸੰਸਥਾ ਹੈ। ਜੇ ਮੋਹਨ ਭਾਗਵਤ ਜੀ ਨੇ ਕੁਝ ਕਿਹਾ ਹੈ ਤਾਂ ਇਹ ਜ਼ਰੂਰ ਕੌਮੀ ਹਿੱਤ ਵਿਚ ਹੋਵੇਗਾ, ਇਸ ਵਾਸਤੇ ਇਸ ਦਾ ਸਕਾਰਾਤਮਕ ਢੰਗ ਨਾਲ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।"

ਮੇਰਠ ਤੋਂ ਭਾਜਪਾ ਦੇ ਸੰਸਦ ਮੈਂਬਰ ਅਰੁਨ ਗੋਵਿਲ ਨੇ ਵੀ ਇਹੀ ਸ਼ਬਦ ਕਹੇ। ਉਨ੍ਹਾਂ ਕਿਹਾ, "ਉਨ੍ਹਾਂ ਦੇ ਵਿਚਾਰ ਕੌਮੀ ਹਿੱਤ ਵਿੱਚ ਹਨ। ਉਹ ਇਕ ਸਿਆਣੇ ਵਿਅਕਤੀ ਹਨ, ਜੇ ਉਨ੍ਹਾਂ ਨੇ ਇਹ ਬਿਆਨ ਦਿੱਤਾ ਹੈ ਤਾਂ ਇਹ ਦੇਸ਼ ਦੇ ਹਿੱਤ ਵਿੱਚ ਹੈ ਅਤੇ ਇਹ ਠੀਕ ਹੀ ਹੋਵੇਗਾ।" ਹਾਲਾਂਕਿ, ਵਿਰੋਧੀ ਧਿਰ ਦੇ ਆਗੂਆਂ ਨੇ ਭਾਗਵਤ ਦੀ ਟਿੱਪਣੀ ਨੂੰ ਲੈ ਕੇ ਸਵਾਲ ਉਠਾਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕਤਲੇਆਮ 84: ਸੱਜਣ ਕੁਮਾਰ ਖਿਲਾਫ ਫੈਸਲਾ ਟਲਿਆ



**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਬਾਰੇ 16 ਦਸੰਬਰ ਨੂੰ ਫੈਸਲਾ ਸੁਣਾਏਗੀ। ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿਚ ਦੋ ਸਿੱਖਾਂ ਦੀ ਕਥਿਤ ਹੱਤਿਆ ਨਾਲ ਸਬੰਧਤ ਹੈ।

ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸ ਮਾਮਲੇ ਬਾਰੇ ਫੈਸਲਾ ਸੁਣਾਉਣਾ ਸੀ ਪਰ ਉਨ੍ਹਾਂ ਕਿਹਾ ਕਿ ਇਸ ਸਬੰਧੀ ਹੁਕਮਾਂ ਦੀ ਕਾਪੀ ਤਿਆਰ ਨਹੀਂ ਹੋ ਸਕੀ ਜਿਸ ਕਰ ਕੇ ਇਸ ਫੈਸਲੇ ਨੂੰ ਅਗਲੇ ਹੁਕਮਾਂ ਤੱਕ ਟਾਲ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਦਾਲਤ ਨੇ ਪਹਿਲੀ ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਕੇਸ ਵਿੱਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਭਾਵੇਂ ਇਸ ਮਾਮਲੇ ਵਿਚ ਪੰਜਾਬੀ ਬਾਗ ਥਾਣੇ ਦੀ ਪੁਲਿਸ ਨੇ ਪਹਿਲਾਂ ਕੇਸ ਦਰਜ ਕਰ ਲਿਆ ਸੀ ਪਰ ਬਾਅਦ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ ਵਿੱਚ ਲੈ ਲਈ ਸੀ। ਅਦਾਲਤ ਨੇ 16 ਦਸੰਬਰ 2021 ਨੂੰ ਸੱਜਣ ਕੁਮਾਰ ਵਿਰੁੱਧ ਦੋਸ਼ ਆਇਦ ਕੀਤੇ ਸਨ।

ਇਸਤਗਾਸਾ ਪੱਖ ਅਨੁਸਾਰ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਲੋਕਾਂ ਦੇ ਵੱਡੇ ਸਮੂਹ ਨੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸਿੱਖਾਂ ਦੀਆਂ ਜਾਇਦਾਦਾਂ ਦੀ ਵੱਡੇ ਪੱਧਰ 'ਤੇ ਲੁੱਟਮਾਰ ਕਰਦਿਆਂ ਅੱਗਾਂ ਲਾਈਆਂ ਸਨ ਤੇ ਸਿੱਖਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਸਨ। ਇਸਤਗਾਸਾ ਪੱਖ ਨੇ ਦੋਸ਼ ਲਾਇਆ ਕਿ ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਦੀ ਹੱਤਿਆ ਕਰਨ ਤੋਂ ਇਲਾਵਾ ਘਰ ਦਾ ਸਾਮਾਨ ਲੁੱਟ ਲਿਆ ਤੇ ਅਤੇ ਘਰ ਨੂੰ ਅੱਗ ਲਾ ਦਿੱਤੀ। ਇਸ ਕੇਸ ਵਿਚ ਸਬੂਤ ਮਿਲੇ ਸਨ ਕਿ ਸੱਜਣ ਕੁਮਾਰ ਨੇ ਹੀ ਇਸ ਹਜੂਮ ਦੀ ਅਗਵਾਈ ਕੀਤੀ ਜਿਨ੍ਹਾਂ ਸਿੱਖਾਂ ਦੇ ਘਰ ਸਾੜੇ ਤੇ ਹੱਤਿਆਵਾਂ ਕੀਤੀਆਂ।

## ਤਖਤ ਕੇਸਗੜ੍ਹ ਸਾਹਿਬ ਦੀ ਜ਼ਮੀਨ ਦੇ ਠੇਕੇ ਦੀ ਬੋਲੀ 6.16 ਕਰੋੜ 'ਚ ਹੋਈ

**ਸ੍ਰੀ ਆਨੰਦਪੁਰ ਸਾਹਿਬ:** ਤਖ਼ਤ ਕੇਸਗੜ੍ਹ ਸਾਹਿਬ ਦੇ ਆਲੇ-ਦੁਆਲੇ ਸਥਿਤ ਸ਼੍ਰੋਮਣੀ ਕਮੇਟੀ ਦੀ ਮਲਕੀਅਤ ਵਾਲੀ ਜ਼ਮੀਨ ਉਤੇ ਲੱਗਦੀਆਂ ਆਰਜ਼ੀ ਦੁਕਾਨਾਂ (ਫੜ੍ਹੀਆਂ) ਦੀ ਸਾਲ ਲਈ 6.16 ਕਰੋੜ ਰੁਪਏ ਵਿਚ ਬੋਲੀ ਹੋਈ ਹੈ। ਤਖ਼ਤ ਦੇ ਮੈਨੇਜਰ ਮਲਕੀਤ ਸਿੰਘ ਨੇ ਦੱਸਿਆ ਕਿ ਬੋਲੀ ਤਖ਼ਤ ਦੇ ਮੀਟਿੰਗ ਹਾਲ ਵਿਚ ਹੋਈ। ਸਭ ਤੋਂ ਵੱਧ ਬੋਲੀ (6.16 ਕਰੋੜ ਤੋਂ ਵੱਧ) ਬਲਵਿੰਦਰ ਸਿੰਘ ਪੁੱਤਰ ਚਰਨ ਸਿੰਘ ਪੱਟੀ ਜ਼ਿਲ੍ਹਾ ਤਰਨਤਾਰਨ ਅਤੇ ਕੰਪਨੀ ਦੇ ਨਾਂ ਹੋਈ। ਗੁਰਦੁਆਰਾ ਬਾਬਾ ਗੁਰਦਿੱਤਾ, ਕੀਰਤਪੁਰ ਸਾਹਿਬ ਅਧੀਨ ਆਉਂਦੇ ਖੇਤਰ ਦੀ ਬੋਲੀ ਗੁਰਵਿੰਦਰ ਸਿੰਘ ਵਾਸੀ ਪਿੰਡ ਬੀਕਾਪੁਰ (ਰੂਪਨਗਰ) ਦੇ ਨਾਂ 50 ਲੱਖ 60 ਹਜ਼ਾਰ ਰੁਪਏ 'ਚ ਹੋਈ ਹੈ।

## ਮੈਟਰੋ ਸਟੇਸ਼ਨ 'ਤੇ ਕਿਰਪਾਨ ਪਾ ਕੇ ਜਾਣ ਤੋਂ ਰੋਕਣ 'ਤੇ ਇਤਰਾਜ਼

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਦੇ ਝਿਲਮਿਲ ਮੈਟਰੋ ਸਟੇਸ਼ਨ 'ਤੇ ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਸਣੇ ਅੰਦਰ ਜਾਣ ਤੋਂ ਰੋਕਣ ਦੀ ਘਟਨਾ ਦਾ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ।

ਉਨ੍ਹਾਂ ਇਸ ਮਾਮਲੇ ਵਿੱਚ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਦਿੱਲੀ ਸਰਕਾਰ ਨੂੰ ਤੁਰਤ ਕਾਰਵਾਈ ਕਰਦਿਆਂ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਦੇਸ਼ ਅੰਦਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੇ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਸਰਕਾਰਾਂ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਰਹੀਆਂ। ਇਸ ਘਟਨਾ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਦਾ ਨੋਟਿਸ ਲੈਂਦਿਆਂ ਸਰਕਾਰ ਨੂੰ ਦੋਸ਼ੀ ਕਰਮਚਾਰੀ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।



## ਕੇਂਦਰ ਤੇ ਸੂਬਾ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਿਹੈ ਗੁਰਦੁਆਰਾ ਚੋਣ ਕਮਿਸ਼ਨ: ਵਡਾਲਾ

**ਮੁਕੇਰੀਆਂ:** ਸਿੱਖ ਸਦਭਾਵਨਾ ਦਲ ਅਤੇ ਸ਼ੇਰ-ਏ-ਪੰਜਾਬ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਨੇ ਕਿਹਾ ਹੈ ਕਿ ਕੇਂਦਰ ਤੇ ਸੂਬਾ ਸਰਕਾਰ ਦੇ ਦਬਾਅ ਹੇਠ ਗੁਰਦੁਆਰਾ ਚੋਣ ਕਮਿਸ਼ਨ ਸ਼੍ਰੋਮਣੀ ਕਮੇਟੀ ਚੋਣਾਂ ਲਈ ਗੰਭੀਰ ਨਹੀਂ ਹੈ, ਜਿਸ ਖ਼ਿਲਾਫ਼ ਉਨ੍ਹਾਂ ਮੁੜ ਹਾਈ ਕੋਰਟ ਦਾ ਰੁਖ਼ ਕੀਤਾ ਹੈ।



ਉਹ ਇੱਥੇ ਸਿੱਖ ਸਦਭਾਵਨਾ ਦਲ ਦੇ ਜ਼ਿਲ੍ਹਾ ਜਥੇਦਾਰ ਗੁਰਵਤਨ ਸਿੰਘ ਮੁਲਤਾਨੀ ਦੀ ਅਗਵਾਈ ਹੇਠ ਗੁਰਦੁਆਰਾ ਸੁਧਾਰ ਲਹਿਰ ਮੁਹਿੰਮ ਤਹਿਤ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਵਿਚ ਕਰਵਾਏ ਗੁਰਮਤਿ ਸਮਾਗਮ 'ਚ ਸ਼ਾਮਲ ਹੋਣ ਲਈ ਪੁੱਜੇ ਸਨ। ਭਾਈ ਵਡਾਲਾ ਨੇ ਕਿਹਾ ਕਿ ਹਾਈ ਕੋਰਟ ਨੇ 29 ਅਕਤੂਬਰ ਨੂੰ ਗੁਰਦੁਆਰਾ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਸੀ ਕਿ ਉਨ੍ਹਾਂ ਵੱਲੋਂ ਦਾਇਰ ਰਿੱਟ ਅਨੁਸਾਰ ਇਤਰਾਜ਼ ਦੂਰ ਕਰ ਕੇ ਚੋਣਾਂ ਸਮੇਂ ਸਿਰ ਕਰਾਉਣ ਲਈ ਕਾਰਵਾਈ ਕੀਤੀ ਜਾਵੇ ਪਰ ਮਹੀਨੇ ਬਾਅਦ ਵੀ ਅਦਾਲਤੀ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਅਕਤੂਬਰ 2023 ਤੋਂ 2024 ਦੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਸ਼੍ਰੋਮਣੀ ਕਮੇਟੀ ਵੋਟਾਂ ਦੀ ਸੁਧਾਈ ਦੀਆਂ ਤਰੀਕਾਂ ਲਈ ਸਮਾਂ ਦੇਣਾ ਸਰਕਾਰ ਵੱਲੋਂ ਵੋਟਾਂ ਟਾਲਣ ਦਾ ਯਤਨ ਹੈ, ਜਿਸ ਖ਼ਿਲਾਫ਼ ਸਿੱਖ ਸਦਭਾਵਨਾ ਦਲ ਨੇ ਮੁੜ ਹਾਈ ਕੋਰਟ ਦਾ ਰੁਖ਼ ਕੀਤਾ ਹੈ।

## ਪੰਜਾਬ ਵੱਲ ਨੌਜਵਾਨਾਂ ਦਾ ਉਲਟਾ ਪਰਵਾਸ ਸ਼ੁਰੂ ਹੋਇਆ: ਮਾਨ

**ਦਿੜ੍ਹਬਾ ਮੰਡੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਾਅਵਾ ਕੀਤਾ ਹੈ ਕਿ ਸੂਬਾ ਸਰਕਾਰ ਵੱਲੋਂ 50 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਨੌਕਰੀਆਂ ਦੇਣ ਦੀ ਮੁਹਿੰਮ ਜਾਰੀ ਰਹੇਗੀ ਤੇ ਕੱਚੇ ਮੁਲਾਜ਼ਮਾਂ ਨੂੰ ਵੀ ਪੱਕਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ ਪੱਖੀ ਪਹਿਲਕਦਮੀਆਂ ਸਦਕਾ ਪੰਜਾਬ ਵੱਲ ਨੌਜਵਾਨਾਂ ਦਾ ਉਲਟਾ ਪਰਵਾਸ ਦੇਖਣ ਨੂੰ ਮਿਲ ਰਿਹਾ ਹੈ ਅਤੇ ਉਹ ਸੂਬੇ ਵਿਚ ਸਰਕਾਰੀ ਨੌਕਰੀਆਂ ਲੈਣ ਲਈ ਵਿਦੇਸ਼ਾਂ ਤੋਂ ਮੁੜ ਰਹੇ ਹਨ। ਉਨ੍ਹਾਂ ਦਿੜ੍ਹਬਾ ਵਿਚ ਅਤਿ-ਆਧੁਨਿਕ ਸਬ-ਡਿਵੀਜ਼ਨਲ ਕੰਪਲੈਕਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਨੌਂ ਏਕੜ ਰਕਬੇ ਵਿਚ ਇਹ ਸਬ-ਡਿਵੀਜ਼ਨਲ ਕੰਪਲੈਕਸ 10.80 ਕਰੋੜ ਰੁਪਏ ਨਾਲ ਉਸਾਰਿਆ ਗਿਆ ਹੈ, ਜਿਸ ਵਿਚ ਸਾਰੇ ਹੀ ਸਰਕਾਰੀ ਦਫ਼ਤਰ ਛੱਤ ਹੇਠ ਆ ਗਏ ਹਨ।



ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਨਹਿਰੀ ਪਾਣੀ ਉਨ੍ਹਾਂ ਖੇਤਾਂ ਵਿਚ ਵੀ ਪੁੱਜਦਾ ਕੀਤਾ ਹੈ, ਜਿੱਥੇ ਪਿਛਲੇ ਚਾਰ ਦਹਾਕਿਆਂ ਤੋਂ ਪਾਣੀ ਨਹੀਂ ਸੀ ਆਇਆ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ ਤਾਂ ਨਹਿਰਾਂ ਦਾ ਪਾਣੀ 21 ਫ਼ੀਸਦੀ ਵਰਤਿਆ ਜਾ ਰਿਹਾ ਸੀ ਪਰ ਹੁਣ 84 ਫ਼ੀਸਦੀ ਤੱਕ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਇੱਕ ਮੀਟਰ ਦੇ ਕਰੀਬ ਵਧਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦੇ ਲੋਕ ਹਰ ਚੀਜ਼ 'ਤੇ ਟੈਕਸ ਦਿੰਦੇ ਹਨ ਤਾਂ ਫਿਰ ਟੈਕਸ ਦੇ ਰੂਪ ਵਿੱਚ ਇਕੱਠਾ ਹੋਇਆ ਪੈਸਾ ਉਨ੍ਹਾਂ ਦੀਆਂ ਸਹੂਲਤਾਂ 'ਤੇ ਹੀ ਲੱਗਣਾ ਚਾਹੀਦਾ ਹੈ। ਮੁੱਖ ਮੰਤਰੀ ਸ੍ਰੀ ਮਾਨ ਨੇ ਦੋਸ਼ ਲਾਇਆ ਕਿ ਦੂਜੀਆਂ ਪਾਰਟੀਆਂ ਧਰਮ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਨੂੰ ਵਰਤਦੀਆਂ ਆ ਰਹੀਆਂ ਹਨ ਪਰ ਉਹ ਧਰਮ ਦੀ ਰਾਜਨੀਤੀ ਨਹੀਂ ਬਲਕਿ ਪੰਜਾਬ ਦੀ ਤਰੱਕੀ ਦੀ ਰਾਜਨੀਤੀ ਕਰਦੇ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਦੇ ਪ੍ਰਾਈਵੇਟ ਸਕੂਲਾਂ ਦੇ ਢਾਈ ਲੱਖ ਬੱਚੇ ਨਿੱਜੀ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿਚ ਦਾਖ਼ਲ ਹੋਏ ਹਨ ਕਿਉਂਕਿ ਉੱਥੋਂ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿਚ ਯਕੀਨ ਬਣ ਗਿਆ ਹੈ।

## ਵਿਸਾਖੀ ਮੌਕੇ ਪਾਕਿਸਤਾਨ ਜਾਣ ਦੇ ਚਾਹਵਾਨਾਂ ਕੋਲੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜੇ ਜਾਣ ਵਾਲੇ ਜਥੇ ਲਈ ਪ੍ਰਕਿਰਿਆ ਆਰੰਭ ਕਰਦਿਆਂ 25 ਦਸੰਬਰ ਤੱਕ ਸ਼ਰਧਾਲੂਆਂ ਪਾਸੋਂ ਪਾਸਪੋਰਟ ਮੰਗੇ ਗਏ ਹਨ। ਪਾਕਿਸਤਾਨ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਖੇ ਖ਼ਾਲਸਾ ਸਾਜਨਾ ਦਿਵਸ ਸਬੰਧੀ ਸਮਾਗਮਾਂ ਵਿਚ ਸ਼ਮੂਲੀਅਤ ਲਈ ਹਰ ਸਾਲ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅਪਰੈਲ 2025 ਵਿਚ ਖ਼ਾਲਸਾ ਸਾਜਨਾ ਦਿਵਸ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਵੇਗਾ, ਜੋ ਗੁਰਦੁਆਰਾ ਪੰਜਾ ਸਾਹਿਬ ਵਿਚ ਮੁੱਖ ਸਮਾਗਮ 'ਚ ਸ਼ਮੂਲੀਅਤ ਤੋਂ ਇਲਾਵਾ ਉਥੇ ਸਥਿਤ ਹੋਰ ਗੁਰਧਾਮਾਂ ਦੇ ਵੀ ਦਰਸ਼ਨ ਕਰੇਗਾ। ਉਨ੍ਹਾਂ ਕਿਹਾ ਕਿ ਸ਼ਰਧਾਲੂ ਆਪਣੇ ਪਾਸਪੋਰਟ 25 ਦਸੰਬਰ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਜਮ੍ਹਾਂ ਕਰਵਾ ਸਕਦੇ ਹਨ।

## ਪੰਥ ਵਿਰੋਧੀ ਤਾਕਤਾਂ ਤੋਂ ਚੌਕਸ ਰਹਿਣ ਦੀ ਲੋੜ: ਧਾਮੀ

**ਫ਼ਤਹਿਗੜ੍ਹ** ਸਾਹਿਬ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਚ ਗੁੰਮਟ ਉਤੇ ਸੋਨਾ ਲਗਾਉਣ ਦੀ ਕਾਰ ਸੇਵਾ ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਦੀ ਹਾਜ਼ਰੀ 'ਚ ਸ਼ੁਰੂ ਕਰਵਾਈ ਗਈ।



ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਮਾਤਾ ਗੁਜਰ ਕੌਰ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਦੇ ਸਸਕਾਰ ਅਸਥਾਨ ਤੇ ਗੁੰਮਟ 'ਤੇ ਸੋਨੇ ਦੀ ਕਾਰ ਸੇਵਾ ਬਾਬਾ ਬੱਲ ਅਤੇ ਗੁਰਮਿੰਦਰ ਸਿੰਘ ਅਤੇ ਇਲਾਕੇ ਦੀਆਂ ਸਮੂਹ ਸੰਗਤ ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਮਹਾਨ ਸ਼ਹੀਦਾਂ ਦੇ ਦਰਸਾਏ ਮਾਰਗ ਉਪਰ ਚਲਦੇ ਹੋਏ ਪੰਥ ਵਿਰੋਧੀ ਤਾਕਤਾਂ ਤੋਂ ਚੌਕਸ ਰਹਿਣ ਦੀ ਲੋੜ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਤਰ ਸਿੰਘ ਨੇ ਅਰਦਾਸ ਕਰ ਕੇ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ।

ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਅਤੇ ਹਲਕਾ ਇੰਚਾਰਜ ਜਗਦੀਪ ਸਿੰਘ ਚੀਮਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਹਲਕਾ ਬਸੀ ਪਠਾਣਾ ਦੇ ਇੰਚਾਰਜ ਦਲਬਾਰਾ ਸਿੰਘ ਗੁਰੂ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਰਦੀਪ ਸਿੰਘ ਧਾਰਨੀ, ਜ਼ਿਲ੍ਹਾ ਪ੍ਰਧਾਨ ਸਰਨਜੀਤ ਸਿੰਘ ਚਨਾਰਥਲ, ਸ਼ਹਿਰੀ ਪ੍ਰਧਾਨ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਸਾਬਕਾ ਚੇਅਰਮੈਨ ਰਾਜਿੰਦਰ ਸਿੰਘ ਟੌਹੜਾ ਆਦਿ ਹਾਜ਼ਰ ਸਨ।

## ਇੰਤਕਾਲ ਦੇ ਲਟਕਦੇ ਮਾਮਲੇ ਮਹੀਨੇ ਵਿਚ ਨਿਬੇੜਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੂਬੇ ਵਿੱਚ ਝਗੜਾ ਰਹਿਤ ਇੰਤਕਾਲ ਦੇ ਲਟਕਦੇ ਕੇਸਾਂ ਦਾ ਇਕ ਮਹੀਨੇ ਵਿੱਚ ਨਿਪਟਾਰਾ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ 31 ਦਸੰਬਰ ਤੱਕ ਪੰਜਾਬ ਵਿੱਚ ਇੰਤਕਾਲ ਦੇ ਸਾਰੇ ਪੈਂਡਿੰਗ ਕੇਸਾਂ ਦਾ ਨਿਪਟਾਰਾ ਕੀਤਾ ਜਾਵੇ, ਉਸ ਤੋਂ ਬਾਅਦ ਜਿਸ ਅਧਿਕਾਰੀ ਕੋਲ ਪੈਂਡਿੰਗ ਕੇਸ ਪਏ ਹੋਣਗੇ, ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਮਾਲ ਵਿਭਾਗ ਵੱਲੋਂ ਲੋਕਾਂ ਨੂੰ ਘਰ ਦੇ ਨਜ਼ਦੀਕ ਸਹੂਲਤ ਮੁਹੱਈਆ ਕਰਵਾਉਣ ਲਈ ਸੂਬੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਮਾਲ ਤੇ ਮੁੜ ਵਸੇਬਾ ਮੰਤਰੀ ਨੇ ਕਿਹਾ ਕਿ ਜੇ ਕਿਸੇ ਵਿਅਕਤੀ ਨੂੰ ਝਗੜਾ ਰਹਿਤ ਇੰਤਕਾਲ ਦਰਜ ਕਰਵਾਉਣ ਜਾਂ ਮਨਜ਼ੂਰ ਕਰਵਾਉਣ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਹੈਲਪਲਾਈਨ ਨੰਬਰ 1100 'ਤੇ ਸੂਚਿਤ ਕਰ ਸਕਦਾ ਹੈ।

## ਬੇਅਦਬੀ ਮਾਮਲਾ: 'ਆਪ' ਵਿਧਾਇਕ ਨਰੇਸ਼ ਯਾਦਵ ਨੂੰ ਦੋ ਸਾਲ ਦੀ ਸਜ਼ਾ

**ਮਾਲੇਰਕੋਟਲਾ:** ਅਦਾਲਤ ਨੇ ਦਿੱਲੀ ਦੇ ਮਹਿਰੌਲੀ ਤੋਂ 'ਆਪ' ਵਿਧਾਇਕ ਨਰੇਸ਼ ਯਾਦਵ ਨੂੰ ਅੱਠ ਸਾਲ ਪੁਰਾਣੇ ਕੁਰਾਨ ਸ਼ਰੀਫ਼ ਦੀ ਬੇਅਦਬੀ ਸਬੰਧੀ ਮਾਮਲੇ ਵਿਚ ਦੋ ਸਾਲ ਦੀ ਸਜ਼ਾ ਸੁਣਾਈ ਹੈ ਅਤੇ 11 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪਰਮਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ 24 ਜੂਨ 2016 ਨੂੰ ਮਾਲੇਰਕੋਟਲਾ ਵਿਚ ਵਾਪਰੇ ਕੁਰਾਨ ਸ਼ਰੀਫ਼ ਬੇਅਦਬੀ ਮਾਮਲੇ ਵਿਚ ਵਿਧਾਇਕ ਨਰੇਸ਼ ਯਾਦਵ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਅਦਾਲਤ ਨੇ ਨਰੇਸ਼ ਯਾਦਵ ਨੂੰ ਧਾਰਾ 295 ਤਹਿਤ ਦੋ ਸਾਲ ਦੀ ਸਜ਼ਾ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ, ਧਾਰਾ 153-ਏ ਤਹਿਤ ਦੋ ਸਾਲ ਦੀ ਸਜ਼ਾ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਅਤੇ ਧਾਰਾ 120-ਬੀ ਤਹਿਤ ਛੇ ਮਹੀਨੇ ਦੀ ਸਜ਼ਾ ਅਤੇ ਇੱਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਵੱਖ-ਵੱਖ ਧਾਰਾਵਾਂ ਹੇਠ ਸੁਣਾਈਆਂ ਇਹ ਸਜ਼ਾਵਾਂ ਨਾਲੋ-ਨਾਲ ਚੱਲਣਗੀਆਂ। ਪੁਲਿਸ ਨੇ ਨਰੇਸ਼ ਯਾਦਵ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ ਹਿਰਾਸਤ ਵਿਚ ਲੈ ਲਿਆ ਸੀ। ਅਦਾਲਤ ਵਿਚ ਸ਼ਿਕਾਇਤਕਰਤਾ ਮੁਹੰਮਦ ਅਸ਼ਰਫ ਦੇ ਵਕੀਲ ਕਾਜ਼ਮ ਅਲੀ ਖ਼ਾਨ ਅਤੇ ਬਚਾਅ ਪੱਖ ਦੇ ਵਕੀਲ ਨਰੇਸ਼ ਯਾਦਵ ਦੇ ਵਕੀਲ ਐਨ.ਐਸ ਧਾਲੀਵਾਲ ਮੌਜੂਦ ਸਨ। ਅਦਾਲਤ ਦੇ ਫੈਸਲੇ ਪਿੱਛੋਂ ਪੁਲਿਸ ਨਰੇਸ਼ ਯਾਦਵ ਨੂੰ ਆਪਣੇ ਨਾਲ ਲੈ ਗਈ। ਪੁਲਿਸ ਦੇ ਵਾਹਨ ਵਿਚ ਬੈਠਣ ਮੌਕੇ ਨਰੇਸ਼ ਯਾਦਵ ਨੇ ਕਿਹਾ ਕਿ ਇਹ ਸਾਰਾ ਮਾਮਲਾ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਨਾਲ ਇਸ ਮਾਮਲੇ ਵਿਚ ਧੱਕਾ ਹੋਇਆ ਹੈ।

# ਭਾਰਤ ਦੀ ਆਰਥਿਕ ਵਿਕਾਸ ਦਰ ਨਿਰਾਸ਼ਾ ਵਾਲੇ ਦੌਰ ਵੱਲ

**ਨਵੀਂ ਦਿੱਲੀ:** ਵਿੱਤੀ ਸਾਲ 2024-25 ਦੀ ਦੂਜੀ ਤਿਮਾਹੀ (ਜੁਲਾਈ-ਸਤੰਬਰ) ਵਿਚ ਭਾਰਤ ਦੀ ਆਰਥਿਕ ਵਿਕਾਸ ਦਰ ਨਿਰਾਸ਼ਾਜਨਕ ਢੰਗ ਨਾਲ ਘਟ ਕੇ 5.4 ਪ੍ਰਤੀਸ਼ਤ ਰਹਿ ਗਈ ਹੈ ਜੋ ਪਿਛਲੀਆਂ ਸੱਤ ਤਿਮਾਹੀਆਂ ਵਿਚ ਸਭ ਤੋਂ ਘੱਟ ਹੈ।

ਇਹ ਅੰਕੜਾ ਪਿਛਲੇ ਸਾਲ ਇਸੇ ਸਮੇਂ ਦੀ 8.1 ਪ੍ਰਤੀਸ਼ਤ ਦੀ ਦਰ ਨਾਲੋਂ ਕਾਫ਼ੀ ਘੱਟ ਹੈ। ਇਸ ਤਰ੍ਹਾਂ ਅਰਥਵਿਵਸਥਾ ਦੀ ਰਫ਼ਤਾਰ 'ਤੇ ਥੋੜ੍ਹੀ ਬਰੇਕ ਲੱਗਦੀ ਦਿਸ ਰਹੀ ਹੈ। ਇਹ ਦਰ ਦਰਸਾਉਂਦੀ ਹੈ ਕਿ ਦੇਸ਼ ਦੀ ਆਰਥਿਕ ਸਥਿਰਤਾ 'ਤੇ ਦਬਾਅ ਵਧ ਰਿਹਾ ਹੈ। ਰਵਾਇਤੀ ਤੌਰ ਉਤੇ ਵਿਕਾਸ ਦਾ ਆਧਾਰ ਨਿਰਮਾਣ ਖੇਤਰ ਇਸ ਸੁਸਤੀ ਦਾ ਕੇਂਦਰ ਹੈ ਜੋ ਘਟ ਰਹੀ ਮੰਗ ਅਤੇ ਉਤਪਾਦਨ ਨਾਲ ਸੰਘਰਸ਼ ਕਰ ਰਿਹਾ ਹੈ। ਨਿਰਮਾਣ ਖੇਤਰ ਵਿਚ ਗਰੌਸ ਵੈਲਿਊ ਐਡਿਡ (ਜੀ.ਵੀ.ਏ.) ਦਾ ਪਿਛਲੇ ਇਕ ਸਾਲ ਵਿਚ 14.3 ਪ੍ਰਤੀਸ਼ਤ ਤੋਂ ਘਟ ਕੇ 2.2 ਪ੍ਰਤੀਸ਼ਤ ਰਹਿ ਜਾਣਾ ਦੱਸਦਾ ਹੈ ਕਿ ਇਹ ਖੇਤਰ ਮਹਿੰਗਾਈ ਤੇ ਕਮਜ਼ੋਰ ਉਪਭੋਗਤਾ ਖ਼ਰਚ ਕਾਰਨ ਕਮਜ਼ੋਰ ਪੈ ਰਿਹਾ ਹੈ।

ਇਹ ਅੰਕੜੇ ਨੈਸ਼ਨਲ ਸਟੈਟਿਸਟਿਕਸ ਆਫਿਸ (ਐਨ.ਐਸ.ਓ.) ਵੱਲੋਂ ਜਾਰੀ ਕੀਤੇ ਗਏ ਹਨ। ਕੁੱਲ ਮਿਲਾ ਕੇ ਵਿਕਾਸ ਦਰ ਵਿਚੋਂ 1.5 ਪ੍ਰਤੀਸ਼ਤ ਅੰਕ ਤਾਂ ਨਿੱਜੀ ਅੰਤਿਮ ਖ਼ਪਤ ਤੇ ਕੁੱਲ



ਨਿਰਧਾਰਤ ਪੂੰਜੀ ਜੋੜ ਨੇ ਹੀ ਚੁੱਕ ਦਿੱਤੇ ਹਨ ਜੋ ਇਸ਼ਾਰਾ ਹੈ ਕਿ ਪਰਿਵਾਰਕ ਤੇ ਕਾਰੋਬਾਰੀ ਖ਼ਰਚ 'ਚ ਭਰੋਸਾ ਡਿੱਗ ਰਿਹਾ ਹੈ। ਹਾਲਾਂਕਿ ਇਹ ਗੱਲ ਵੱਖਰੀ ਹੈ ਕਿ ਭਾਰਤ ਅਜੇ ਵੀ ਸਭ ਤੋਂ ਤੇਜ਼ੀ ਨਾਲ ਵਧਦਾ ਅਰਥਚਾਰਾ ਬਣਿਆ ਹੋਇਆ ਹੈ। ਐਨ.ਐਸ.ਓ. ਦੇ ਅੰਕੜਿਆਂ ਅਨੁਸਾਰ 2024-25 ਦੀ ਦੂਜੀ ਤਿਮਾਹੀ ਵਿਚ ਮੌਜੂਦਾ ਕੀਮਤਾਂ ਉਤੇ ਜੀ.ਡੀ.ਪੀ. 76.60 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

ਦੂਜੇ ਪਾਸੇ ਸ਼ੁਭ ਸੰਕੇਤ ਇਹ ਹੈ ਕਿ ਸੇਵਾਵਾਂ ਦੇ ਖੇਤਰ ਵਿਚ 7.1 ਪ੍ਰਤੀਸ਼ਤ ਦਾ ਵਾਧਾ ਦਰਜ ਹੋਇਆ ਹੈ ਤੇ ਖੇਤੀ ਖੇਤਰ 3.5 ਪ੍ਰਤੀਸ਼ਤ ਦੀ ਦਰ ਨਾਲ ਵਧਿਆ ਹੈ ਜਿਸ ਦਾ ਕਾਰਨ ਦਿਹਾਤੀ ਮੰਗ ਵਿਚ ਸੁਧਾਰ ਹੋਣਾ ਹੈ। ਖੇਤੀ ਖੇਤਰ ਦਾ ਵਿਕਾਸ ਪਿਛਲੀ ਤਿਮਾਹੀ ਦੇ 2 ਫ਼ੀਸਦੀ ਤੇ ਸਾਲਾਨਾ 1.7 ਫ਼ੀਸਦੀ ਦੀ ਰਿਕਵਰੀ ਦਰਸਾਉਂਦਾ ਹੈ। ਇਹ ਵਾਧਾ ਨਿਰਮਾਣ ਅਤੇ ਬਰਾਮਦਾਂ 'ਚ ਪਏ ਅੜਿੱਕੇ ਨੂੰ ਪੂਰਨ ਲਈ ਕਾਫ਼ੀ ਨਹੀਂ ਹੈ ਜੋ ਸੁਸਤ ਹੋ ਕੇ 2.8 ਦੀ ਦਰ 'ਤੇ ਆ ਗਏ ਹਨ। ਇਸ ਵਿਚੋਂ ਆਲਮੀ ਬੇਯਕੀਨੀ ਅਤੇ ਕਮਜ਼ੋਰ ਤੇਲ ਬਰਾਮਦਾਂ ਦਾ ਝਲਕਾਰਾ ਵੀ ਪੈਂਦਾ ਹੈ।

ਸਰਕਾਰ ਵੱਲੋਂ ਵਿੱਤੀ ਵਰ੍ਹੇ ਦੇ ਪਹਿਲੇ ਅੱਧ ਲਈ ਰੱਖੀ ਬਜਟ ਰਾਸ਼ੀ ਵਿਚੋਂ ਅਜੇ ਸਿਰਫ਼ 37 ਪ੍ਰਤੀਸ਼ਤ ਪੂੰਜੀ ਖਰਚਣਾ ਚਿੰਤਾ ਦਾ ਇੱਕ ਹੋਰ ਕਾਰਨ ਹੈ। ਵਿਰੋਧੀ ਧਿਰ ਨੇ ਇਸ ਮੁੱਦੇ ਉੱਤੇ ਸਰਕਾਰ 'ਤੇ ਨਿਸ਼ਾਨਾ ਸੇਧਣ ਦੇ ਨਾਲ-ਨਾਲ ਮਹਿੰਗਾਈ ਦਾ ਵੀ ਜ਼ਿਕਰ ਕੀਤਾ ਹੈ। ਖਣਨ ਖੇਤਰ ਵਿਚ ਵਿਕਾਸ ਦਰ ਮਨਫੀ 0.1 ਪ੍ਰਤੀਸ਼ਤ ਰਹੀ ਹੈ। ਇਹ ਸਾਲਾਨਾ ਆਧਾਰ 'ਤੇ ਪਿਛਲੀ ਇਸੇ ਤਿਮਾਹੀ ਵਿਚ 11.1 ਪ੍ਰਤੀਸ਼ਤ ਸੀ। ਵਿੱਤੀ ਸਾਲ 2025 ਦੀ ਪਹਿਲੀ ਤਿਮਾਹੀ ਵਿੱਚ ਇਹ 7.2 ਪ੍ਰਤੀਸ਼ਤ ਸੀ। ਖਣਨ ਖੇਤਰ ਵਿੱਚ ਘਾਟੇ ਦਾ ਕਾਰਨ ਲੰਮੀ ਚੱਲੀ ਬਾਰਿਸ਼ ਦੱਸਿਆ ਜਾ ਰਿਹਾ ਹੈ ਜਿਸ ਨੇ ਖਣਨ ਦੇ ਕੰਮ ਨੂੰ ਰੋਕੀ ਰੱਖਿਆ। ਵਪਾਰ, ਹੋਟਲ ਅਤੇ ਟਰਾਂਸਪੋਰਟ ਸੈਕਟਰ ਦੀ ਵਿਕਾਸ ਦਰ ਵਿੱਚ ਸੁਧਾਰ ਨਜ਼ਰ ਆਇਆ ਹੈ। ਵਿੱਤੀ ਅਤੇ ਰੀਅਲ ਅਸਟੇਟ ਖੇਤਰ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ। ਸਰਕਾਰੀ ਅੰਕੜਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਵਰਤਮਾਨ ਵਿੱਤੀ ਸਾਲ ਦੇ ਪਹਿਲੇ ਸੱਤ ਮਹੀਨਿਆਂ ਦੇ ਅੰਤ ਵਿੱਚ ਕੇਂਦਰ ਦਾ ਵਿੱਤੀ ਘਾਟਾ ਪੂਰੇ ਸਾਲ ਦੇ ਟੀਚੇ ਦੇ 46.5 ਪ੍ਰਤੀਸ਼ਤ ਤੱਕ ਪਹੁੰਚ ਚੁੱਕਾ ਹੈ।

## ਭਾਰਤੀ ਅਰਥਚਾਰੇ ਲਈ ਨਵੀਂ ਸੋਚ ਦੀ ਲੋੜ: ਰਾਹੁਲ



**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਭਾਰਤ ਦੀ ਵਿਕਾਸ ਦਰ ਦੋ ਸਾਲ ਦੇ ਹੇਠਲੇ ਪੱਧਰ 'ਤੇ ਪਹੁੰਚਣ 'ਤੇ ਚਿੰਤਾ ਜ਼ਾਹਿਰ ਕੀਤੀ ਅਤੇ ਕਿਹਾ ਕਿ ਜਦੋਂ ਤੱਕ ਮੁੱਠੀ ਭਰ ਅਰਬਪਤੀਆਂ ਨੂੰ ਇਸ ਦਾ ਲਾਭ ਮਿਲਦਾ ਰਹੇਗਾ, ਉਦੋਂ ਤੱਕ ਦੇਸ਼ ਦਾ ਅਰਥਚਾਰਾ ਤਰੱਕੀ ਨਹੀਂ ਕਰ ਸਕਦਾ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਭਾਰਤ ਦੇ ਅਰਥਚਾਰੇ ਲਈ ਨਵੀਂ ਸੋਚ ਦੀ ਲੋੜ ਹੈ। ਉਨ੍ਹਾਂ ਕਿਹਾ, "ਭਾਰਤ ਵਿਚ ਜੀ.ਡੀ.ਪੀ. ਦੀ ਵਾਧਾ ਦਰ ਦੋ ਸਾਲ ਵਿਚ ਸਭ ਤੋਂ ਹੇਠਲੇ ਪੱਧਰ 5.4 ਫੀਸਦ 'ਤੇ ਪਹੁੰਚ ਚੁੱਕੀ ਹੈ। ਗੱਲ ਸਾਫ਼ ਹੈ ਕਿ ਭਾਰਤੀ ਅਰਥਚਾਰਾ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ, ਜਦੋਂ ਤੱਕ ਇਸ ਦਾ ਲਾਭ ਸਾਰਿਆਂ ਨੂੰ ਬਰਾਬਰ ਨਹੀਂ ਮਿਲਦਾ।"

# ਅਮਰੀਕਾ: ਵਿਦੇਸ਼ੀ ਵਿਦਿਆਰਥੀਆਂ ਲਈ ਨਵੀਂ ਮੁਸੀਬਤ ਆਈ

**ਵਾਸ਼ਿੰਗਟਨ:** ਮੈਸੇਚਿਊਸਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐਮ.ਆਈ.ਟੀ.) ਸਮੇਤ ਅਮਰੀਕਾ ਦੀਆਂ ਕਈ ਉੱਚ ਸਿੱਖਿਆ ਸੰਸਥਾਵਾਂ ਨੇ ਆਪਣੇ ਵਿਦੇਸ਼ੀ ਵਿਦਿਆਰਥੀਆਂ ਤੇ ਕਰਮਚਾਰੀਆਂ ਨੂੰ 20 ਜਨਵਰੀ ਤੋਂ ਪਹਿਲਾਂ ਸਰਦ ਰੁੱਤ ਦੀਆਂ ਛੁੱਟੀਆਂ ਤੋਂ ਮੁੜਨ ਦੀ ਸਲਾਹ ਦਿੱਤੀ ਹੈ। ਇਸ ਦਿਨ ਡੋਨਲਡ ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ।

ਇਹ ਸਲਾਹ ਅਮਰੀਕਾ 'ਚ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਵੱਡੇ ਪੱਧਰ 'ਤੇ ਕੱਢਣ ਬਾਰੇ ਹੋ ਰਹੀ ਚਰਚਾ ਦੇ ਮੱਦੇਨਜ਼ਰ ਜਾਰੀ ਕੀਤੀ ਗਈ ਹੈ। ਅਨੁਮਾਨ ਮੁਤਾਬਕ ਦੇਸ਼ 'ਚ 1.1 ਕਰੋੜ ਤੋਂ ਵੱਧ ਗ਼ੈਰਕਾਨੂੰਨੀ ਪਰਵਾਸੀ ਹਨ। ਕੌਮਾਂਤਰੀ ਸਿੱਖਿਆ ਸਬੰਧੀ ਬਾਰੇ ਹਾਲ ਹੀ ਵਿੱਚ ਜਾਰੀ 'ਓਪਨ ਡੋਰਸ 2024' ਰਿਪੋਰਟ 'ਚ ਕਿਹਾ ਗਿਆ ਹੈ ਕਿ ਅਮਰੀਕਾ 'ਚ 11 ਲੱਖ ਵਿਦੇਸ਼ੀ ਵਿਦਿਆਰਥੀ ਹਨ, ਜਿਨ੍ਹਾਂ 'ਚ ਸਭ ਤੋਂ ਵੱਧ ਗਿਣਤੀ (3,30,000) ਭਾਰਤੀ ਵਿਦਿਆਰਥੀਆਂ ਦੀ ਹੈ। ਹਾਇਰ ਐਡ ਇਮੀਗਰੇਸ਼ਨ ਪੋਰਟਲ ਦਾ ਅਨੁਮਾਨ ਹੈ ਕਿ ਚਾਰ ਲੱਖ ਤੋਂ ਵੱਧ ਗ਼ੈਰ ਦਸਤਾਵੇਜ਼ੀ ਵਿਦਿਆਰਥੀ ਅਮਰੀਕਾ 'ਚ ਸਿੱਖਿਆ ਹਾਸਲ ਕਰ ਰਹੇ ਹਨ। ਵੈਧ ਐੱਫ-ਵੀਜ਼ਾ ਧਾਰਕ ਵਿਦਿਆਰਥੀਆਂ 'ਤੇ ਟਰੰਪ ਪ੍ਰਸ਼ਾਸਨ ਵੱਲੋਂ ਲਗਾਈ ਜਾਣ ਵਾਲੀ ਕਿਸੇ ਵੀ ਵੀਜ਼ਾ ਪਾਬੰਦੀ ਦਾ ਕੋਈ ਅਸਰ ਪੈਣ ਦੀ ਸੰਭਾਵਨਾ ਨਹੀਂ ਹੈ। ਐਮ.ਆਈ.ਟੀ. ਨੇ ਵਿਦਿਆਰਥੀਆਂ ਨੂੰ ਅਫਵਾਹਾਂ 'ਤੇ ਧਿਆਨ ਨਾ ਦੇਣ ਲਈ ਕਿਹਾ ਹੈ।



ਐਮ.ਆਈ.ਟੀ. ਇੰਟਰਨੈਸ਼ਨਲ ਸਟੂਡੈਂਟਸ ਆਫਿਸ ਦੇ ਐਸੋਸੀਏਟ ਡੀਨ ਤੇ ਡਾਇਰੈਕਟਰ ਡੇਵਿਡ ਸੀ ਐਲਵੈੱਲ ਨੇ ਕਿਹਾ ਕਿ ਹਾਲੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ।

# ਹੁਣ ਕੈਨੇਡਾ ਦੀ ਪੀ.ਆਰ. ਬਣੀ ਸੁਪਨਾ

**ਵਿਨੀਪੈਗ:** ਕੈਨੇਡਾ ਸਰਕਾਰ ਆਏ ਦਿਨ ਸਖ਼ਤ ਫ਼ੈਸਲੇ ਲੈ ਕੇ ਪੰਜਾਬੀਆਂ ਦੀਆਂ ਮੁਸ਼ਕਲਾਂ ਵਧਾਉਂਦੀ ਜਾ ਰਹੀ ਹੈ। ਹੁਣ ਪੰਜਾਬੀਆਂ ਦੇ ਕੈਨੇਡਾ ਵਿਚ ਪੱਕੇ ਹੋਣ ਦਾ ਆਖ਼ਰੀ ਰਾਹ ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟਸ (ਐਲ.ਐਮ.ਆਈ.ਏ.) ਵੀ ਬੰਦ ਕੀਤਾ ਜਾ ਰਿਹਾ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡੀਅਨ ਪੀਆਰ ਲਈ ਐਲ.ਐਮ.ਆਈ.ਏ. ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਅਤੇ ਫੈਡਰਲ ਸਰਕਾਰ ਇਸ ਰਾਹੀਂ ਮਿਲਣ ਵਾਲੇ 50 ਵਾਧੂ ਅੰਕਾਂ ਦੀ ਸਹੂਲਤ ਖ਼ਤਮ ਕਰਨ 'ਤੇ ਵਿਚਾਰ ਕਰ ਰਹੀ ਹੈ। ਲੇਬਰ ਮਾਰਕੀਟ ਇੰਪੈਕਟ ਅਸੈਸਮੈਂਟਸ ਦੇ ਨਾਂ 'ਤੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ ਅਤੇ ਕਾਲਾ ਬਾਜ਼ਾਰੀ ਕਰਦਿਆਂ ਇਕ ਕਾਗਜ਼ ਲਈ 70 ਹਜ਼ਾਰ ਡਾਲਰ ਤੱਕ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੇ ਮੱਦੇਨਜ਼ਰ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਵਿਚ ਸਖ਼ਤੀ ਕਰਨ ਲਈ ਮਜਬੂਰ ਹੋ ਰਹੀ ਹੈ।



ਪ੍ਰਾਪਤ ਜਾਣਕਾਰੀ ਮੁਤਾਬਕ ਫ਼ਰਜ਼ੀ ਨੌਕਰੀਆਂ ਲਈ ਐਲ.ਐਮ.ਆਈ.ਏ. ਤਿਆਰ ਕਰਵਾਏ ਜਾਂਦੇ ਹਨ ਅਤੇ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ।

ਇਸ ਵੇਲੇ ਕੈਨੇਡੀਅਨ ਪੀਆਰ ਲਈ ਸੀ.ਆਰ.ਐਸ. ਸਕੋਰ 500 ਤੋਂ ਉੱਤੇ ਚੱਲ ਰਿਹਾ ਹੈ ਅਤੇ ਐਲ.ਐਮ.ਆਈ.ਏ. ਦੇ 50 ਵਾਧੂ ਅੰਕ ਪੀਆਰ ਦਿਵਾਉਣ 'ਚ ਕਾਰਗਰ ਸਾਬਤ ਹੁੰਦੇ ਹਨ ਪਰ ਜ਼ਿਆਦਾਤਰ ਮਾਮਲਿਆਂ ਵਿਚ ਇਸ ਸਹੂਲਤ ਦੀ ਵਰਤੋਂ ਠੱਗੀ ਲਈ ਕੀਤੀ ਜਾ ਰਹੀ ਹੈ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵਰਕ ਪਰਮਿਟ ਦੀ ਮਿਆਦ ਵਿਚ ਵਾਧਾ ਕਰਨ ਲਈ ਬਰੈਂਪਟਨ ਵਿਚ ਧਰਨੇ 'ਤੇ ਬੈਠੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਸਟੱਡੀ ਵੀਜ਼ੇ ਤੋਂ ਕੈਨੇਡੀਅਨ ਪੀਆਰ ਤੱਕ ਪਹੁੰਚਣ ਦਾ ਰਾਹ ਸੌਖਾ ਨਹੀਂ ਹੈ। ਕੋਈ ਵਿਦਿਆਰਥੀ ਇਹ ਸੋਚ ਕੇ ਕੈਨੇਡਾ ਨਾ ਆਵੇ ਕਿ ਉਹ ਯਕੀਨੀ ਤੌਰ 'ਤੇ ਪੀਆਰ ਹਾਸਲ ਕਰ ਲਵੇਗਾ।

# ਕੈਨੇਡਾ ਦੀ ਅਦਾਲਤ ਵੱਲੋਂ ਅਰਸ਼ਦੀਪ ਸਿੰਘ ਡੱਲਾ ਨੂੰ ਜ਼ਮਾਨਤ

**ਵਿਨੀਪੈਗ:** ਖਾਲਿਸਤਾਨੀ ਵੱਖਵਾਦੀ ਅਤੇ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਨੂੰ ਕੈਨੇਡਾ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਉਸ ਨੂੰ 30,000 ਡਾਲਰ ਦੇ ਮੁਚਲਕੇ ਉਤੇ ਰਿਹਾਅ ਕੀਤਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ 24 ਫਰਵਰੀ 2025 ਨੂੰ ਹੋਵੇਗੀ। ਕੈਨੇਡਾ ਦੀ ਇਕ ਅਦਾਲਤ ਨੇ ਹਾਲ ਹੀ ਵਿੱਚ ਗ੍ਰਿਫ਼ਤਾਰ ਕੀਤੇ ਗਏ ਅਰਸ਼ ਡੱਲਾ ਨੂੰ 30,000 ਡਾਲਰ ਦੇ ਨਿੱਜੀ ਮੁਚਲਕੇ



'ਤੇ ਜ਼ਮਾਨਤ ਦੇ ਦਿੱਤੀ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 24 ਫਰਵਰੀ 2025 ਨੂੰ ਹੋਵੇਗੀ। ਖਾਲਿਸਤਾਨ ਟਾਈਗਰ ਫੋਰਸ ਦੀ ਕਮਾਂਡ ਸੰਭਾਲ ਰਹੇ ਅਰਸ਼ ਡੱਲਾ ਨੂੰ ਕੁਝ ਸਮਾਂ ਪਹਿਲਾਂ ਕੈਨੇਡਾ ਦੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੂੰ ਉਸ ਕੋਲੋਂ ਕਈ ਆਧੁਨਿਕ ਹਥਿਆਰ ਵੀ ਮਿਲੇ ਸਨ। ਸੂਤਰਾਂ ਮੁਤਾਬਕ ਅਰਸ਼ ਡੱਲਾ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਸੰਪਰਕ ਵਿਚ ਸੀ।

# ਅਮਰੀਕਾ 'ਚ ਤਿਲੰਗਾਨਾ ਦੇ ਨੌਜਵਾਨ ਦੀ ਹੱਤਿਆ

**ਹੈਦਰਾਬਾਦ:** ਅਮਰੀਕਾ ਦੇ ਗੈਸ ਸਟੇਸ਼ਨ ਉਤੇ ਅਣਪਛਾਤਿਆਂ ਨੇ ਤਿਲੰਗਾਨਾ ਦੇ ਖੰਮਮ ਜ਼ਿਲ੍ਹੇ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਸਾਈ ਤੇਜਾ ਨੁਕਾਰਪੂ (22) ਵਜੋਂ ਹੋਈ ਹੈ।

ਬੀ.ਆਰ.ਐਸ. ਐਮ.ਐਲ.ਸੀ. ਮਧੂਸੂਦਨ ਥਾਠਾ ਨੇ ਅਮਰੀਕਾ ਤੋਂ ਪ੍ਰਾਪਤ ਜਾਣਕਾਰੀ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਭਾਰਤੀ ਸਮੇਂ ਅਨੁਸਾਰ ਸਵੇਰੇ ਸ਼ਿਕਾਗੋ ਨੇੜੇ ਗੈਸ ਸਟੇਸ਼ਨ ਉਤੇ ਹਮਲਾਵਰਾਂ ਨੇ ਸਾਈ ਤੇਜਾ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਤਾਂ ਉਹ ਡਿਊਟੀ 'ਤੇ ਨਹੀਂ ਸੀ। ਉਹ ਆਪਣੇ ਦੋਸਤ ਦੇ ਕਹਿਣ 'ਤੇ ਉਥੇ ਰੁਕਿਆ ਸੀ। ਉਸ ਦਾ ਦੋਸਤ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ।

# ਕੈਨੇਡਾ: ਕੌਮਾਂਤਰੀ ਵਿਦਿਆਰਥੀਆਂ ਲਈ ਪਨਾਹ ਦਾ ਰਾਹ ਸੌੜਾ ਕਰਨ ਦੀ ਤਿਆਰੀ

**ਵਿਨੀਪੈਗ:** ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਆਉਣ ਵਾਲੇ ਹਫ਼ਤਿਆਂ ਵਿਚ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨ ਪ੍ਰਣਾਲੀਆਂ ਵਿਚ ਹੋਰ ਸੁਧਾਰਾਂ ਦਾ ਪ੍ਰਸਤਾਵ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ ਹਾਲ ਹੀ ਵਿਚ ਅਗਲੇ ਦੋ ਸਾਲਾਂ ਵਿਚ ਕੈਨੇਡਾ ਵਿਚ ਦਾਖਲ ਹੋਣ ਵਾਲੇ ਸਥਾਈ ਵਸਨੀਕਾਂ ਦੀ ਗਿਣਤੀ ਵਿਚ ਮਹੱਤਵਪੂਰਨ ਕਟੌਤੀ ਕੀਤੀ ਹੈ ਅਤੇ ਅਸਥਾਈ ਵਰਕਰ ਪਰਮਿਟਾਂ ਦੇ ਨਿਯਮਾਂ ਨੂੰ ਸਖ਼ਤ ਕੀਤਾ ਹੈ।

ਕੈਨੇਡੀਅਨ ਅਧਿਕਾਰੀਆਂ ਵੱਲੋਂ ਪ੍ਰਦਾਨ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਸ਼ਰਨਾਰਥੀ ਅਤੇ ਪਨਾਹ ਦੇ ਦਾਅਵਿਆਂ 'ਤੇ ਕਾਰਵਾਈ ਕਰਨ ਲਈ ਔਸਤਨ ਉਡੀਕ ਦਾ ਸਮਾਂ ਲਗਭਗ 44 ਮਹੀਨੇ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਪਾਰਲੀਮਾਨੀ ਕਮੇਟੀ ਅੱਗੇ ਪੇਸ਼ ਹੋਣ ਦੌਰਾਨ ਕਿਹਾ ਕਿ ਅਸਾਇਲਮ ਸਿਸਟਮ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਰਿਹਾ ਜਿਸ ਨੂੰ ਮੁਕੰਮਲ ਤੌਰ 'ਤੇ ਬਦਲਣਾ ਹੋਵੇਗਾ। ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਕੋਲ ਅਕਤੂਬਰ ਦੇ ਅੰਤ ਤੱਕ ਅਸਾਇਲਮ ਦੇ 2 ਲੱਖ 60 ਹਜ਼ਾਰ ਤੋਂ ਵੱਧ ਦਾਅਵੇ ਵਿਚਾਰ ਅਧੀਨ ਸਨ ਅਤੇ ਜਦਕਿ ਇਹ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ।



ਵਿਜ਼ਟਰ ਵੀਜ਼ਾ 'ਤੇ ਆਉਣ ਮਗਰੋਂ ਅਸਾਇਲਮ ਦਾ ਦਾਅਵਾ ਕਰਨ ਵਾਲਿਆਂ ਦੇ ਮਾਮਲਿਆਂ ਨੂੰ ਜਲਦ ਤੋਂ ਜਲਦ ਨਿਬੇੜਨ ਲਈ ਕੈਨੇਡਾ ਸਰਕਾਰ ਨੇ ਕਮਰ ਕਸ ਲਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹਜ਼ਾਰਾਂ ਦਾਅਵੇ ਰੱਦ ਹੋ ਸਕਦੇ ਹਨ। ਮਾਰਕ ਮਿਲਰ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਲੋਕਾਂ ਨੇ ਗ਼ੈਰਵਾਜਬ ਤਰੀਕੇ ਨਾਲ ਪਨਾਹ ਦੇ ਦਾਅਵੇ ਕੀਤੇ ਜਦਕਿ ਉਹ ਇਸ ਦੇ ਬਿਲਕੁਲ ਵੀ ਯੋਗ ਨਹੀਂ ਸਨ। ਇਹ ਹਜ਼ਾਰਾਂ ਸ਼ਰਨਾਰਥੀ ਦਾਅਵੇ ਦਾਇਰ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਦੀ ਸਚਾਈ ਉਤੇ ਮਿਲਰ ਨੇ ਸਵਾਲ ਚੁੱਕੇ ਹਨ।

ਅਕਤੂਬਰ ਵਿਚ 17,400 ਜਣਿਆਂ ਨੇ ਕੈਨੇਡਾ ਵਿਚ ਪਨਾਹ ਦਾ ਦਾਅਵਾ ਕੀਤਾ ਜਦਕਿ ਜੁਲਾਈ ਵਿਚ ਅੰਕੜਾ 20 ਹਜ਼ਾਰ ਦਰਜ ਕੀਤਾ ਗਿਆ ਸੀ। ਅਸਾਇਲਮ ਦੇ 14 ਹਜ਼ਾਰ ਤੋਂ ਵੱਧ ਦਾਅਵੇ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੀਤੇ ਗਏ। ਇਮੀਗ੍ਰੇਸ਼ਨ ਮੰਤਰੀ ਨੇ ਪਾਰਲੀਮਾਨੀ ਕਮੇਟੀ ਨੂੰ ਦੱਸਿਆ ਕਿ ਅਸਾਇਲਮ ਸਿਸਟਮ ਵਿਚ ਸੁਧਾਰਾਂ ਦੌਰਾਨ ਕੌਮਾਂਤਰੀ ਵਿਦਿਆਰਥੀਆਂ ਨੂੰ ਪਨਾਹ ਦਾ ਦਾਅਵਾ ਕਰਨ ਦੇ ਹੱਕ ਤੋਂ ਵਾਂਝਾ ਕੀਤਾ ਜਾ ਸਕਦਾ ਹੈ।

ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਖ਼ੁਦ ਮੰਨ ਕਰਨ ਚੁੱਕੀ ਹੈ ਕਿ ਮੁਲਕ ਵਿਚ ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਚੁੱਕੀ ਹੈ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਸਟੱਡੀ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਵਾਲਿਆਂ ਦੀ ਹੈ। ਤਕਰੀਬਨ 2 ਲੱਖ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਖ਼ਤਮ ਹੋ ਰਹੇ ਹਨ ਜਾਂ ਖ਼ਤਮ ਹੋ ਚੁੱਕੇ ਹਨ ਜਿਸ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਦੌਰਾਨ ਮੁਲਕ ਵਿਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਵਿਚ ਅਥਾਹ ਵਾਧਾ ਹੋ ਸਕਦਾ ਹੈ।

# ਟਰੰਪ ਵੱਲੋਂ ਬ੍ਰਿਕਸ ਮੁਲਕਾਂ ਉਤੇ ਸੌ ਫੀਸਦੀ ਟੈਕਸ ਲਾਉਣ ਦੀ ਧਮਕੀ

**ਵੈਸਟ ਪਾਮ ਬੀਚ (ਫਲੋਰਿਡਾ):** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ 9 ਮੈਂਬਰੀ ਬ੍ਰਿਕਸ ਮੁਲਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਖ਼ਿਲਾਫ਼ 100 ਫ਼ੀਸਦੀ ਟੈਕਸ ਲਾਇਆ ਜਾਵੇਗਾ। ਬ੍ਰਿਕਸ ਮੁਲਕਾਂ 'ਚ ਭਾਰਤ ਸਮੇਤ ਬ੍ਰਾਜ਼ੀਲ, ਰੂਸ, ਚੀਨ, ਦੱਖਣੀ ਅਫ਼ਰੀਕਾ, ਮਿਸਰ, ਇਥੋਪੀਆ, ਇਰਾਨ ਅਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਹਨ। ਤੁਰਕੀ, ਅਜ਼ਰਬਾਇਜਾਨ ਤੇ ਮਲੇਸ਼ੀਆ ਨੇ ਮੈਂਬਰ ਬਣਨ ਲਈ ਦਰਖ਼ਾਸਤ ਦਿੱਤੀ ਹੈ ਅਤੇ ਕਈ ਹੋਰ ਮੁਲਕਾਂ ਨੇ ਵੀ ਬ੍ਰਿਕਸ 'ਚ ਸ਼ਾਮਲ ਹੋਣ ਲਈ ਆਪਣੀ ਦਿਲਚਸਪੀ ਦਿਖਾਈ ਹੈ।

ਅਮਰੀਕੀ ਡਾਲਰ ਆਲਮੀ ਕਾਰੋਬਾਰ 'ਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਕਰੰਸੀ ਹੈ ਅਤੇ ਉਸ ਨੇ ਪਿਛਲੀਆਂ ਚੁਣੌਤੀਆਂ ਦਾ ਡਟ ਕੇ ਟਾਕਰਾ ਕੀਤਾ ਹੈ ਪਰ ਬ੍ਰਿਕਸ ਅਤੇ ਹੋਰ ਵਿਕਾਸਸ਼ੀਲ ਮੁਲਕਾਂ ਨੇ ਕਿਹਾ ਹੈ ਕਿ ਉਹ ਆਲਮੀ ਵਿੱਤੀ ਪ੍ਰਨਾਲੀ 'ਚ ਅਮਰੀਕਾ ਦੇ ਦਬਦਬੇ ਤੋਂ ਤੰਗ ਆ ਚੁੱਕੇ ਹਨ। ਕੌਮਾਂਤਰੀ ਮੁਦਰਾ ਫੰਡ ਮੁਤਾਬਕ ਦੁਨੀਆ ਦੇ ਵਿਦੇਸ਼ੀ ਮੁਦਰਾ ਭੰਡਾਰ 'ਚ ਡਾਲਰ ਦੀ ਪ੍ਰਤੀਨਿਧਤਾ ਕਰੀਬ 58 ਫ਼ੀਸਦੀ ਹੈ ਅਤੇ ਤੇਲ ਵਰਗੀਆਂ ਅਹਿਮ ਵਸਤਾਂ ਦੀ ਵੇਚ-ਵੱਟ ਡਾਲਰ 'ਚ ਹੀ ਹੁੰਦੀ ਹੈ।



ਟਰੁੱਥ ਸੋਸ਼ਲ ਪੋਸਟ 'ਚ ਟਰੰਪ ਨੇ ਕਿਹਾ, ''ਅਸੀਂ ਇਨ੍ਹਾਂ ਮੁਲਕਾਂ ਤੋਂ ਵਚਨਬੱਧਤਾ ਚਾਹੁੰਦੇ ਹਾਂ ਕਿ ਉਹ ਨਾ ਤਾਂ ਨਵੀਂ ਬ੍ਰਿਕਸ ਕਰੰਸੀ ਲਿਆਉਣਗੇ ਅਤੇ ਨਾ ਹੀ ਅਮਰੀਕੀ ਡਾਲਰ ਦੀ ਥਾਂ ਉਤੇ ਹੋਰ ਕਰੰਸੀ ਨੂੰ ਹਮਾਇਤ ਦੇਣਗੇ। ਜੇ ਉਨ੍ਹਾਂ ਅਮਰੀਕੀ ਕਰੰਸੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ 'ਤੇ 100 ਫ਼ੀਸਦੀ ਦਰਾਮਦ ਟੈਕਸ ਲਾਇਆ ਜਾਵੇਗਾ।'' ਜ਼ਿਕਰਯੋਗ ਹੈ ਕਿ ਅਕਤੂਬਰ 'ਚ ਬ੍ਰਿਕਸ ਮੁਲਕਾਂ ਦੇ ਸਿਖਰ ਸੰਮੇਲਨ ਦੌਰਾਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਮਰੀਕਾ ਉਤੇ ਡਾਲਰ ਨੂੰ 'ਹਥਿਆਰ' ਬਣਾ ਕੇ ਵਰਤਣ ਦਾ ਦੋਸ਼ ਲਾਉਂਦਿਆਂ ਕਿਹਾ ਸੀ ਕਿ ਇਹ ਉਸ ਦੀ ਵੱਡੀ ਭੁੱਲ ਹੈ। ਪੂਤਿਨ ਨੇ ਕਿਹਾ ਸੀ ਕਿ ਜੇ ਅਮਰੀਕਾ ਵਪਾਰ ਅਤੇ ਹੋਰ ਕੰਮਾਂ 'ਚ ਅੜਿੱਕੇ ਡਾਹੇਗਾ ਤਾਂ ਮੁਲਕਾਂ ਨੂੰ ਬਦਲ ਲੱਭਣ ਲਈ ਮਜਬੂਰ ਹੋਣਾ ਪਵੇਗਾ। ਖਾਸ ਤੌਰ 'ਤੇ ਰੂਸ ਨੇ ਨਵੀਂ ਅਦਾਇਗੀ ਪ੍ਰਨਾਲੀ ਬਣਾਉਣ ਲਈ ਦਬਾਅ ਬਣਾਇਆ ਹੋਇਆ ਹੈ ਤਾਂ ਜੋ ਪੱਛਮੀ ਮੁਲਕਾਂ ਵੱਲੋਂ ਲਾਗੂ ਪਾਬੰਦੀਆਂ ਤੋਂ ਬਚਿਆ ਜਾ ਸਕੇ। ਉਂਜ ਡਾਲਰ ਨੂੰ ਨੇੜ ਭਵਿੱਖ 'ਚ ਕੋਈ ਖ਼ਤਰਾ ਨਹੀਂ ਹੈ ਅਤੇ ਹੋਰ ਕਰੰਸੀਆਂ 'ਤੇ ਉਸ ਦਾ ਦਬਦਬਾ ਬਰਕਰਾਰ ਰਹੇਗਾ। ਟਰੰਪ ਵੱਲੋਂ ਟੈਕਸ ਲਗਾਉਣ ਦੀ ਧਮਕੀ ਉਸ ਸਮੇਂ ਆਈ ਹੈ ਜਦੋਂ ਉਨ੍ਹਾਂ ਗ਼ੈਰਕਾਨੂੰਨੀ ਪਰਵਾਸੀਆਂ ਅਤੇ ਨਸ਼ੇ ਅਮਰੀਕਾ 'ਚ ਦਾਖ਼ਲ ਹੋਣ ਤੋਂ ਰੋਕਣ ਦੇ ਇਰਾਦੇ ਨਾਲ ਮੈਕਸਿਕੋ ਅਤੇ ਕੈਨੇਡਾ ਤੋਂ ਆਉਣ ਵਾਲੀਆਂ ਵਸਤਾਂ 'ਤੇ 25 ਫ਼ੀਸਦ ਅਤੇ ਚੀਨ ਦੀਆਂ ਵਸਤਾਂ 'ਤੇ 10 ਫ਼ੀਸਦ ਵਾਧੂ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ।

ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬਾਮ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮਸਲੇ 'ਤੇ ਟਰੰਪ ਨਾਲ ਗੱਲਬਾਤ ਕੀਤੀ ਹੈ ਪਰ ਉਨ੍ਹਾਂ ਨੂੰ ਟੈਕਸ 'ਚ ਛੋਟ ਦਾ ਕੋਈ ਭਰੋਸਾ ਨਹੀਂ ਮਿਲਿਆ ਹੈ।

# ਟਰੰਪ ਦੀ ਚਿਤਾਵਨੀ ਪਿੱਛੋਂ ਕੈਨੇਡਾ ਨੇ ਸਰਹੱਦ 'ਤੇ ਸਖ਼ਤੀ ਦਾ ਫੈਸਲਾ ਕੀਤਾ

**ਵੈਨਕੂਵਰ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਹੁਦਾ ਸੰਭਾਲਦਿਆਂ ਹੀ ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਹੁੰਦੇ ਸਾਮਾਨ 'ਤੇ 25 ਫ਼ੀਸਦੀ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਪੂਰਬ ਤੋਂ ਪੱਛਮ ਤੱਕ ਅਮਰੀਕਾ ਨਾਲ ਜੁੜਦੀ 8891 ਕਿਲੋਮੀਟਰ ਲੰਮੀ ਸਰਹੱਦ ਉਤੇ ਸਖ਼ਤੀ ਵਧਾਉਣ ਦਾ ਫ਼ੈਸਲਾ ਕੀਤਾ ਹੈ। ਸਰਹੱਦ ਤੋਂ ਆਰ-ਪਾਰ ਜਾਣ ਲਈ ਛੋਟੇ-ਵੱਡੇ 100 ਦੇ ਕਰੀਬ ਪ੍ਰਵਾਨਿਤ ਲਾਂਘੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਕੀਤੀ ਮੀਟਿੰਗ ਤੋਂ ਬਾਅਦ ਇਸ ਵਾਸਤੇ ਵਾਧੂ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਦੋਵਾਂ ਗੁਆਂਢੀ ਮੁਲਕਾਂ ਨਾਲ ਜੁੜਦੀਆਂ ਸਰਹੱਦਾਂ 'ਤੇ ਸਖ਼ਤੀ ਨਾ ਹੋਣ ਕਾਰਨ ਗਲਤ ਅਨਸਰ ਤੇ ਸਾਮਾਨ ਅਮਰੀਕਾ 'ਚ ਦਾਖ਼ਲ ਹੁੰਦਾ ਹੈ, ਜਿਸ 'ਤੇ ਰੋਕ ਲੱਗਣੀ ਜ਼ਰੂਰੀ ਹੈ। ਉਨ੍ਹਾਂ ਸਖ਼ਤੀ ਨਾ ਹੋਣ ਦਾ ਠੀਕਰਾ ਕੈਨੇਡਾ ਅਤੇ ਮੈਕਸੀਕੋ ਸਿਰ ਭੰਨਿਆ ਸੀ। ਬਰਾਮਦ ਟੈਕਸ ਵਿਚ ਵਾਧਾ ਕੈਨੇਡਾ ਦੀ ਸਨਅਤ ਲਈ ਘਾਤਕ ਸਾਬਤ ਹੋ ਸਕਦਾ ਹੈ। ਕੈਨੇਡਾ ਵੱਲੋਂ ਦੇਸ਼ ਦੀ ਸਰਹੱਦ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐਸ.ਏ.) ਜ਼ਿੰਮੇ ਹੁੰਦੀ ਹੈ, ਜਿਸ ਦੀ ਨਫ਼ਰੀ ਤੇ ਸਾਜੋ ਸਾਮਾਨ ਵਿਚ ਵਾਧੇ ਲਈ ਕੇਂਦਰ ਨੇ ਹੋਰ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ।

ਪ੍ਰਧਾਨ ਮੰਤਰੀ ਟਰੂਡੋ ਵੱਲੋਂ ਸੂਬਾਈ ਮੁੱਖ ਮੰਤਰੀਆਂ ਨਾਲ ਕੀਤੀ ਗਈ ਮੀਟਿੰਗ ਵਿੱਚ ਉਨ੍ਹਾਂ ਨੂੰ ਸੁਚੇਤ ਕੀਤਾ ਗਿਆ ਕਿ ਦੋ ਮਹੀਨੇ ਬਾਅਦ ਅਮਰੀਕਨ ਰਾਸ਼ਟਰਪਤੀ ਦੇ ਕਿਸੇ ਫ਼ੈਸਲੇ ਤੋਂ ਪਹਿਲਾਂ ਸਖ਼ਤੀ ਦੇ ਨਤੀਜੇ ਸਾਹਮਣੇ ਲਿਆਉਣੇ ਪੈਣਗੇ। ਇਸ ਤੋਂ ਪਹਿਲਾਂ ਕੈਨੇਡਾ ਨੇ ਇਹ ਕਹਿ ਕੇ ਆਪਣੇ-ਆਪ ਨੂੰ ਸੁਰਖ਼ਰੂ ਕਰ ਲਿਆ ਸੀ ਕਿ ਅਮਰੀਕਾ ਵਿੱਚ ਸਰਹੱਦੀ ਨਾਜਾਇਜ਼ ਲਾਂਘੇ ਸਿਰਫ਼ ਮੈਕਸੀਕੋ ਵਾਲੇ ਪਾਸਿਓਂ ਹਨ, ਪਰ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਦੀ ਘੋਖ ਤੋਂ ਹਫ਼ਤੇ ਬਾਅਦ ਪ੍ਰੀਮੀਅਰਾਂ ਦੀ ਮੀਟਿੰਗ ਵਿੱਚ ਅਜਿਹਾ ਐਲਾਨ ਕੀਤੇ ਜਾਣ 'ਤੇ ਸਭ ਨੂੰ ਹੈਰਾਨੀ ਤਾਂ ਹੋਈ, ਪਰ ਇਸ ਨੂੰ ਚੰਗਾ ਫ਼ੈਸਲਾ ਮੰਨਿਆ ਗਿਆ।

# ਡੋਨਲਡ ਟਰੰਪ ਵਲੋਂ ਭਾਰਤੀ ਮੂਲ ਦਾ ਕਾਸ਼ ਪਟੇਲ ਐਫ.ਬੀ.ਆਈ. ਡਾਇਰੈਕਟਰ ਨਿਯੁਕਤ

**ਵਾਸ਼ਿੰਗਟਨ:** ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਕਾਸ਼ ਪਟੇਲ (44) ਨੂੰ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦਾ ਡਾਇਰੈਕਟਰ ਨਾਮਜ਼ਦ ਕੀਤਾ ਹੈ। ਪਟੇਲ ਇਸ ਨਾਮਜ਼ਦਗੀ ਨਾਲ ਅਗਾਮੀ ਟਰੰਪ ਪ੍ਰਸ਼ਾਸਨ ਵਿਚ ਸਿਖਰਲਾ ਅਹੁਦਾ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਅਮਰੀਕੀ ਬਣ ਗਏ ਹਨ।

ਟਰੰਪ ਨੇ ਆਪਣੀ ਮਾਲਕੀ ਵਾਲੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' ਉੱਤੇ ਐਲਾਨ ਕੀਤਾ, ''ਮੈਨੂੰ ਇਹ ਐਲਾਨ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਕਸ਼ਯਪ 'ਕਾਸ਼' ਪਟੇਲ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਅਗਲੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਣਗੇ। ਕਾਸ਼ ਬਹੁਤ ਵਧੀਆ ਵਕੀਲ, ਤਫ਼ਤੀਸ਼ਕਾਰ ਅਤੇ 'ਅਮਰਿਕਾ ਫਸਟ' ਜੰਗਜੂ ਹੈ, ਜਿਸ ਨੇ ਆਪਣਾ ਕਰੀਅਰ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ, ਨਿਆਂ ਦੀ ਰੱਖਿਆ ਅਤੇ ਅਮਰੀਕੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਉਤੇ ਲਾ ਦਿੱਤਾ।'' ਟਰੰਪ ਨੇ ਕਿਹਾ ਕਿ ਪਟੇਲ ਨੇ 'ਰਸ਼ੀਆ ਰਸ਼ੀਆ



ਰਸ਼ੀਆ ਹੋਕਸ' ਬੇਨਕਾਬ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਉਹ ਸੱਚ, ਜਵਾਬਦੇਹੀ ਤੇ ਸੰਵਿਧਾਨ ਦੀ ਵਕਾਲਤ ਲਈ ਖੜ੍ਹਿਆ ਰਿਹਾ।

ਪਟੇਲ ਨੇ 2017 ਵਿਚ ਟਰੰਪ ਪ੍ਰਸ਼ਾਸਨ ਦੇ ਆਖਰੀ ਕੁਝ ਹਫ਼ਤਿਆਂ ਵਿਚ ਅਮਰੀਕਾ ਦੇ ਕਾਰਜਕਾਰੀ ਰੱਖਿਆ ਮੰਤਰੀ ਦੇ ਚੀਫ ਆਫ ਸਟਾਫ ਵਜੋਂ ਸੇਵਾਵਾਂ ਨਿਭਾਈਆਂ ਸਨ। ਟਰੰਪ ਨੇ ਕਿਹਾ, ''ਕਾਸ਼ ਨੇ ਮੇਰੇ ਪਹਿਲੇ ਕਾਰਜਕਾਲ ਦੌਰਾਨ ਸ਼ਾਨਦਾਰ ਕੰਮ ਕੀਤਾ। ਉਹਨੇ ਰੱਖਿਆ ਵਿਭਾਗ ਵਿਚ ਚੀਫ ਆਫ ਸਟਾਫ, ਨੈਸ਼ਨਲ ਇੰਟੈਲੀਜੈਂਸ ਦੇ ਡਿਪਟੀ ਡਾਇਰੈਕਟਰ ਅਤੇ ਕੌਮੀ ਸੁਰੱਖਿਆ ਕੌਂਸਲ ਵਿਚ ਅਤਿਵਾਦ ਦੇ ਟਾਕਰੇ ਨੂੰ ਲੈ ਕੇ ਵਿਭਾਗ ਦੇ ਸੀਨੀਅਰ ਡਾਇਰੈਕਟਰ ਵਜੋਂ ਕੰਮ ਕੀਤਾ। ਉਹ 60 ਤੋਂ ਵੱਧ ਕੇਸਾਂ 'ਚ ਸਰਕਾਰ ਵੱਲੋਂ ਪੇਸ਼ ਹੋਇਆ।'' ਨਿਊ ਯਾਰਕ ਵਿਚ ਪੈਦਾ ਹੋਏ ਪਟੇਲ ਦੀਆਂ ਜੜ੍ਹਾਂ ਗੁਜਰਾਤ ਵਿਚ ਹਨ। ਪਟੇਲ ਦੇ ਮਾਤਾ ਪਿਤਾ ਈਸਟ ਅਫ਼ਰੀਕਾ- ਮਾਂ ਤਨਜ਼ਾਨੀਆ ਅਤੇ ਪਿਤਾ ਯੁਗਾਂਡਾ ਤੋਂ ਹਨ ਜੋ 1970 ਵਿਚ ਕੈਨੇਡਾ ਤੋਂ ਅਮਰੀਕਾ ਆਏ ਸਨ। ਪਟੇਲ ਨੇ ਆਪਣੀ ਇਕ ਇੰਟਰਵਿਊ ਵਿਚ ਕਿਹਾ ਸੀ, ''ਅਸੀਂ ਗੁਜਰਾਤੀ ਹਾਂ।'' ਪਟੇਲ ਪਰਿਵਾਰ 70ਵਿਆਂ ਦੇ ਅਖੀਰ ਵਿਚ ਨਿਊ ਯਾਰਕ ਦੇ ਕੁਈਨਜ਼ ਵਿਚ ਆਇਆ ਸੀ। ਪਟੇਲ ਦਾ ਜਨਮ ਤੇ ਪਰਵਰਿਸ਼ ਇਥੇ ਹੀ ਹੋਈ।

## ਭਾਰਤ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਕਮਿਸ਼ਨ ਦਾ ਮੁੜ ਮੈਂਬਰ ਬਣਿਆ

**ਨਿਊ ਯਾਰਕ:** ਭਾਰਤ ਨੂੰ ਸਾਲ 2025-26 ਲਈ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਕਮਿਸ਼ਨ ਦੇ ਮੈਂਬਰ ਵਜੋਂ ਮੁੜ ਚੁਣਿਆ ਗਿਆ ਹੈ। ਕਮਿਸ਼ਨ 'ਚ ਭਾਰਤ ਦਾ ਮੌਜੂਦਾ ਕਾਰਜਕਾਲ 31 ਦਸੰਬਰ ਨੂੰ ਖ਼ਤਮ ਹੋ ਰਿਹਾ ਹੈ। ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਮਿਸ਼ਨ ਨੇ ਸੋਸ਼ਲ ਮੀਡੀਆ ਮੰਚ 'ਐਕਸ' ਉਤੇ ਪੋਸਟ 'ਚ ਕਿਹਾ, 'ਭਾਰਤ ਨੂੰ 2025-26 ਲਈ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ ਕਮਿਸ਼ਨ (ਪੀ.ਬੀ.ਸੀ.) ਲਈ ਮੁੜ ਚੁਣਿਆ ਗਿਆ ਹੈ। ਬਾਨੀ ਮੈਂਬਰ ਅਤੇ ਸੰਯੁਕਤ ਰਾਸ਼ਟਰ ਸ਼ਾਂਤੀ ਸਥਾਪਨਾ 'ਚ ਪ੍ਰਮੁੱਖ ਯੋਗਦਾਨ ਦੇਣ ਵਾਲੇ ਮੁਲਕ ਦੇ ਰੂਪ 'ਚ ਭਾਰਤ ਆਲਮੀ ਸ਼ਾਂਤੀ ਤੇ ਸਥਿਰਤਾ ਦੀ ਦਿਸ਼ਾ 'ਚ ਕੰਮ ਕਰਨ ਲਈ ਪੀ.ਬੀ.ਸੀ. ਨਾਲ ਜੁੜੇ ਰਹਿਣ ਲਈ ਵਚਨਬੱਧ ਹੈ।' ਪੀ.ਬੀ.ਸੀ. ਵਿਚ 31 ਮੈਂਬਰ ਮੁਲਕ ਹਨ ਜੋ ਸੰਯੁਕਤ ਰਾਸ਼ਟਰ ਮਹਾਸਭਾ, ਸੁਰੱਖਿਆ ਕੌਂਸਲ ਅਤੇ ਆਰਥਿਕ ਤੇ ਸਮਾਜਿਕ ਕੌਂਸਲ ਤੋਂ ਚੁਣੇ ਜਾਂਦੇ ਹਨ।

## ਹਸੀਨਾ ਖਿਲਾਫ ਮੁਕੱਦਮਾ ਚਲਾਉਣ ਦੀ ਮੰਗ

ਢਾਕਾ: ਬੰਗਲਾਦੇਸ਼ ਨੇ ਅਹੁਦੇ ਤੋਂ ਹਟਾਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਕੌਮਾਂਤਰੀ ਅਪਰਾਧ ਅਦਾਲਤ 'ਚ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਅੰਤਰਿਮ ਸਰਕਾਰ ਦੇ ਮੁਖੀ ਮੁਹੰਮਦ ਯੂਨਸ ਦੇ ਦਫ਼ਤਰ ਨੇ ਦਿੱਤੀ। ਮੁੱਖ ਸਲਾਹਕਾਰ ਦੇ ਪ੍ਰੈੱਸ ਵਿੰਗ ਦੇ ਅਧਿਕਾਰੀ ਨੇ ਕਿਹਾ, ''ਮੁੱਖ ਸਲਾਹਕਾਰ ਯੂਨਸ ਨੇ ਕੌਮਾਂਤਰੀ ਅਪਰਾਧ ਅਦਾਲਤ ਦੇ ਵਕੀਲ ਕਰੀਮ ਏ ਖਾਨ ਨਾਲ ਮੁਲਾਕਾਤ ਕਰਕੇ ਹਸੀਨਾ ਦੇ ਮੁਕੱਦਮੇ ਦੇ ਮੁੱਦੇ 'ਤੇ ਚਰਚਾ ਕੀਤੀ।'' ਉਨ੍ਹਾਂ ਕਿਹਾ ਕਿ ਯੂਨਸ ਨੇ ਖਾਨ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਖ਼ਿਲਾਫ਼ 15 ਸਾਲਾਂ ਦੌਰਾਨ ਲੋਕਾਂ ਨੂੰ ਗਾਇਬ ਕਰਨ ਦੇ ਦੋਸ਼ਾਂ ਨੂੰ ਅੱਗੇ ਵਧਾਉਣ ਦਾ ਇਰਾਦਾ ਰੱਖਦੀ ਹੈ।

# ਖਾਲਿਦਾ ਜ਼ਿਆ ਦੇ ਪੁੱਤਰ ਸਣੇ ਸਾਰੇ ਮੁਲਜ਼ਮ ਬਰੀ

**ਢਾਕਾ:** ਬੰਗਲਾਦੇਸ਼ ਵਿਚ ਢਾਕਾ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੱਦ ਕਰਦੇ ਹੋਏ 2004 ਵਿਚ ਆਵਾਮੀ ਲੀਗ ਦੀ ਆਗੂ ਸ਼ੇਖ ਹਸੀਨਾ ਦੀ ਰੈਲੀ ਵਿਚ ਹੋਏ ਗ੍ਰਨੇਡ ਹਮਲੇ ਦੇ ਮਾਮਲੇ ਵਿਚ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦੇ ਪੁੱਤਰ ਤਾਰਿਕ ਰਹਿਮਾਨ ਅਤੇ ਸਾਬਕਾ ਰਾਜ ਮੰਤਰੀ ਲੁਤਫੋਜ਼ਮਾਂ ਬਾਬਰ ਸਣੇ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ।

ਅਟਾਰਨੀ ਜਨਰਲ ਦਫ਼ਤਰ ਦੇ ਤਰਜਮਾਨ ਨੇ ਕਿਹਾ, ''ਹਾਈ ਕੋਰਟ ਨੇ ਹੇਠਲੀ ਅਦਾਲਤ ਦੇ



ਫੈਸਲੇ ਨੂੰ ਰੱਦ ਕਰ ਦਿੱਤਾ ਅਤੇ ਤਾਰਿਕ ਰਹਿਮਾਨ ਸਣੇ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ।'' ਰਹਿਮਾਨ (57) ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ.) ਦੇ ਕਾਰਜਕਾਰੀ ਪ੍ਰਧਾਨ ਹਨ। ਢਾਕਾ ਦੇ ਬੰਗਬੰਧੂ ਐਵੇਨਿਊ ਵਿਚ ਆਵਾਮੀ ਲੀਗ ਦੀ ਰੈਲੀ ਉਤੇ ਗ੍ਰਨੇਡ ਹਮਲੇ ਤੋਂ ਬਾਅਦ ਦੋ ਕੇਸ - ਇਕ ਹੱਤਿਆ ਅਤੇ ਦੂਜਾ ਧਮਾਕਾਖੇਜ਼ ਸਮੱਗਰੀ ਐਕਟ ਤਹਿਤ ਦਰਜ ਕੀਤੇ ਗਏ ਸਨ। ਇਸ ਹਮਲੇ ਵਿਚ 24 ਵਿਅਕਤੀ ਮਾਰੇ ਗਏ ਅਤੇ ਲਗਭਗ 300 ਵਿਅਕਤੀ ਜ਼ਖ਼ਮੀ ਹੋ ਗਏ ਸਨ।

ਜਸਟਿਸ ਏ.ਕੇ.ਐਮ. ਅਸਦਉਜ਼ਜ਼ਮਾਂ ਅਤੇ ਜਸਟਿਸ ਸਈਦ ਇਨਾਇਤ ਹੁਸੈਨ ਦੇ ਬੈਂਚ ਨੇ ਮਾਮਲੇ ਦੇ ਸਾਰੇ 49 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਅਤੇ ਕਿਹਾ ਕਿ ਮਾਮਲਿਆਂ ਵਿਚ ਹੇਠਲੀ ਅਦਾਲਤ ਦਾ ਫੈਸਲਾ ਗੈਰ-ਕਾਨੂੰਨੀ ਸੀ। ਹੇਠਲੀ ਅਦਾਲਤ ਮੁਫ਼ਤੀ ਅਬਦੁਲ ਹੰਨਾਨ ਦੇ ਕਬੂਲਨਾਮੇ ਦੇ ਆਧਾਰ 'ਤੇ ਇਹ ਫੈਸਲਾ ਸੁਣਾਇਆ ਸੀ।

## ਮੁਕੱਦਮੇ ਦੇ ਨਿਬੇੜੇ ਲਈ ਸਮਾਂ ਸੀਮਾ ਤੈਅ ਕਰਨਾ ਠੀਕ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜ਼ਮਾਨਤ ਪਟੀਸ਼ਨਾਂ ਖਾਰਜ ਕਰਦਿਆਂ ਮੁਕੱਦਮੇ ਦੀ ਸੁਣਵਾਈ ਪੂਰੀ ਕਰਨ ਲਈ ਸਮਾਂ ਸੀਮਾ ਤੈਅ ਕਰਨ ਦੇ ਹਾਈ ਕੋਰਟਾਂ ਦੇ ਨਿਰਦੇਸ਼ਾਂ 'ਤੇ ਇਤਰਾਜ਼ ਜ਼ਾਹਿਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਨੂੰ ਲਾਗੂ ਕਰਨਾ ਮੁਸ਼ਕਲ ਹੈ ਤੇ ਇਸ ਨਾਲ ਸਬੰਧਤ ਧਿਰਾਂ 'ਚ ਝੂਠੀ ਉਮੀਦ ਜਾਗਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਅਜਿਹੇ ਨਿਰਦੇਸ਼ਾਂ ਨਾਲ ਹੇਠਲੀਆਂ ਅਦਾਲਤਾਂ ਦੇ ਕੰਮਕਾਰ ਉਤੇ ਮਾੜਾ ਅਸਰ ਪੈਂਦਾ ਹੈ ਕਿ ਕਿਉਂਕਿ ਹੇਠਲੀਆਂ ਅਦਾਲਤਾਂ 'ਚ ਇਕ ਹੀ ਤਰ੍ਹਾਂ ਦੇ ਪੁਰਾਣੇ ਮਾਮਲੇ ਪੈਂਡਿੰਗ ਹੋ ਸਕਦੇ ਹਨ। ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਅਗਸਟੀਨ ਜੌਰਜ ਮਸੀਹ ਦੇ ਬੈਂਚ ਨੇ ਕਿਹਾ, 'ਅਸੀਂ ਹਰ ਦਿਨ ਦੇਖ ਰਹੇ ਹਾਂ ਕਿ ਵੱਖ-ਵੱਖ ਹਾਈ ਕੋਰਟ ਪਟੀਸ਼ਨਾਂ ਖਾਰਜ ਕਰਕੇ ਮੁਕੱਦਮਿਆਂ ਦੇ ਨਿਬੇੜੇ ਲਈ ਸਮਾਂਬੱਧ ਪ੍ਰੋਗਰਾਮ ਤਿਆਰ ਕਰ ਰਹੇ ਹਨ।' ਬੈਂਚ ਨੇ ਇਹ ਹੁਕਮ ਇਕ ਵਿਅਕਤੀ ਨੂੰ ਜ਼ਮਾਨਤ ਦਿੰਦਿਆਂ ਪਾਸ ਕੀਤਾ, ਜੋ ਜਾਅਲੀ ਨੋਟਾਂ ਦੇ ਮਾਮਲੇ 'ਚ ਢਾਈ ਸਾਲ ਤੋਂ ਜੇਲ੍ਹ 'ਚ ਹੈ।

# ਕੈਨੇਡਾ: ਸ਼ੈਰੀਡਨ ਕਾਲਜ ਵੱਲੋਂ 40 ਪ੍ਰੋਗਰਾਮ ਮੁਅੱਤਲ ਕਰਨ ਦਾ ਐਲਾਨ

**ਵਿਨੀਪੈਗ:** ਫੈਡਰਲ ਸਰਕਾਰ ਵੱਲੋਂ ਕੌਮਾਂਤਰੀ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਉਤੇ ਕੈਪ ਲਾਉਣ ਦੇ ਐਲਾਨ ਮਗਰੋਂ ਸ਼ੈਰੀਡਨ ਕਾਲਜ ਵੱਲੋਂ ਜਿੱਥੇ ਆਪਣੇ 40 ਪ੍ਰੋਗਰਾਮ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ, ਉਥੇ ਸਟਾਫ਼ ਵੀ ਘਟਾ ਦਿੱਤਾ ਗਿਆ ਹੈ।



ਸਰਕਾਰ ਦੇ ਐਲਾਨ ਮਗਰੋਂ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨ ਵਾਲਾ ਇਹ ਪਹਿਲਾ ਕਾਲਜ ਹੈ। ਕਾਲਜ ਅਨੁਸਾਰ ਕੈਂਪਸ ਵਿਚ 40,000 ਤੋਂ ਵੱਧ ਵਿਦਿਆਰਥੀ ਹਨ। ਇਹ ਕੈਨੇਡਾ ਦਾ ਮੋਹਰੀ ਦਾ ਐਨੀਮੇਸ਼ਨ ਕਾਲਜ ਹੈ ਜਿਸ ਵਿਚੋਂ ਸੱਤ ਸ਼ੈਰੀਡਨ-ਸਿਖਲਾਈ ਪ੍ਰਾਪਤ ਐਨੀਮੇਟਰਾਂ ਨੇ ਅਕੈਡਮੀ ਐਵਾਰਡ ਜਿੱਤਿਆ ਹੈ। ਓਂਟਾਰੀਓ ਦੇ ਇਸ ਕਾਲਜ ਨੇ ਸਰਕਾਰੀ ਨੀਤੀ ਵਿੱਚ ਤਬਦੀਲੀ ਅਤੇ ਦਾਖ਼ਲੇ ਵਿੱਚ ਗਿਰਾਵਟ ਦਾ ਹਵਾਲਾ ਦਿੰਦਿਆਂ ਆਪਣੇ ਦਰਜਨਾਂ ਪ੍ਰੋਗਰਾਮਾਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਆਪਣੇ ਸਟਾਫ਼ ਨੂੰ ਘਟਾ ਦਿੱਤਾ ਹੈ। ਸ਼ੈਰੀਡਨ ਕਾਲਜ ਨੇ ਆਪਣੀ ਵੈੱਬਸਾਈਟ 'ਤੇ ਕਿਹਾ, 'ਇਨ੍ਹਾਂ ਪ੍ਰੋਗਰਾਮਾਂ ਵਿਚ ਸਾਰੇ ਮੌਜੂਦਾ ਵਿਦਿਆਰਥੀਆਂ ਨੂੰ ਗ੍ਰੈਜੂਏਟ ਹੋਣ ਦਾ ਮੌਕਾ ਮਿਲੇਗਾ, ਪਰ ਅਸੀਂ ਅੱਗੇ ਨਵੇਂ ਸਾਲ ਦੇ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦੇਵਾਂਗੇ।'

ਬਰੈਂਪਟਨ, ਮਿਸੀਸਾਗਾ ਅਤੇ ਓਕਵਿਲੇ ਵਿੱਚ ਕੈਂਪਸ ਰੱਖਣ ਵਾਲੇ ਕਾਲਜ ਨੇ ਕਿਹਾ ਕਿ ਕੁਝ ਮੁਅੱਤਲੀਆਂ ਮਈ ਦੇ ਸ਼ੁਰੂ ਵਿੱਚ ਲਾਗੂ ਹੋਣਗੀਆਂ ਪਰ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਪ੍ਰੋਗਰਾਮ ਬੰਦ ਹੋ ਜਾਣਗੇ। ਸ਼ੈਰੀਡਨ ਕਾਲਜ ਵਿੱਚ ਪ੍ਰਭਾਵਿਤ ਮੁਅੱਤਲ ਕੀਤੇ ਜਾ ਰਹੇ ਪ੍ਰੋਗਰਾਮਾਂ ਵਿੱਚ ਅਪਲਾਈਡ ਸਾਇੰਸ ਐਂਡ ਟੈਕਨਾਲੋਜੀ ਦੀ ਫੈਕਲਟੀ ਵਿਚ 13, ਬਿਜ਼ਨਸ ਪ੍ਰੋਗਰਾਮਾਂ ਦੇ 13, ਐਨੀਮੇਸ਼ਨ, ਆਰਟਸ ਅਤੇ ਡਿਜ਼ਾਈਨ ਦੀ ਫੈਕਲਟੀ ਵਿੱਚ ਛੇ, ਅਪਲਾਈਡ ਹੈਲਥ ਐਂਡ ਕਮਿਊਨਿਟੀ ਸਟੱਡੀਜ਼ ਦੀ ਫੈਕਲਟੀ ਵਿੱਚ ਪੰਜ ਅਤੇ ਹਿਊਮੈਨਿਟੀ ਅਤੇ ਸਮਾਜਿਕ ਵਿਗਿਆਨ ਵਿੱਚ ਤਿੰਨ ਪ੍ਰੋਗਰਾਮ ਸ਼ਾਮਲ ਹਨ।

ਇਸ ਸਾਲ ਦੀ ਸ਼ੁਰੂਆਤ ਵਿੱਚ ਓਟਾਵਾ ਨੇ ਐਲਾਨ ਕੀਤਾ ਸੀ ਕਿ ਉਹ ਰਿਹਾਇਸ਼ ਦੀ ਘਾਟ ਅਤੇ ਰਹਿਣ ਦੀ ਲਾਗਤ ਦੇ ਜਵਾਬ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਦੀ ਗਿਣਤੀ ਘਟਾ ਰਿਹਾ ਹੈ। ਪਿਛਲੇ ਮਹੀਨੇ ਕੌਂਸਲ ਆਫ਼ ਓਂਟਾਰੀਓ ਯੂਨੀਵਰਸਿਟੀਜ਼ ਨੇ ਕਿਹਾ ਸੀ ਕਿ ਇਸ ਸੀਮਾ ਨਾਲ ਓਂਟਾਰੀਓ ਦੇ ਸਕੂਲਾਂ ਨੂੰ ਲਗਪਗ 1 ਅਰਬ ਡਾਲਰ ਦਾ ਮਾਲੀਆ ਨੁਕਸਾਨ ਹੋ ਸਕਦਾ ਹੈ। ਕਾਲਜ ਦੀ ਪ੍ਰਧਾਨ ਜੈਨੇਟ ਮੌਰੀਸਨ ਦੇ ਬਿਆਨ ਅਨੁਸਾਰ ਕਾਲਜ ਦਾ ਅਨੁਮਾਨ ਹੈ ਕਿ ਅਗਲੇ ਸਾਲ 30 ਫੀਸਦੀ ਘੱਟ ਵਿਦਿਆਰਥੀ ਦਾਖ਼ਲਾ ਲੈਣਗੇ ਜਿਸ ਨਾਲ ਮਾਲੀਏ ਵਿੱਚ ਤਕਰੀਬਨ 11.2 ਕਰੋੜ ਡਾਲਰ ਦੀ ਕਮੀ ਆਵੇਗੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 7 ਦਸੰਬਰ, 2024

# ਅਕਾਲੀ ਸਿਆਸਤ ਅਤੇ ਪੰਜਾਬ

ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੁਣਾਇਆ ਫੈਸਲਾ ਵਾਕਈ ਇਤਿਹਾਸਕ ਅਤੇ ਫੈਸਲਾਕੁਨ ਹੈ। ਸਿਆਸੀ ਮਾਹਿਰ ਠੋਕ-ਵਜਾ ਕੇ ਇਹ ਗੱਲਾਂ ਆਖ ਰਹੇ ਹਨ ਕਿ ਇਸ ਫੈਸਲੇ ਦਾ ਆਉਣ ਵਾਲੀ ਅਕਾਲੀ ਸਿਆਸਤ ਉਤੇ ਵੱਡਾ ਅਸਰ ਪਵੇਗਾ। ਚੇਤੇ ਰਹੇ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ 2007 ਤੋਂ 2017 ਤੱਕ ਚੱਲੀ ਅਕਾਲੀ-ਭਾਜਪਾ ਸਰਕਾਰ ਤੋਂ ਬਾਅਦ ਅਕਾਲੀ ਦਲ ਦਾ ਗਰਾਫ ਲਗਾਤਾਰ ਹੇਠਾਂ ਗਿਆ ਹੈ। ਬਾਦਲ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨਾਲ ਜਿਸ ਤਰ੍ਹਾਂ ਨਾਲ ਨਜਿੱਠਣ ਦਾ ਯਤਨ ਕੀਤਾ, ਇਹ ਉਸੇ ਦਾ ਹੀ ਨਤੀਜਾ ਹੈ ਕਿ ਅੱਜ ਸਮੁੱਚੀ ਅਕਾਲੀ ਲੀਡਰਸ਼ਿਪ ਪੰਜਾਬ ਦੀ ਸਿਆਸਤ ਵਿਚ ਬੁਰੀ ਤਰ੍ਹਾਂ ਰੁਲ ਕੇ ਰਹਿ ਗਈ ਹੈ। ਕੁਝ ਲੋਕ ਇਸ ਨੂੰ ਅਕਾਲੀ ਦਲ ਵੱਲੋਂ ਪੰਥ ਦੀ ਪਹਿਰੇਦਾਰੀ ਛੱਡ ਕੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾਉਣ ਨਾਲ ਜੋੜ ਕੇ ਵੀ ਦੇਖਿਆ ਜਾਂਦਾ ਹੈ ਪਰ ਇਥੇ ਵੱਡਾ ਸਵਾਲ ਇਹ ਹੈ: ਕੀ ਅਕਾਲੀ ਦਲ ਨੂੰ ਸਮੁੱਚੇ ਪੰਜਾਬੀਆਂ ਦੀ ਪਾਰਟੀ ਨਹੀਂ ਸੀ ਬਣਨਾ ਚਾਹੀਦਾ? ਅਸਲ ਵਿਚ, ਮਸਲਾ ਤਾਂ ਅਕਾਲੀ ਦਲ ਉਤੇ ਪਹਿਲਾਂ ਇਕ ਪਰਿਵਾਰ ਦੇ ਕਬਜ਼ੇ ਅਤੇ ਫਿਰ ਸਾਰੀਆਂ ਸਿੱਖ ਸੰਸਥਾਵਾਂ ਉਤੇ ਕਬਜ਼ੇ ਦਾ ਹੈ। ਇਸ ਕਬਜ਼ੇ ਕਾਰਨ ਅਕਾਲੀ ਦਲ ਅਤੇ ਸਿੱਖ ਸੰਸਥਾਵਾਂ ਦਾ ਬਹੁਤ ਘਾਣ ਹੋਇਆ। ਇਸ ਤੋਂ ਵੱਡਾ ਨਿਘਾਰ ਹੋਰ ਕੀ ਹੋਵੇਗਾ ਕਿ ਐਤਕੀਂ ਪੰਜਾਬ ਵਿਚ ਚਾਰ ਵਿਧਾਨ ਸਭਾ ਹਲਕਿਆਂ ਲਈ ਹੋਈਆਂ ਉਪ ਚੋਣਾਂ ਵਿਚ ਅਕਾਲੀ ਦਲ ਨੇ ਆਪਣੇ ਉਮੀਦਵਾਰ ਵੀ ਖੜ੍ਹੇ ਨਹੀਂ ਕੀਤੇ।

ਇਸੇ ਕਰ ਕੇ ਹੀ ਹੁਣ ਸਭ ਦੀਆਂ ਨਜ਼ਰਾਂ ਪੰਜ ਸਿੰਘ ਸਾਹਿਬਾਨ ਉਤੇ ਲੱਗੀਆਂ ਹੋਈਆਂ ਸਨ। ਇਸ ਮਾਮਲੇ ਵਿਚ ਵੀ ਪਿਛਲੇ ਕੁਝ ਮਹੀਨਿਆਂ ਤੋਂ ਵਾਹਵਾ ਸਿਆਸਤ ਹੋਈ। ਉਂਝ, ਪੰਜ ਸਿੰਘ ਸਾਹਿਬਾਨ ਦੇ ਰਵੱਈਏ ਨੇ ਸਪਸ਼ਟ ਕਰ ਦਿੱਤਾ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਐਤਕੀਂ ਸੁਣਾਇਆ ਜਾਣ ਵਾਲਾ ਫੈਸਲਾ ਵੱਖਰਾ ਹੋਵੇਗਾ ਅਤੇ 2 ਦਸੰਬਰ ਨੂੰ ਜਿਹੜਾ ਫੈਸਲਾ ਆਇਆ, ਉਹ ਕੁਝ ਹਲਕਿਆਂ ਲਈ ਹੈਰਾਨ ਕਰਨ ਵਾਲਾ ਵੀ ਸੀ। ਇਸ ਦੇ ਨਾਲ ਹੀ ਸਿੰਘ ਸਾਹਿਬਾਨ ਨੇ ਜਿਸ ਢੰਗ ਨਾਲ ਫੈਸਲਾ ਸੁਣਾਇਆ, ਉਸ ਨਾਲ ਵੀ ਕੁਝ ਹਲਕੇ ਅਸ਼-ਅਸ਼ ਕਰ ਉਠੇ। ਉਨ੍ਹਾਂ ਸਪਸ਼ਟ ਐਲਾਨ ਕੀਤਾ ਕਿ ਇਸ ਫੈਸਲੇ ਨਾਲ ਸਿੱਖੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਪਹਿਲਾਂ ਵਾਲਾ ਜਲੌਅ ਬਰਕਰਾਰ ਹੋਇਆ ਹੈ ਜਿਸ ਨੂੰ ਪਿਛਲੇ ਕੁਝ ਸਮੇਂ ਤੋਂ ਢਾਹ ਲੱਗਦੀ ਰਹੀ ਸੀ। ਇਹ ਉਹੀ ਸਮਾਂ ਸੀ ਜਦੋਂ ਸਿੱਖ ਸੰਸਥਾਵਾਂ ਬਾਰੇ ਵੱਡੇ ਫੈਸਲੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹੀ ਕੀਤੇ ਜਾਂਦੇ ਸਨ।

ਇਹ ਇਸੇ ਦਾ ਹੀ ਨਤੀਜਾ ਸੀ ਕਿ ਅਕਾਲੀ ਦਲ ਦੀ ਅਗਵਾਈ ਹੇਠ ਰਹੀਆਂ ਸਰਕਾਰਾਂ ਦੌਰਾਨ ਪੰਥ ਅਤੇ ਪੰਜਾਬ ਦੇ ਹਿੱਤਾਂ ਖਿਲਾਫ ਕੀਤੇ ਬੱਜਰ ਗੁਨਾਹਾਂ ਬਦਲੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਅਰਸੇ ਦੌਰਾਨ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਰਹੇ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨੂੰ ਸੁਣਾਈ ਸਜ਼ਾ ਨੂੰ ਇਤਿਹਾਸਕ ਫ਼ੈਸਲਾ ਆਖਿਆ ਗਿਆ ਹੈ। ਸੁਖਬੀਰ ਸਿੰਘ ਬਾਦਲ ਨੂੰ ਇਨ੍ਹਾਂ ਗੁਨਾਹਾਂ ਬਦਲੇ ਕਰੀਬ ਤਿੰਨ ਮਹੀਨੇ ਪਹਿਲਾਂ ਹੀ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਸੀ ਪਰ ਪੰਜ ਸਿੰਘ ਸਾਹਿਬਾਨ ਸਾਹਮਣੇ ਆਇਆ ਇਹ ਮਸਲਾ ਕੇਵਲ ਇੱਕ ਕਿਸੇ ਵਿਅਕਤੀ ਜਾਂ ਆਗੂ ਤੱਕ ਸੀਮਤ ਨਹੀਂ ਸੀ ਸਗੋਂ ਜਿਸ ਪੰਥਕ ਸੰਕਟ ਦਾ ਜ਼ਿਕਰ ਕਈ ਸਾਲਾਂ ਤੋਂ ਕੀਤਾ ਜਾ ਰਿਹਾ ਸੀ, ਉਸ ਦਾ ਅਸਰ ਨਾ ਕੇਵਲ ਸ਼੍ਰੋਮਣੀ ਅਕਾਲੀ ਦਲ ਸਗੋਂ ਕਈ ਸਿੱਖ ਸੰਸਥਾਵਾਂ ਤੱਕ ਫੈਲ ਗਿਆ ਸੀ। ਇਸ ਲਈ ਸਿੰਘ ਸਾਹਿਬਾਨ ਦਾ ਇਸ ਸੱਜਰੇ ਹੁਕਮਨਾਮੇ ਦੀ ਵਿਆਖਿਆ ਅਤੇ ਇਸ ਦੀ ਨਿਰਖ-ਪਰਖ ਇਸ ਜ਼ਾਵੀਏ ਤੋਂ ਕੀਤੀ ਜਾ ਰਹੀ ਹੈ ਕਿ ਇਹ ਪੰਥਕ ਸੰਕਟ ਨੂੰ ਮੁਖ਼ਾਤਿਬ ਹੋਣ ਲਈ ਕਿਵੇਂ ਅਤੇ ਕਿੰਨਾ ਸਾਜ਼ਗਾਰ ਹੋ ਸਕੇਗਾ।

ਕੁਝ ਹਲਕਿਆਂ ਵੱਲੋਂ ਤਵੱਕੋ ਤਾਂ ਇਹ ਵੀ ਕੀਤੀ ਜਾ ਰਹੀ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਪੰਥ 'ਚੋਂ ਛੇਕਿਆ ਜਾ ਸਕਦਾ ਹੈ ਪਰ ਕਨਸੋਆਂ ਹਨ ਕਿ ਅਕਾਲੀ ਲੀਡਰਸ਼ਿਪ ਸਿੰਘ ਸਾਹਿਬਾਨ ਨੂੰ ਨਰਮੀ ਵਰਤਣ ਲਈ ਮਨਾਉਣ ਵਿਚ ਸਫਲ ਹੋ ਗਈ। ਉਂਝ, ਇਹ ਗੱਲ ਸਹੀ ਹੈ ਕਿ ਸਿੰਘ ਸਾਹਿਬਾਨ ਨੇ ਅਕਾਲੀ ਦਲ ਅੰਦਰ ਪਿਛਲੇ ਸਾਲਾਂ ਦੌਰਾਨ ਆਏ ਨਿਘਾਰ ਦੀ ਨਿਸ਼ਾਨਦੇਹੀ ਕੀਤੀ ਅਤੇ ਇਹ ਵੀ ਆਖਿਆ ਕਿ ਦਲ ਦੀ ਸਮੁੱਚੀ ਲੀਡਰਸ਼ਿਪ ਇਸ ਬਾਬਤ ਦਰੁਸਤ ਕਦਮ ਚੁੱਕਣ ਵਿਚ ਅਸਫਲ ਰਹੀ ਹੈ ਜਿਸ ਕਰ ਕੇ ਹੁਣ ਸ੍ਰੀ ਅਕਾਲ ਤਖਤ ਤੋਂ ਇਹ ਸੇਧ ਜਾਰੀ ਕਰਨ ਦੀ ਲੋੜ ਪਈ ਹੈ; ਆਖਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ, ਪੰਥ ਦਾ ਮੁਹਰੈਲ ਦਸਤਾ ਹੈ ਅਤੇ ਇਸ ਨੇ ਨਾ ਕੇਵਲ ਸਿੱਖ ਪੰਥ ਅਤੇ ਪੰਜਾਬ ਸਗੋਂ ਦੇਸ਼ ਲਈ ਵੱਡੀਆਂ ਲੜਾਈਆਂ ਲੜੀਆਂ ਹਨ, ਇਸ ਲਈ ਮਜ਼ਬੂਤ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਅਤੇ ਸਿੱਖ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ। ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਸਿੰਘ ਸਾਹਿਬਾਨ ਦੇ ਇਸ ਫੈਸਲੇ ਦੇ ਮੱਦੇਨਜ਼ਰ ਮੌਜੂਦਾ ਲੀਡਰਸ਼ਿਪ ਇਸ ਤੋਂ ਸਬਕ ਸਿੱਖੇਗੀ ਅਤੇ ਪਾਰਟੀ ਨੂੰ ਦੁਬਾਰਾ ਪੈਰਾਂ 'ਤੇ ਲਿਆਉਣ ਲਈ ਜੋ ਕੁਰਬਾਨੀ ਅਤੇ ਤਿਆਗ ਚਾਹੀਦਾ ਹੈ, ਉਸ ਮੁਤਾਬਿਕ ਚੱਲ ਸਕੇਗੀ ਜਾਂ ਫਿਰ ਸਮੇਂ ਮੁਤਾਬਿਕ, ਅਕਾਲੀ ਦਲ ਦੀ ਅਗਵਾਈ ਲਈ ਕੋਈ ਨਵੀਂ ਲੀਡਰਸ਼ਿਪ ਅੱਗੇ ਆਵੇਗੀ? ਇਹ ਸਾਰਾ ਕੁਝ ਤਾਂ ਭਵਿੱਖ ਵਿਚ ਹੀ ਪਤਾ ਲੱਗਣਾ ਹੈ ਪਰ ਸਿੰਘ ਸਾਹਿਬਾਨ ਨੇ ਫੈਸਲਾ ਸੁਣਾਉਣ ਲੱਗਿਆਂ ਜੋ ਜੁਰਅਤ ਦਿਖਾਈ ਹੈ, ਜੇ ਅਕਾਲੀ ਲੀਡਰਸ਼ਿਪ ਉਸ ਦਾ ਅੰਸ਼ ਮਾਤਰ ਵੀ ਹਾਸਲ ਕਰ ਲਵੇ ਤਾਂ ਅਕਾਲੀ ਦਲ ਪਹਿਲਾਂ ਵਾਲਾ ਰੁਤਬਾ ਹਾਸਲ ਕਰ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅਕਾਲ ਪੁਰਖ ਦੀ ਮਾਰ

ਹਕੂਮਤ ਤੇਰੀ ਵਿਚ ਜੋ ਜਬਰ ਤੇ ਜ਼ੁਲਮ ਹੋਏ, ਹਰ ਇਕ ਦਾ ਹੋਣਾ ਏਂ ਹਿਸਾਬ ਇੱਥੇ,
ਆਪਣੇ ਸੁਆਰਥ ਲਈ ਧਰਮ ਨੂੰ ਵਰਤਿਆ ਜੋ, ਦੇਣਾ ਪੈਣਾ ਹਰ ਗੱਲ ਦਾ ਜੁਆਬ ਇੱਥੇ।
ਤਖਤਾਂ 'ਤੇ ਬੈਠਿਆਂ ਜੋ ਖੁਦ ਨੂੰ ਹੀ ਸੀ ਦਿੱਤੇ, ਸਾਰੇ ਛੱਡਣੇ ਪੈਣੇ ਨੇ ਖਿਤਾਬ ਇੱਥੇ,
ਜਦ ਮਾਰ ਅਕਾਲ ਪੁਰਖ ਦੀ ਪੈਂਦੀ ਏ ਨਾ ਤਖਤ ਰਹਿੰਦੇ ਤੇ ਨਾ ਤਾਜ ਇੱਥੇ।
ਰੱਬ ਤੋਂ ਡਰ ਕੇ ਚੱਲ, ਗੁਨਾਹਾਂ ਤੋਂ ਤੌਬਾ ਕਰ, ਨਹੀਂ ਤਾਂ ਹੋਣਾ ਏਂ ਮੰਦੜਾ ਹਾਲ ਇੱਥੇ।

# ਅਕਾਲੀ ਦਲ ਦੀ ਸਿਆਸਤ ਅਤੇ ਸਿੰਘ ਸਾਹਿਬਾਨ

**ਅਕਾਲੀ ਲੀਡਰਾਂ ਨੇ ਸਿੱਖ ਸਮਾਜ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਆਧਾਰਹੀਣ ਕਰ ਕੇ ਰੱਖ ਦਿੱਤਾ। ਜਥੇਦਾਰ ਸਾਹਿਬਾਨ ਨੂੰ ਇਨ੍ਹਾਂ ਖਿਲਾਫ਼ ਹੋਰ ਸਖ਼ਤ ਹੋਣ ਦੀ ਲੋੜ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਫਖਰ-ਏ-ਕੌਮ' ਦੀ ਉਪਾਧੀ ਵਾਪਸ ਲੈਣੀ ਸਹੀ ਫ਼ੈਸਲਾ ਹੈ ਪਰ ਇਸ ਦੇ ਨਾਲ ਹੀ ਜਥੇਦਾਰ ਸਾਹਿਬਾਨ ਨੂੰ ਉਨ੍ਹਾਂ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਲਈ ਵੀ ਇਨ੍ਹਾਂ ਲੀਡਰਾਂ ਦੀ ਜਵਾਬਦੇਹੀ ਤੈਅ ਕਰਨੀ ਚਾਹੀਦੀ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਅੰਦੋਲਨ ਵਿਚ ਇਨ੍ਹਾਂ ਲੀਡਰਾਂ ਦੇ ਹੁਕਮ 'ਤੇ ਚੱਲੀਆਂ ਗੋਲੀਆਂ ਦਾ ਸ਼ਿਕਾਰ ਹੋਏ। ਉਨ੍ਹਾਂ ਲੋਕਾਂ ਦੀਆਂ ਸੱਟਾਂ ਦਾ ਹਿਸਾਬ ਮੰਗਣਾ ਚਾਹੀਦਾ ਸੀ ਜਿਨ੍ਹਾਂ ਨੇ ਪੁਲੀਸ ਦੀਆਂ ਡਾਂਗਾਂ ਖਾਧੀਆਂ।**

ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਇਕੱਠ ਵਿਚ ਇਕ ਗੱਲ ਤਾਂ ਬਿਲਕੁਲ ਸਾਫ਼ ਹੋ ਗਈ ਕਿ ਆਪਣੇ ਅੰਤਲੇ ਸਮੇਂ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਪੁੱਤਰ ਸੁਖਬੀਰ ਸਿੰਘ ਦੇ ਮੋਹ ਵਿਚ ਬੇਵੱਸ ਹੋ ਕੇ ਪੰਥ ਨੂੰ ਆਪਣੇ ਪੈਰਾਂ ਵਿਚ ਰੋਲਣ ਲਈ ਰਸਤਾ ਖੋਲ੍ਹ ਕੇ ਬੱਜਰ ਗੁਨਾਹ ਕੀਤਾ। ਸਿਰਸਾ ਸਾਧ ਦਾ ਮੁਆਫੀਨਾਮਾ, ਐਸੇ ਪੁਲੀਸ ਅਫਸਰਾਂ ਨੂੰ ਤਰੱਕੀਆਂ ਦੇਣੀਆਂ ਜਿਨ੍ਹਾਂ ਨੇ ਬੜੀ ਬੇਰਹਿਮੀ ਨਾਲ ਸਿੱਖ ਨੌਜਵਾਨਾਂ ਦੇ ਕਤਲ ਕੀਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨਾਲ ਨਰਮੀ ਨਾਲ ਪੇਸ਼ ਆਉਣਾ, ਸਿੱਖ ਸੰਗਤਾਂ ਦੇ ਸ਼ਾਂਤਮਈ ਵਿਰੋਧ ਤੇ ਗੋਲੀ ਚਲਵਾਉਣ, ਨੌਜਵਾਨਾਂ ਨੂੰ ਸ਼ਹੀਦ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਸੀ.ਪੀ.) ਦੇ ਪੈਸੇ ਦਾ ਦੁਰਉਪਯੋਗ ਕਰਨਾ, ਤਿੰਨ ਖੇਤੀਬਾੜੀ ਕਾਨੂੰਨਾਂ ਲਈ ਪੰਜਾਬ ਦੇ ਕਿਸਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਪਾਸ ਕਰਨ ਲਈ ਸਮਰਥਨ ਦੇਣਾ ਆਦਿ ਕਈ ਐਸੇ ਗੁਨਾਹ ਹਨ ਜੋ ਸ਼੍ਰੋਮਣੀ ਅਕਾਲੀ ਦਲ ਦੀ ਪੂਰੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਕੀਤੇ।



ਭਾਈ ਅਸ਼ੋਕ ਸਿੰਘ ਬਾਗੜੀਆਂ
ਫੋਨ: +91-98140-95308

ਇਸ ਇਤਿਹਾਸਕ ਇਕੱਠ ਵਿਚ ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਚੋਟੀ ਦੇ ਲੀਡਰਾਂ ਜਿਨ੍ਹਾਂ ਵਿਚ ਸੁਖਦੇਵ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ, ਹੀਰਾ ਸਿੰਘ ਗਾਬੜੀਆਂ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਆਦਿ ਸ਼ਾਮਿਲ ਸਨ, ਨੇ ਆਪਣੇ ਸਾਰੇ ਗੁਨਾਹ ਕਬੂਲ ਕੀਤੇ। ਇਨ੍ਹਾਂ ਲੀਡਰਾਂ ਦੇ ਗੁਰੂ ਅਤੇ ਪੰਥ ਪ੍ਰਤੀ ਇਮਾਨਦਾਰੀ ਨਾਲ ਜਵਾਬਦੇਹੀ ਬਾਰੇ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਸਿੰਘ ਸਾਹਿਬਾਨ ਨੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਗੁਨਾਹਾਂ ਵਿਚ ਹਿੱਸੇਦਾਰ ਹੋਣ ਦੇ ਇਲਜ਼ਾਮ ਬਾਰੇ ਪੁੱਛਿਆ ਤਾਂ ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵਰਸੋਏ ਅਕਾਲ ਤਖਤ ਸਾਹਿਬ ਉਤੇ ਜਥੇਦਾਰਾਂ ਦੇ ਸਾਹਮਣੇ ਹੀ ਇਲਜ਼ਾਮਾਂ ਤੋਂ ਮੁੱਕਰ ਗਏ ਪਰ ਜਥੇਦਾਰ ਸਾਹਿਬਾਨ ਵੀ ਪੂਰੀ ਤਿਆਰੀ ਵਿਚ ਆਏ ਹੋਣ ਕਰ ਕੇ ਉਨ੍ਹਾਂ ਦੇ ਬਿਆਨਾਂ ਨੂੰ ਮੌਕੇ 'ਤੇ ਹੀ ਸੰਗਤਾਂ ਨੂੰ ਮੋਬਾਈਲ ਵੀਡੀਓ ਤੋਂ ਸੁਣਵਾ ਕੇ ਉਨ੍ਹਾਂ ਨੂੰ ਆਪਣਾ ਗੁਨਾਹ ਕਬੂਲ ਕਰਨ 'ਤੇ ਮਜਬੂਰ ਕਰ ਦਿੱਤਾ। ਸਿੰਘ ਸਹਿਬਾਨ ਨੇ ਸੁਖਦੇਵ ਸਿੰਘ ਢੀਂਡਸਾ ਅਤੇ ਸੁਰਜੀਤ ਸਿੰਘ ਰੱਖੜਾ 'ਤੇ ਇਹ ਇਲਜ਼ਾਮ ਲਗਾਏ ਕਿ ਉਨ੍ਹਾਂ ਨੇ ਸਿੱਖ ਕੌਮ ਦੇ ਗੁਨਾਹਗਾਰ ਪੁਲੀਸ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ ਅਤੇ ਸੱਤਾ ਵਿਚ ਬੈਠ ਕੇ ਆਪਣੀਆਂ ਪੁਜ਼ੀਸ਼ਨਾਂ ਦਾ ਦੁਰਉਪਯੋਗ ਕੀਤਾ।

ਇਹ ਸਭ ਸ਼ੁਰੂ ਹੋਣ ਤੋਂ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਦੋਸ਼ੀ ਲੀਡਰਾਂ ਦੀ ਆਤਮਾ ਨੂੰ ਝੰਜੋੜਦੇ ਹੋਏ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਵਲੋਂ ਸਥਾਪਿਤ ਕੀਤਾ ਸਰਬਉੱਚ ਸਥਾਨ ਹੈ, ਇੱਥੇ ਸਵਾਲਾਂ ਦੇ ਜਵਾਬ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀ ਅੰਤਰ-ਆਤਮਾ ਨਾਲ ਦੇਣਾ ਕਿਉਂਕਿ ਇੱਥੇ ਤੁਹਾਨੂੰ ਕੋਈ ਸਰੀਰਕ ਸਜ਼ਾ ਨਹੀਂ ਦਿੱਤੀ ਜਾਣੀ ਪਰ ਇਹ ਗੁਰੂ ਜਾਂ ਤੁਸੀਂ ਹੀ ਜਾਣਦੇ ਹੋ ਕਿ ਤੁਸੀਂ ਸੰਗਤ ਅੱਗੇ ਝੂਠ ਬੋਲ ਰਹੇ ਹੋ ਜਾਂ ਸੱਚ।

ਇਨ੍ਹਾਂ ਅਕਾਲੀ ਲੀਡਰਾਂ ਨੇ ਸਿੱਖ ਸਮਾਜ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਆਧਾਰਹੀਣ ਕਰ ਕੇ ਰੱਖ ਦਿੱਤਾ। ਜਥੇਦਾਰ ਸਾਹਿਬਾਨ ਨੂੰ ਇਨ੍ਹਾਂ ਖਿਲਾਫ਼ ਹੋਰ ਸਖ਼ਤ ਹੋਣ ਦੀ ਲੋੜ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ 'ਫਖਰ-ਏ-ਕੌਮ' ਦੀ



ਉਪਾਧੀ ਵਾਪਸ ਲੈਣੀ ਸਹੀ ਫ਼ੈਸਲਾ ਹੈ ਪਰ ਇਸ ਦੇ ਨਾਲ ਹੀ ਜਥੇਦਾਰ ਸਾਹਿਬਾਨ ਨੂੰ ਉਨ੍ਹਾਂ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਲਈ ਵੀ ਇਨ੍ਹਾਂ ਲੀਡਰਾਂ ਦੀ ਜਵਾਬਦੇਹੀ ਤੈਅ ਕਰਨੀ ਚਾਹੀਦੀ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਅੰਦੋਲਨ ਵਿਚ ਇਨ੍ਹਾਂ ਲੀਡਰਾਂ ਦੇ ਹੁਕਮ 'ਤੇ ਚੱਲੀਆਂ ਗੋਲੀਆਂ ਦਾ ਸ਼ਿਕਾਰ ਹੋਏ। ਉਨ੍ਹਾਂ ਲੋਕਾਂ ਦੀਆਂ ਸੱਟਾਂ ਦਾ ਹਿਸਾਬ ਮੰਗਣਾ ਚਾਹੀਦਾ ਸੀ ਜਿਨ੍ਹਾਂ ਨੇ ਪੁਲੀਸ ਦੀਆਂ ਡਾਂਗਾਂ ਖਾਧੀਆਂ। ਤਿੰਨ ਵਿਵਾਦਤ ਖੇਤੀ ਕਾਨੂੰਨ ਵਿਚ ਵੀ ਜਿਸ ਤਰ੍ਹਾਂ ਅਕਾਲੀ ਲੀਡਰਸ਼ਿਪ ਨੇ ਕੇਂਦਰ ਸਰਕਾਰ ਦੀ ਪਿੱਠ ਪੂਰੀ, ਇਹ ਵੀ ਜੱਗ ਜ਼ਾਹਿਰ ਹੈ।

ਸ਼੍ਰੋਮਣੀ ਅਕਾਲੀ ਦਲ ਬਹੁਤ ਕੁਰਬਾਨੀਆਂ ਤੋਂ ਬਾਅਦ ਪੰਜਾਬ ਅਤੇ ਸਿੱਖ ਸਮਾਜ ਦੇ ਹਿੱਤਾਂ ਦੀ ਰਾਖੀ ਲਈ ਹੋਂਦ ਵਿਚ ਆਇਆ, ਇਸ ਲਈ ਪੰਜਾਬ ਦੀ ਰਾਜਨੀਤੀ ਵਿਚ ਇਸ ਪਾਰਟੀ ਦਾ ਪ੍ਰਮੁੱਖਤਾ ਨਾਲ ਬਣੇ ਰਹਿਣਾ ਬਹੁਤ ਜ਼ਰੂਰੀ ਹੈ ਪਰ ਇਸ ਦੀ ਅਜੋਕੀ ਲੀਡਰਸ਼ਿਪ ਨੇ ਜਿਸ ਤਰ੍ਹਾਂ ਸਿੱਖ ਸਮਾਜ ਵਿਚ ਇਸ ਦੇ ਆਧਾਰ ਦਾ ਘਾਣ ਕੀਤਾ ਹੈ, ਉਸ ਦਾ ਪੁਨਰਗਠਨ ਸੌਖਾ ਨਹੀਂ ਹੋਵੇਗਾ। ਇਸ ਲਈ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਪਾਰਟੀ ਤੋਂ ਅਲੱਗ ਕਰ ਕੇ ਨਵੀਂ ਲੀਡਰਸ਼ਿਪ ਚੁਣਨ ਦਾ ਫ਼ੈਸਲਾ ਵੀ ਸ਼ਲਾਘਾਯੋਗ ਹੈ।

ਇਕ ਗੱਲ ਇਹ ਵੀ ਹੈ ਕਿ ਜਿਸ ਤਰ੍ਹਾਂ ਸਾਰੀ ਲੀਡਰਸ਼ਿਪ ਨੇ ਆਪਣੀਆਂ ਗ਼ਲਤੀਆਂ ਕਬੂਲ ਕੀਤੀਆਂ, ਉਸ ਦਾ ਅਸਰ ਹੁਣ ਇਨ੍ਹਾਂ ਲੀਡਰਾਂ ਖ਼ਿਲਾਫ਼ ਪੰਜਾਬ ਦੇ ਕੋਰਟ ਕਚਹਿਰੀਆਂ ਵਿਚ ਚੱਲ ਰਹੇ ਕੇਸਾਂ ਉਤੇ ਵੀ ਪਵੇਗਾ ਕਿਉਂਕਿ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਜੋ ਕਬੂਲ ਕੀਤਾ ਹੈ ਅਤੇ ਜੋ ਗਾਹੇ-ਬਗਾਹੇ ਕੋਰਟ ਕਚਹਿਰੀਆਂ ਵਿਚ ਕਹਿੰਦੇ ਆਏ ਹਨ, ਇਹ ਆਪਾ-ਵਿਰੋਧੀ ਹੈ।

ਧਾਰਮਿਕ ਸਜ਼ਾ ਲਗਾਉਂਦੇ ਹੋਏ ਇਨ੍ਹਾਂ ਲੀਡਰਾਂ ਨੂੰ ਸ੍ਰੀ ਦਰਬਾਰ ਸਾਹਿਬ 'ਚ ਬਾਥਰੂਮਾਂ ਦੀ ਸਫਾਈ, ਜੋੜੇ ਝਾੜਨ ਦੀ ਸੇਵਾ, ਲੰਗਰ 'ਚ ਜੂਠੇ ਬਰਤਨ ਸਾਫ ਕਰਨ ਅਤੇ ਇਸ ਤਰ੍ਹਾਂ ਦੀ ਧਾਰਮਿਕ ਸੇਵਾ ਲਗਾਉਣ ਦੇ ਨਾਲ-ਨਾਲ ਹੋਰ ਕਈ ਸਿਧਾਂਤਕ ਸਜ਼ਾਵਾਂ ਵੀ ਸੁਣਾਈਆਂ ਹਨ। ਸੁਖਬੀਰ ਸਿੰਘ ਬਾਦਲ ਨੂੰ ਗੁਸਲਖਾਨੇ ਸਾਫ ਕਰਨ, ਜੋੜੇ ਝਾੜਨ, ਕੀਰਤਨ ਸੁਣਨ ਦੇ ਨਾਲ-ਨਾਲ ਦਰਬਾਰ ਸਾਹਿਬ ਦੀ ਡਿਊੜੀ ਦੇ ਬਾਹਰ ਸੇਵਾਦਾਰ ਦੀ ਤਰ੍ਹਾਂ ਗਲ ਵਿਚ ਤਨਖਾਈਏ ਦੀ ਤਖ਼ਤੀ ਪਾ ਕੇ ਹੱਥ ਵਿਚ ਬਰਛਾ ਲੈ ਕੇ ਖੜ੍ਹਨ ਦਾ ਹੁਕਮ ਦਿੱਤਾ ਗਿਆ ਹੈ। ਬਾਕੀ ਲੀਡਰਾਂ ਦੇ ਗਲਾਂ ਵਿਚ ਵੀ ਤਨਖਾਈਏ ਦੀਆਂ ਤਖ਼ਤੀਆਂ ਪਾਉਣ ਦਾ ਹੁਕਮ ਦਿੱਤਾ ਗਿਆ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਸਹੂਲਤਾਂ ਵਾਪਸ ਲੈਣਾ ਅਤੇ ਇਨ੍ਹਾਂ ਲੀਡਰਾਂ ਦੇ ਗੁਨਾਹਾਂ ਵਿਚ ਸ਼ਾਮਲ ਹੋਰ ਧਾਰਮਿਕ ਲੀਡਰਸ਼ਿਪ ਸਬੰਧੀ ਦਿੱਤਾ ਗਿਆ ਫ਼ੈਸਲਾ ਪ੍ਰਸ਼ੰਸਾਯੋਗ ਹੈ। ਜਥੇਦਾਰ ਸਾਹਿਬਾਨ ਨੇ ਪੰਜਾਬੀ ਸੂਬੇ ਤੋਂ ਲੈ ਕੇ 1984 ਅਤੇ ਬਾਅਦ ਵਿਚ ਪੰਜਾਬ ਵਿਚ ਅਤਿਵਾਦ ਦੇ ਦੌਰ ਦੇ ਸਮੇਂ, ਸੌਦਾ ਸਾਧ ਦੇ ਮੁਆਫੀਨਾਮੇ ਅਤੇ ਹੋਰ ਪ੍ਰਸ਼ਾਸਨਿਕ ਗ਼ਲਤੀਆਂ ਬਾਰੇ ਅਕਾਲੀਆਂ ਤੋਂ ਸਵਾਲ ਪੁੱਛੇ ਅਤੇ ਸੰਗਤ ਦੇ ਸਾਹਮਣੇ ਉਨ੍ਹਾਂ ਨੂੰ ਦੋਸ਼ੀ ਸਾਬਤ ਕੀਤਾ। ਇਹ ਜਥੇਦਾਰ ਸਾਹਿਬਾਨ ਦਾ ਇਕ ਹੋਰ ਦਲੇਰੀ ਭਰਿਆ ਕਦਮ ਹੈ। ਸ਼੍ਰੋਮਣੀ ਕਮੇਟੀ ਦੇ ਪੈਸੇ ਦਾ ਸੁਖਬੀਰ ਸਿੰਘ ਬਾਦਲ ਵੱਲੋਂ ਸੌਦਾ ਸਾਧ ਦੇ ਅਖੌਤੀ ਮੁਆਫੀਨਾਮੇ ਦੀ ਇਸ਼ਤਿਹਾਰਬਾਜ਼ੀ ਉਤੇ ਖਰਚਣ ਦੇ ਬੱਜਰ ਗੁਨਾਹ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਸੂਦ ਸਮੇਤ ਵਾਪਸ ਲੈਣਾ ਵੀ ਚੰਗਾ ਕਦਮ ਹੈ।

ਜਸਵੰਤ ਸਿੰਘ ਖਾਲੜਾ ਦੇ ਕਤਲ, ਛੱਤੀਸਿੰਘਪੁਰਾ ਦੇ ਸਿੱਖਾਂ ਨੂੰ ਮਾਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਾਉਣਾ ਅਤੇ ਸਿੱਖ ਭਾਵਨਾਵਾਂ ਨੂੰ ਛਿੱਕੇ ਟੰਗ ਕੇ ਪੰਥ ਨਾਲ ਕੋਝਾ ਮਜ਼ਾਕ ਕਰਨ ਦਾ ਹਿਸਾਬ ਇਨ੍ਹਾਂ ਲੀਡਰਾਂ ਕੋਲੋਂ ਮੰਗਦੇ ਹੋਏ ਇਨ੍ਹਾਂ ਨੂੰ ਅਕਾਲੀ ਦਲ ਤੋਂ ਅਲੱਗ ਕਰਨ ਦਾ ਫੈਸਲਾ ਹੋਣਾ ਚਾਹੀਦਾ ਸੀ। ਉਹ ਲੀਡਰ ਜਿਨ੍ਹਾਂ ਨੇ ਸਿੱਖ ਸੰਗਤਾਂ ਦੇ ਦਬਾਅ ਹੇਠ ਆ ਕੇ ਬਾਅਦ ਵਿਚ ਅਕਾਲੀ ਦਲ ਤੋਂ ਅਸਤੀਫੇ ਦਿੱਤੇ ਅਤੇ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ 'ਬਾਗੀ' ਬਣ ਗਏ ਤੇ ਦੂਸਰੇ ਲੀਡਰ ਜਿਨ੍ਹਾਂ ਨੇ ਅਕਾਲੀ ਦਲ ਨਹੀਂ ਛੱਡਿਆ, ਨੂੰ 'ਦਾਗੀ' ਦੱਸਣ ਲੱਗੇ, ਉਨ੍ਹਾਂ ਦੀ ਵੀ ਜਥੇਦਾਰ ਸਹਿਬਾਨ ਨੇ ਚੰਗੀ ਖ਼ਬਰ ਲਈ ਹੈ। ਉਨ੍ਹਾਂ ਤੋਂ ਵੀ ਸਪਸ਼ਟੀਕਰਨ ਮੰਗਿਆ ਗਿਆ ਕਿ ਜਦੋਂ ਬਾਕੀ ਲੀਡਰਸ਼ਿਪ ਇਹ ਸਾਰੇ ਗੁਨਾਹ ਕਰ ਰਹੇ ਸੀ, ਉਦੋਂ ਇਨ੍ਹਾਂ ਬਾਗੀ ਲੀਡਰਾਂ ਨੇ ਕੁਝ ਕਿਉਂ ਨਹੀਂ ਬੋਲਿਆ ਅਤੇ ਚੁਪ-ਚਾਪ ਆਪਣੀਆਂ ਪੁਜ਼ੀਸ਼ਨਾਂ ਮਾਣਦੇ ਰਹੇ। ਗਿਆਨੀ ਰਘਬੀਰ ਸਿੰਘ ਨੇ ਇਨ੍ਹਾਂ ਲੀਡਰਾਂ ਨੂੰ ਆਪੋ-ਆਪਣਾ 'ਚੁੱਲ੍ਹਾ ਸਮੇਟ' ਕੇ ਅਕਾਲੀ ਦਲ ਨੂੰ ਮੁੜ ਤੋਂ ਕਾਇਮ ਕਰਨ ਵਿਚ ਸਹਿਯੋਗ ਕਰਨ ਲਈ ਕਿਹਾ।

ਸੌਦਾ ਸਾਧ ਦੇ ਮੁਆਫੀਨਾਮੇ ਨੂੰ ਲੈ ਕੇ ਜੋ ਵੀ ਖਤੋ-ਕਿਤਾਬਤ ਇਨ੍ਹਾਂ ਦੋਸ਼ੀ ਨੇਤਾਵਾਂ ਵਿਚਾਲੇ ਹੋਇਆ ਹੈ, ਨੂੰ ਜਥੇਦਾਰ ਸਾਹਿਬਾਨ ਵੱਲੋਂ ਜਨਤਕ ਕਰਨ ਦਾ ਫੈਸਲਾ ਵੀ ਸਵਾਗਤਯੋਗ ਹੈ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਵੱਕਾਰ ਨੂੰ ਸਿੱਖ ਸਮਾਜ ਵਿਚ ਉਪਰ ਚੁੱਕਣ ਵਿਚ ਸਹਾਇਤਾ ਮਿਲੇਗੀ। ਸਿੰਘ ਸਾਹਿਬਾਨ ਨੇ ਹੋਰ ਸਜ਼ਾ ਦੇਣ ਦਾ ਜੋ ਫੈਸਲਾ ਬਾਕੀ ਰੱਖਿਆ ਹੈ, ਉਸ ਉਤੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ 'ਦਾਗੀ ਤੇ ਬਾਗੀ' ਲੀਡਰਾਂ ਦੇ ਜਬਾੜੇ ਵਿਚੋਂ ਪੂਰੀ ਤਰ੍ਹਾਂ ਆਜ਼ਾਦ ਕਰਾਉਣ ਦਾ ਇਹ ਢੁਕਵਾਂ ਮੌਕਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਨੂੰ ਹੀ ਬਲ ਨਹੀਂ ਮਿਲੇਗਾ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਨਵੇਂ ਜੋਸ਼ ਨਾਲ ਹਰ ਤਰ੍ਹਾਂ ਦੇ ਪ੍ਰਭਾਵ ਮੁਕਤ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣੀਆਂ। ਇਸ ਦੇ ਨਾਲ ਅਕਾਲੀ ਲੀਡਰਸ਼ਿਪ ਰਾਹੀਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਵਾਂ ਵਿਚ ਘੁਸਪੈਠ ਕਰ ਗਈਆਂ ਪੰਥ ਵਿਰੋਧੀ ਤਾਕਤਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਉਣ ਵਿਚ ਸਹਾਇਤਾ ਮਿਲੇਗੀ।

***ਧਾਰਮਿਕ ਘੱਟਗਿਣਤੀਆਂ, ਖ਼ਾਸ ਕਰ ਕੇ ਮੁਸਲਮਾਨਾਂ ਵਿਰੋਧੀ ਤੁਅੱਸਬ ਭਾਰਤੀ ਸਟੇਟ 'ਚ ਜਮਾਂਦਰੂ ਤੌਰ 'ਤੇ ਮੌਜੂਦ ਹਨ। ਇਸੇ ਦਾ ਇਕ ਉੱਘੜਵਾਂ ਇਜ਼ਹਾਰ ਇਹ ਹੈ ਕਿ ਜਦੋਂ ਵੀ ਕਿੱਧਰੇ ਹਿੰਦੂ ਬਨਾਮ ਘੱਟਗਿਣਤੀ ਵਿਵਾਦ ਉੱਠਦਾ ਹੈ ਤਾਂ ਘੱਟਗਿਣਤੀਆਂ ਨੂੰ ਇਸ ਦਾ ਮੁੱਲ ਆਪਣੇ ਕਾਰੋਬਾਰਾਂ ਅਤੇ ਜਾਇਦਾਦਾਂ ਦੀ ਭਿਆਨਕ ਤਬਾਹੀ ਦੇ ਰੂਪ 'ਚ ਚੁਕਾਉਣਾ ਪੈਂਦਾ ਹੈ। ਯੂ.ਪੀ. ਵਿਚ ਸੰਭਲ ਵਾਲੀ ਘਟਨਾ ਇਸ ਦਾ ਮੂੰਹ ਬੋਲਦਾ ਸਬੂਤ ਹੈ। ਇਸ ਨੰਗੇ ਹਕੂਮਤੀ ਦਹਿਸ਼ਤਵਾਦ ਵਿਰੁੱਧ ਰੋਹ ਨੂੰ ਠੰਢਾ ਕਰਨ ਲਈ ਭਾਜਪਾ ਦੀ ਖ਼ਾਸ-ਮ-ਖ਼ਾਸ ਗਵਰਨਰ ਆਨੰਦੀਬੇਨ ਪਟੇਲ ਨੇ ਜੋ ਜਾਂਚ ਪੈਨਲ ਥਾਪਿਆ ਹੈ, ਉਸ ਵਿਚ ਸਾਬਕਾ ਡੀ.ਜੀ.ਪੀ. ਅਰਵਿੰਦ ਕੁਮਾਰ ਜੈਨ ਵਰਗੇ ਭਾਜਪਾ ਪੱਖੀਆਂ ਨੂੰ ਸ਼ਾਮਲ ਕੀਤੇ ਜਾਣ ਤੋਂ ਸਪਸ਼ਟ ਹੈ ਕਿ ਪੈਨਲ ਦੋ ਮਹੀਨੇ 'ਚ ਕਿਸ ਤਰ੍ਹਾਂ ਦੀ ਰਿਪੋਰਟ ਦੇਵੇਗਾ। ਪੈਨਲ ਨੂੰ ਇਹ ਦੇਖਣ ਦਾ ਕੰਮ ਸੌਂਪਿਆ ਗਿਆ ਹੈ ਕਿ ਹਿੰਸਾ ਆਪਮੁਹਾਰੀ ਸੀ ਜਾਂ ਸਾਜ਼ਿਸ਼ ਦਾ ਹਿੱਸਾ? ਇਸ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਵਿਸ਼ੇਸ਼ ਲੇਖ ਵਿਚ ਕੀਤੀ ਹੈ।***

# ਮਸਜਿਦਾਂ ਹੇਠ ਮੰਦਰ ਲੱਭਣ ਦੇ ਨਵੇਂ ਹਿੰਦੂਤਵੀ ਪ੍ਰਯੋਗ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

24 ਨਵੰਬਰ ਨੂੰ ਸ਼ਾਹੀ ਜਾਮਾ ਮਸਜਿਦ ਦਾ ਸਰਵੇ ਕਰਨ ਦੇ ਅਦਾਲਤੀ ਹੁਕਮਾਂ ਨੇ ਯੂ.ਪੀ. ਦੇ ਸੰਭਲ ਕਸਬੇ ਦਾ ਅਮਨ-ਚੈਨ ਖੋਹ ਲਿਆ ਹੈ। ਭਗਵਾ ਸਿਆਸਤ ਨੇ ਮੁਗ਼ਲ ਜ਼ਮਾਨੇ ਦੀ ਇਸ ਮਸਜਿਦ ਦੇ ਹੇਠ ਮੰਦਰ ਹੋਣ ਨੂੰ ਮੁੱਦਾ ਬਣਾ ਕੇ ਅਤੇ ਅਦਾਲਤ ਨੇ ਪੁਰਾਤਤਵ ਸਰਵੇ ਦੀ ਇਜਾਜ਼ਤ ਦੇ ਕੇ ਘੱਟਗਿਣਤੀ ਮੁਸਲਮਾਨ ਫਿਰਕੇ ਨਾਲ ਇਕ ਹੋਰ ਧੱਕੇਸ਼ਾਹੀ ਦਾ ਮੁੱਢ ਬੰਨ੍ਹ ਦਿੱਤਾ ਹੈ ਜਿਨ੍ਹਾਂ ਨੂੰ ਵਾਰ-ਵਾਰ ਦੂਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ।

ਸਰਵੇ ਦਾ ਵਿਰੋਧ ਕਰ ਰਹੇ ਮੁਸਲਮਾਨ ਫਿਰਕੇ ਨੂੰ ਦਬਾਉਣ ਲਈ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਗਿਣ-ਮਿੱਥ ਕੇ ਰਾਜਕੀ ਦਹਿਸ਼ਤਵਾਦ ਦਾ ਨੰਗਾ ਨਾਚ ਨੱਚਿਆ ਗਿਆ। ਪੁਲਿਸ ਦੀਆਂ ਗੋਲੀਆਂ ਨੇ ਪੰਜ ਮੁਸਲਮਾਨਾਂ ਨੌਜਵਾਨਾਂ ਦੀ ਜਾਨ ਲੈ ਲਈ। ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ। ਪੁਲਿਸ ਵੱਲੋਂ ਘਰਾਂ 'ਚ ਵੜ ਕੇ ਬੇਤਹਾਸ਼ਾ ਭੰਨਤੋੜ ਕੀਤੀ ਗਈ। ਤਿੰਨ ਹਜ਼ਾਰ ਅਣਪਛਾਤੇ ਲੋਕਾਂ ਵਿਰੁੱਧ ਦੰਗਾ/ਹਿੰਸਾ ਦੀਆਂ ਸੱਤ ਖੁੱਲ੍ਹੀਆਂ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਤਹਿਤ ਹੁਣ ਹਿੰਸਾ ਦੇ ਕਥਿਤ ਦੋਸ਼ੀਆਂ ਦੀ ਪਛਾਣ ਕਰਕੇ ਮੁਸਲਮਾਨਾਂ, ਖ਼ਾਸ ਕਰ ਕੇ ਨੌਜਵਾਨਾਂ ਨੂੰ ਕੇਸਾਂ 'ਚ ਫਸਾਉਣ ਅਤੇ ਉਨ੍ਹਾਂ ਦਾ ਭਵਿੱਖ ਬਰਬਾਦ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਪੁਲਿਸ ਦਾ ਹਿੰਸਾ 'ਚ 20 ਸਰਕਾਰੀ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦਾ ਦਾਅਵਾ ਪੁਲਿਸ ਪ੍ਰਸ਼ਾਸਨ ਦੀ ਮੁਜਰਮਾਨਾ ਭੂਮਿਕਾ ਤੋਂ ਧਿਆਨ ਹਟਾਉਣ ਲਈ ਹੈ। ਇਸ ਭੂਮਿਕਾ ਉੱਪਰ ਸਵਾਲ ਕਰਨ ਦੀ ਬਜਾਇ ਗੋਦੀ ਮੀਡੀਆ ਮੁਸਲਮਾਨਾਂ ਵੱਲੋਂ ਪੁਲਿਸ ਉੱਪਰ ਪੱਥਰਬਾਜ਼ੀ ਦੀਆਂ ਐਡਿਟ ਕੀਤੀਆਂ ਫੁਟੇਜ ਦਿਖਾ ਕੇ ਨਫ਼ਰਤ ਫੈਲਾਉਣ ਦਾ ਬਦਕਾਰ ਧੰਦਾ ਕਰ ਰਿਹਾ ਹੈ।

ਇਸ ਨੰਗੇ ਹਕੂਮਤੀ ਦਹਿਸ਼ਤਵਾਦ ਵਿਰੁੱਧ ਰੋਹ ਨੂੰ ਠੰਢਾ ਕਰਨ ਲਈ ਭਾਜਪਾ ਦੀ ਖ਼ਾਸ-ਮ-ਖ਼ਾਸ ਗਵਰਨਰ ਆਨੰਦੀਬੇਨ ਪਟੇਲ ਨੇ ਜੋ ਜਾਂਚ ਪੈਨਲ ਥਾਪਿਆ ਹੈ, ਉਸ ਵਿਚ ਸਾਬਕਾ ਡੀ.ਜੀ.ਪੀ. ਅਰਵਿੰਦ ਕੁਮਾਰ ਜੈਨ ਵਰਗੇ ਭਾਜਪਾ ਪੱਖੀਆਂ ਨੂੰ ਸ਼ਾਮਲ ਕੀਤੇ ਜਾਣ ਤੋਂ ਸਪਸ਼ਟ ਹੈ ਕਿ ਪੈਨਲ ਦੋ ਮਹੀਨੇ 'ਚ ਕਿਸ ਤਰ੍ਹਾਂ ਦੀ ਰਿਪੋਰਟ ਦੇਵੇਗਾ। ਪੈਨਲ ਨੂੰ ਇਹ ਦੇਖਣ ਦਾ ਕੰਮ ਸੌਂਪਿਆ ਗਿਆ ਹੈ ਕਿ ਹਿੰਸਾ ਆਪਮੁਹਾਰੀ ਸੀ ਜਾਂ ਸਾਜ਼ਿਸ਼ ਦਾ ਹਿੱਸਾ?

ਪੁਲਿਸ ਪ੍ਰਸ਼ਾਸਨ ਅਤੇ ਸੱਤਾਧਾਰੀ ਸੰਘ-ਭਾਜਪਾ ਵੱਲੋਂ ਪ੍ਰਚਾਰਿਆ ਜਾ ਰਿਹਾ ਕੋਈ ਵੀ ਬਿਰਤਾਂਤ ਸਟੇਟ ਦੀ ਫਿਰਕੂ ਭੂਮਿਕਾ 'ਤੇ ਪਰਦਾ ਨਹੀਂ ਪਾ ਸਕਦਾ। ਤੱਥ ਜੱਗ ਜ਼ਾਹਰ ਹਨ। 19 ਨਵੰਬਰ ਨੂੰ ਜਾਮਾ ਮਸਜਿਦ ਦੇ ਹੇਠਾਂ ਹਰਿਹਰ ਮੰਦਰ ਹੋਣ ਦੀ ਮਨਘੜਤ ਕਹਾਣੀ ਤਹਿਤ ਮਸਜਿਦ ਦਾ ਸਰਵੇ ਕਰਾਏ ਜਾਣ ਦੀ ਪਟੀਸ਼ਨ ਜ਼ਿਲ੍ਹਾ ਅਦਾਲਤ 'ਚ ਦਾਇਰ ਕੀਤੀ ਗਈ। ਸੰਭਲ ਦੇ ਕੇਲਾ ਦੇਵੀ ਮੰਦਰ ਦੇ ਮਹੰਤ ਰਿਸ਼ੀਰਾਜ ਗਿਰੀ ਅਤੇ ਪੰਜ ਹੋਰ ਜਣਿਆਂ ਨੇ ਪਟੀਸ਼ਨ ਵਿਚ ਦਾਅਵਾ ਕੀਤਾ ਕਿ ਸੰਨ 1529 'ਚ ਮੁਗ਼ਲ ਬਾਦਸ਼ਾਹ ਬਾਬਰ ਨੇ 'ਪ੍ਰਾਚੀਨ ਹਰਿਹਰ ਮੰਦਰ' ਨੂੰ ਢਾਹ ਕੇ ਮਸਜਿਦ ਤਾਮੀਰ ਕਰਵਾਈ ਸੀ। ਉਸੇ ਦਿਨ ਹੀ ਅਦਾਲਤ ਨੇ ਸਰਵੇ ਦਾ ਆਦੇਸ਼ ਦੇ ਦਿੱਤਾ ਅਤੇ ਸਰਵੇ ਲਈ ਐਡਵੋਕੇਟ ਕਮਿਸ਼ਨਰ ਵੀ ਨਿਯੁਕਤ ਕਰ ਦਿੱਤਾ। ਹਾਲਾਂਕਿ ਅਦਾਲਤ ਨੇ ਸਰਵੇ ਦੀ ਕੋਈ ਤਰੀਕ ਤੈਅ ਨਹੀਂ ਸੀ ਕੀਤੀ ਪਰ ਕਮਿਸ਼ਨਰ ਸੰਭਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਲੈ ਕੇ ਤੁਰੰਤ ਸਰਵੇ ਕਰਨ ਲਈ ਪਹੁੰਚ ਗਿਆ। ਜਿਸ ਦਿਨ ਪਟੀਸ਼ਨ ਦਾਇਰ ਹੋਈ, ਉਸੇ ਦਿਨ ਰਾਤ ਦੇ ਹਨੇਰੇ 'ਚ ਪਹਿਲਾ ਸਰਵੇ ਕੀਤਾ ਗਿਆ; ਭਾਵੇਂ ਉਸ ਵਕਤ ਮਸਜਿਦ ਵਿਚ ਭੀੜ ਸੀ ਪਰ ਸਰਵੇ 'ਚ ਕੋਈ ਅੜਿੱਕਾ ਨਹੀਂ ਪਿਆ ਪਰ ਦੂਜੇ ਸਰਵੇ ਨੇ ਹਿੰਸਾ ਭੜਕਾ ਦਿੱਤੀ।

ਮਸਜਿਦ ਕਮੇਟੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਮੇਂ ਸਿਰ ਸਰਵੇ ਦੀ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਦੂਜੇ ਸਰਵੇ ਦੀ ਅਦਾਲਤ ਤੋਂ ਇਜਾਜ਼ਤ ਵੀ ਨਹੀਂ ਲਈ ਗਈ। ਭਾਵੇਂ ਪੁਲਿਸ ਪ੍ਰਸ਼ਾਸਨ ਸਰਵੇ ਦਾ ਨੋਟਿਸ ਮਸਜਿਦ ਕਮੇਟੀ ਨੂੰ ਅਗਾਊਂ ਦੇਣ ਦਾ ਦਾਅਵਾ ਕਰ ਰਿਹਾ ਹੈ ਪਰ ਤੱਥ ਸਰਕਾਰੀ ਬਿਰਤਾਂਤ ਨੂੰ ਰੱਦ ਕਰਦੇ ਹਨ। ਪਹਿਲਾ ਸਰਵੇ ਰਾਤ ਨੂੰ ਅਤੇ ਦੂਜਾ ਸਵੇਰੇ ਸਾਝਰੇ ਸਾਢੇ ਸੱਤ ਵਜੇ ਕਰਨ ਦੀ ਕਾਹਲ ਕਿਉਂ? ਸਵਾਲ ਤਾਂ ਇਹ ਵੀ ਹੈ ਕਿ ਜਦੋਂ ਪਹਿਲਾ ਸਰਵੇ ਹੋ ਗਿਆ ਸੀ ਤਾਂ ਦੂਜਾ ਸਰਵੇ ਅਦਾਲਤ ਦੀ ਇਜਾਜ਼ਤ ਤੋਂ ਬਗ਼ੈਰ ਕਰਨਾ ਜ਼ਰੂਰੀ ਕਿਉਂ ਸਮਝਿਆ ਗਿਆ। ਕੀ ਇਤਿਹਾਸਕ ਵਿਵਾਦਪੂਰਨ ਇਮਾਰਤਾਂ ਦੇ ਸਰਵੇ ਇਸ ਤਰ੍ਹਾਂ ਕੀਤੇ ਜਾਂਦੇ ਹਨ? ਸਰਵੇ ਟੀਮ, ਹਿੰਦੂਤਵੀ ਤਾਕਤਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਐਨੀ ਛੇਤੀਂ ਸਰਵੇ ਕਰਾਉਣ ਲਈ ਸਵੇਰੇ ਸਾਝਰੇ ਇਕੱਠੇ ਹੋਣਾ ਅਤੇ ਸਖ਼ਤ ਬੈਰੀਕੇਡਿੰਗ ਕਰ ਕੇ ਸਰਵੇ ਕਰਾਉਣ ਲਈ ਐਨੀ ਮੁਸਤੈਦੀ ਦਿਖਾਉਣਾ ਅਤੇ ਸਰਵੇ ਟੀਮ ਦੇ ਨਾਲ ਹਿੰਦੂਤਵੀ ਹਜੂਮ ਦਾ ਆਉਣਾ ਤੇ ਇਕ ਹਜ਼ਾਰ ਦੇ ਕਰੀਬ ਪੁਲਿਸ ਨਫ਼ਰੀ ਤਾਇਨਾਤ ਕਰਨਾ ਦਰਸਾਉਂਦਾ ਹੈ ਕਿ ਇਹ ਸਭ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੀਤਾ ਗਿਆ। ਪ੍ਰਸ਼ਾਸਨ ਦੇ ਸਾਜ਼ਿਸ਼ੀ ਤਰੀਕੇ ਕਾਰਨ ਅਫ਼ਵਾਹ ਫੈਲ ਗਈ ਕਿ ਮਸਜਿਦ ਦੇ ਅੰਦਰ ਖੁਦਾਈ ਕੀਤੀ ਜਾ ਰਹੀ ਹੈ ਜਿਸ ਦਾ ਵਿਰੋਧ ਕਰਨ ਲਈ ਮੁਸਲਮਾਨ ਅਵਾਮ ਇਕੱਠੇ ਹੋ ਗਏ। ਪੁਲਿਸ ਵੱਲੋਂ ਪ੍ਰਮੁੱਖ ਧਾਰਮਿਕ ਸਥਾਨ ਦੀ ਬੇਵਜ੍ਹਾ ਭਾਰੀ ਘੇਰਾਬੰਦੀ ਕਾਰਨ ਉਸ ਫਿਰਕੇ 'ਚ ਸ਼ੱਕ ਅਤੇ ਤੌਖਲੇ ਪੈਦਾ ਹੋਣਾ ਸੁਭਾਵਿਕ ਹੈ ਜਿਨ੍ਹਾਂ ਦੇ ਚੇਤਿਆਂ 'ਚ ਬਾਬਰੀ ਮਸਜਿਦ ਮਾਮਲੇ 'ਚ ਹੋਈ ਬੇਇਨਸਾਫ਼ੀ ਅਤੇ ਧੱਕਾ ਪੱਕੇ ਤੌਰ 'ਤੇ ਖੁਣ ਦਿੱਤਾ ਗਿਆ ਹੈ ਅਤੇ ਜਿਨ੍ਹਾਂ ਨੂੰ ਹਿੰਦੂ ਕੱਟੜਪੰਥੀ ਤਾਕਤਾਂ ਦੀ ਜ਼ਹਿਰੀਲੀ ਹਮਲਾਵਰ ਮੁਹਿੰਮ ਦਾ ਦਿਨ-ਰਾਤ ਸਾਹਮਣਾ ਕਰਨਾ ਪੈਂਦਾ ਹੈ।

ਪੁਲਿਸ ਅਧਿਕਾਰੀਆਂ ਵੱਲੋਂ ਹਿੰਸਾ ਲਈ ਮੁਸਲਮਾਨ ਫਿਰਕੇ ਨੂੰ ਦੋਸ਼ੀ ਠਹਿਰਾਉਣ ਲਈ ਇਹ ਕਿਹਾ ਜਾ ਰਿਹਾ ਹੈ ਕਿ ਸਰਵੇ ਦੌਰਾਨ ਹਜੂਮ ਨੇ ਪੁਲਿਸ ਉੱਪਰ ਪਥਰਾਓ ਕੀਤਾ ਜਿਸ ਕਾਰਨ ਪੁਲਿਸ ਨੇ ਹਜੂਮ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਜ਼ਰੂਰ ਕੀਤੀ ਪਰ ਗੋਲੀ ਨਹੀਂ ਚਲਾਈ; ਜਦਕਿ ਘਟਨਾ ਤੋਂ ਤੁਰੰਤ ਬਾਅਦ ਕੀਤੀ ਪ੍ਰੈੱਸ ਕਾਨਫਰੰਸ 'ਚ ਜ਼ਿਲ੍ਹਾ ਅਧਿਕਾਰੀ ਨੇ ਖ਼ੁਦ ਦੱਸਿਆ ਕਿ ਪੁਲਿਸ ਨੇ ਪੈਲੇਟ ਗੰਨ ਦੀ ਵਰਤੋਂ ਕੀਤੀ ਹੈ ਅਤੇ ਇਕ ਪੁਲਿਸ ਮੁਲਾਜ਼ਮ ਨੇ ਤਾਂ ਇਹ ਵੀ ਕਿਹਾ ਕਿ ਹਵਾਈ ਫਾਇਰਿੰਗ ਕੀਤੀ ਗਈ ਸੀ।

ਪੁਲਿਸ ਅਧਿਕਾਰੀਆਂ ਦੇ ਆਪਾ-ਵਿਰੋਧੀ ਬਿਆਨ ਵੀ ਇਹੀ ਪੁਸ਼ਟੀ ਕਰਦੇ ਹਨ ਕਿ ਆਪਣੀ ਮੁਜਰਿਮ ਭੂਮਿਕਾ ਨੂੰ ਲੁਕੋਣ ਲਈ ਪੁਲਿਸ ਪ੍ਰਸ਼ਾਸਨ ਝੂਠ ਬੋਲ ਰਿਹਾ ਹੈ। ਸਰਕਲ ਇੰਸਪੈਕਟਰ ਕਹਿ ਰਿਹਾ ਹੈ ਕਿ ਸਾਨੂੰ ਹਿੰਸਾ ਦਾ ਕੋਈ ਅੰਦੇਸ਼ਾ ਨਹੀਂ ਸੀ ਇਸ ਲਈ ਪੁਲਿਸ ਤਿਆਰੀ ਕਰਕੇ ਨਹੀਂ ਗਈ ਸੀ; ਪੁਲਿਸ ਮੁਖੀ ਕਹਿ ਰਿਹਾ ਹੈ ਕਿ ਪ੍ਰਸ਼ਾਸਨ ਕੋਲ ਪਹਿਲਾਂ ਹੀ ਖ਼ੁਫ਼ੀਆ ਰਿਪੋਰਟਾਂ ਸਨ ਕਿ ਹਿੰਸਾ ਹੋ ਸਕਦੀ ਹੈ, ਇਸ ਲਈ ਉਹ ਪਹਿਲਾਂ ਨਾਲੋਂ ਵਧੇਰੇ ਤਿਆਰੀ ਕਰ ਕੇ ਗਏ ਸਨ। ਉੱਧਰ ਭਾਜਪਾ ਆਗੂਆਂ ਨੇ ਇਹ ਬਿਰਤਾਂਤ ਪ੍ਰਚਾਰਿਆ ਕਿ ਇਹ 'ਪਠਾਣਾਂ' ਅਤੇ 'ਤੁਰਕਾਂ' ਦਰਮਿਆਨ ਹਿੰਸਾ ਹੈ, ਇਸ ਲਈ ਪ੍ਰਸ਼ਾਸਨ ਜ਼ਿੰਮੇਵਾਰ ਨਹੀਂ ਹੈ। ਸੁਪਰੀਮ ਕੋਰਟ ਵੱਲੋਂ ਇਸ ਗ਼ੈਰ-ਕਾਨੂੰਨੀ ਕਾਰਵਾਈ ਉੱਪਰ ਰੋਕ ਲਾਉਣ ਦੀ ਬਜਾਇ ਮਸਜਿਦ ਦੀ ਇੰਤਜ਼ਾਮੀਆ ਕਮੇਟੀ ਨੂੰ ਹਾਈਕੋਰਟ ਵੱਲ ਤੋਰ ਦੇਣ ਤੋਂ ਸਪਸ਼ਟ ਹੈ ਕਿ ਮਜ਼ਲੂਮ ਧਿਰ ਨੂੰ ਨੇੜ-ਭਵਿੱਖ ਵਿਚ ਕੋਈ ਨਿਆਂ ਮਿਲਣ ਦੀ ਉਮੀਦ ਨਹੀਂ ਹੈ।

ਦਰਅਸਲ, ਇਹ ਭਗਵਾ ਹਕੂਮਤ ਦਾ ਮੁਸਲਮਾਨ ਫਿਰਕੇ ਨੂੰ ਹਿੰਸਕ ਹਮਲਿਆਂ ਨਾਲ ਦਬਾਉਣ ਦਾ ਗਿਣਿਆ-ਮਿੱਥਿਆ ਪ੍ਰੋਜੈਕਟ ਹੈ। ਇਹ ਮੁਸਲਮਾਨ ਬਹੁਗਿਣਤੀ ਖੇਤਰ ਹੈ ਜੋ ਹੋਰ ਹਾਕਮ ਜਮਾਤੀ ਪਾਰਟੀਆਂ ਦਾ ਵੋਟ ਬੈਂਕ ਹੈ। ਸੰਭਲ ਕਸਬੇ ਦੀ ਆਬਾਦੀ 2 ਲੱਖ ਤੋਂ ਉੱਪਰ ਹੈ ਅਤੇ 2011 ਦੀ ਮਰਦਮਸ਼ੁਮਾਰੀ ਅਨੁਸਾਰ ਕੁਲ ਆਬਾਦੀ 'ਚ ਮੁਸਲਮਾਨ 70% ਤੋਂ ਵੀ ਜ਼ਿਆਦਾ ਅਤੇ ਹਿੰਦੂ 20% ਤੋਂ ਥੋੜ੍ਹੇ ਵੱਧ ਹਨ। ਜ਼ਿਆਦਾਤਰ ਆਬਾਦੀ ਨਿਮਨ ਮੱਧਵਰਗੀ ਅਤੇ ਅਤਿਅੰਤ ਗ਼ਰੀਬ ਹੈ। ਹਕੂਮਤ ਦੇ ਇਸ ਗਿਣੇ-ਮਿੱਥੇ ਹਮਲੇ ਨੇ ਉਨ੍ਹਾਂ ਦੀ ਪਹਿਲਾਂ ਹੀ ਗ਼ਰੀਬ ਜ਼ਿੰਦਗੀ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਹੈ ਜੋ ਸ਼ਾਇਦ ਹੀ ਕਦੇ ਸਹਿਜ ਹੋ ਸਕੇਗੀ।

ਇਤਿਹਾਸਕ ਮਸਜਿਦਾਂ-ਦਰਗਾਹਾਂ ਹੇਠ ਮੰਦਰ ਲੱਭਣ ਦਾ ਇਹ ਸਿਲਸਿਲਾ ਇੱਥੇ ਰੁਕਣ ਵਾਲਾ ਨਹੀਂ ਹੈ। 'ਹਿੰਦੂ ਏਕਤਾ' ਨੂੰ ਜ਼ਰੂਰੀ ਦੱਸਣ ਵਾਲੀ ਹਿੰਦੂਤਵੀ ਸਿਆਸਤ ਸਮਾਜ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਰੱਖਣ ਦਾ ਫਾਸ਼ੀਵਾਦੀ ਪ੍ਰੋਜੈਕਟ ਹੈ। ਇੱਕੋ ਤੀਰ ਨਾਲ ਦੋ ਸ਼ਿਕਾਰ ਕੀਤੇ ਜਾ ਰਹੇ ਹਨ। ਸੰਭਲ 'ਚ ਧੁੱਖ ਰਹੇ ਟਕਰਾਅ ਦੌਰਾਨ ਹੀ ਅਜਮੇਰ (ਰਾਜਸਥਾਨ) ਦੀ ਸਥਾਨਕ ਅਦਾਲਤ 'ਚ ਅਜਮੇਰ ਸ਼ਰੀਫ਼ ਦਰਗਾਹ ਦਾ ਸਰਵੇ ਕਰਾਉਣ ਦੀ ਪਟੀਸ਼ਨ ਮਨਜ਼ੂਰ ਕਰਵਾ ਲਈ ਗਈ ਹੈ। ਫਿਰਕੂ ਸਦਭਾਵਨਾ ਦੇ ਚਿੰਨ੍ਹ ਸੂਫ਼ੀ ਸੰਤ ਖਵਾਜ਼ਾ ਮੋਇਨੂਦੀਨ ਚਿਸ਼ਤੀ (12ਵੀਂ ਸਦੀ) ਦੀ ਇਸ ਦਰਗਾਹ ਦੀ ਪੂਜਾ ਮੁਸਲਮਾਨ ਅਤੇ ਹਿੰਦੂ ਦੋਨੋਂ ਕਰਦੇ ਹਨ ਅਤੇ ਇਹ ਏਸ਼ੀਆ ਵਿਚ ਭਾਰਤੀਆਂ ਲਈ ਸਭ ਤੋਂ ਪਵਿੱਤਰ ਸੂਫ਼ੀ ਸਥਾਨਾਂ 'ਚੋਂ ਇਕ ਮੰਨੀ ਜਾਂਦੀ ਹੈ। ਇਸੇ ਦਰਗਾਹ 'ਚ ਨਰਿੰਦਰ ਮੋਦੀ ਚਾਦਰ ਚੜਾਉਣ ਵੀ ਗਿਆ ਸੀ। ਹਿੰਦੂਤਵੀ ਤਾਕਤਾਂ ਦੇ ਮਨਸ਼ੇ ਸਾਫ਼ ਸਮਝੇ ਜਾ ਸਕਦੇ ਹਨ। ਹਿੰਦੂਆਂ ਨੂੰ ਮੁਸਲਮਾਨਾਂ ਤੋਂ ਖ਼ਤਰੇ ਦਾ ਡਰ ਦਿਖਾ ਕੇ ਹਿੰਦੂਤਵੀ ਹਕੂਮਤ ਹੇਠ ਸੁਰੱਖਿਆ ਦਾ ਭਰਮ ਸਿਰਜਿਆ ਜਾ ਰਿਹਾ ਹੈ। ਘੱਟਗਿਣਤੀਆਂ ਦੇ ਇਤਿਹਾਸਕ ਸਥਾਨ ਢਾਹੁਣ ਨੂੰ ਹਿੰਦੂ ਗੌਰਵ ਦੀ ਬਹਾਲੀ ਦਾ ਚਿੰਨ੍ਹ ਬਣਾ ਕੇ ਇਸ ਮੁਹਿੰਮ ਨੂੰ ਬਹੁਗਿਣਤੀ ਫਿਰਕੇ ਦੇ ਚੁਣੌਤੀ ਰਹਿਤ ਅਧਿਕਾਰ ਵਜੋਂ ਸਥਾਪਤ ਕੀਤਾ ਗਿਆ ਹੈ। ਬਾਬਰੀ ਮਸਜਿਦ-ਰਾਮ ਮੰਦਰ ਵਿਵਾਦ ਭਵਿੱਖ 'ਚ ਵਾਰ-ਵਾਰ ਦੁਹਰਾਏ ਜਾਣ ਵਾਲੇ ਧੌਂਸਬਾਜ਼ ਫਿਰਕੂ ਅਮਲ ਦਾ ਆਗਾਜ਼ ਸੀ ਕਿ ਹਿੰਦੂਤਵੀ ਤਾਕਤਾਂ ਜਿਸ ਧਾਰਮਿਕ ਜਾਂ ਇਤਿਹਾਸਕ ਸਥਾਨ 'ਤੇ ਵੀ ਉਂਗਲ ਰੱਖਣਗੀਆਂ ਉਨ੍ਹਾਂ ਦਾ ਦਾਅਵਾ ਹੀ ਅੰਤਮ ਸੱਚ ਮੰਨਿਆ ਜਾਣਾ ਚਾਹੀਦਾ ਹੈ।

ਹੁਣ ਆਲਮ ਇਹ ਹੈ ਕਿ ਘੱਟਗਿਣਤੀਆਂ ਦੇ ਕਿਸੇ ਵੀ ਮਸਜਿਦ, ਗੁਰਦੁਆਰੇ, ਬੋਧੀ ਮੰਦਰ ਦੇ ਹੇਠਾਂ ਹਿੰਦੂ ਮੰਦਰ ਹੋਣ ਦਾ ਦਾਅਵਾ ਕਰਕੇ ਸਰਵੇ ਕਰਾਉਣ ਦਾ ਅਦਾਲਤੀ ਹੁਕਮ ਹਾਸਲ ਕੀਤਾ ਜਾ ਸਕਦਾ ਹੈ ਜਿਸ ਨੂੰ ਢਾਹੁਣ ਦੇ ਅੰਜਾਮ ਤੱਕ ਪਹੁੰਚਾਉਣ ਦੁਆਰਾ ਫਿਰਕੂ ਪਾਲਾਬੰਦੀ ਹੀ ਹਿੰਦੂਤਵੀ ਸਿਆਸਤ ਦਾ ਧੁਰਾ ਹੈ। ਜੇ ਕੋਈ ਹਿੰਦੂਤਵੀ ਵਿਚਾਰਧਾਰਾ ਨਾਲ ਅਸਹਿਮਤੀ ਪ੍ਰਗਟਾਉਂਦਾ ਹੈ ਤਾਂ ਉਸ ਨੂੰ 'ਦੇਸ਼ਧ੍ਰੋਹੀ', 'ਅਰਬਨ ਨਕਸਲ' ਕਰਾਰ ਦੇ ਦਿੱਤਾ ਜਾਂਦਾ ਹੈ।

ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਵਿਰੋਧੀ ਤੁਅੱਸਬ ਭਾਰਤੀ ਸਟੇਟ 'ਚ ਜਮਾਂਦਰੂ ਤੌਰ 'ਤੇ ਮੌਜੂਦ ਹਨ। ਇਸੇ ਦਾ ਇਕ ਉੱਘੜਵਾਂ ਇਜ਼ਹਾਰ ਇਹ ਹੈ ਕਿ ਜਦੋਂ ਵੀ ਕਿੱਧਰੇ ਹਿੰਦੂ ਬਨਾਮ ਘੱਟਗਿਣਤੀ ਵਿਵਾਦ ਉੱਠਦਾ ਹੈ ਤਾਂ ਘੱਟਗਿਣਤੀਆਂ ਨੂੰ ਇਸ ਦਾ ਮੁੱਲ ਆਪਣੇ ਕਾਰੋਬਾਰਾਂ ਅਤੇ ਜਾਇਦਾਦਾਂ ਦੀ ਭਿਆਨਕ ਤਬਾਹੀ ਦੇ ਰੂਪ 'ਚ ਚੁਕਾਉਣਾ ਪੈਂਦਾ ਹੈ। ਇਸ ਵਿਚ ਰਾਜ ਮਸ਼ੀਨਰੀ ਦੀ ਮਿਲੀਭੁਗਤ ਹੀ ਨਹੀਂ ਅਕਸਰ ਸਰਗਰਮ ਭੂਮਿਕਾ ਹੁੰਦੀ ਹੈ। ਇਸ ਨੂੰ ਹਿੰਦੂਤਵੀ ਹਕੂਮਤ 'ਚ 'ਬੁਲਡੋਜ਼ਰ ਨਿਆਂ' ਦੇ ਰੂਪ 'ਚ ਸਥਾਪਤ ਕੀਤਾ ਗਿਆ ਹੈ ਅਤੇ ਨਾਲ ਹੀ ਪ੍ਰਸ਼ਾਸਨ ਅਤੇ ਜੁਡੀਸ਼ਰੀ ਦਾ ਡੂੰਘੇ ਰੂਪ 'ਚ ਫਿਰਕੂਕਰਨ ਕਰ ਲਿਆ ਗਿਆ ਹੈ। ਗੱਲ ਝੂਠੇ ਬਹਾਨੇ ਬਣਾ ਕੇ ਹਜੂਮੀ ਕਤਲਾਂ ਅਤੇ 'ਹਿੰਦੂ ਧਰਮ-ਸੰਸਦਾਂ' ਵਿਚ ਮੁਸਲਮਾਨਾਂ ਦੇ ਕਤਲ ਤੇ ਬਲਾਤਕਾਰ ਕਰਨ ਦੇ ਸੱਦਿਆਂ ਤੱਕ ਸੀਮਤ ਨਹੀਂ ਰਹੀ। ਭਾਜਪਾ ਸ਼ਾਸਿਤ ਰਾਜਾਂ ਵਿਚ ਮੁਸਲਮਾਨ ਕਾਰੋਬਾਰਾਂ ਤੇ ਹੋਟਲਾਂ ਆਦਿ ਦਾ ਬਾਈਕਾਟ ਕਰਨ, ਮੁਸਲਮਾਨਾਂ ਨੂੰ ਕਿਰਾਏਦਾਰ ਨਾ ਰੱਖਣ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀਆਂ ਦੇ ਇਸ਼ਾਰੇ 'ਤੇ ਮੁਸਲਮਾਨਾਂ ਦੇ ਘਰਾਂ ਨੂੰ ਢਾਹੁਣ ਦੇ ਸੱਦੇ ਦੇਣਾ ਬਾਕਾਇਦਾ ਮੁਹਿੰਮ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ।

ਭਾਵੇਂ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ 'ਬੁਲਡੋਜ਼ਰ ਨਿਆਂ' ਉੱਪਰ ਰੋਕ ਲਗਾਉਣ ਨਾਲ ਮਜ਼ਲੂਮ ਘੱਟਗਿਣਤੀ ਨੂੰ ਕੁਝ ਵਕਤੀ ਰਾਹਤ ਮਿਲ ਗਈ ਹੈ ਪਰ ਹਿੰਦੂ ਝੁਕਾਅ ਵਾਲੀ ਰਾਜ ਮਸ਼ੀਨਰੀ ਅਜਿਹੇ ਕਾਨੂੰਨਾਂ ਅਤੇ ਅਦਾਲਤੀ ਫ਼ੈਸਲਿਆਂ ਨੂੰ ਉਲਟਾਉਣਾ ਆਪਣਾ ਅਧਿਕਾਰ ਸਮਝਦੀ ਹੈ ਜਿਨ੍ਹਾਂ 'ਚ ਘੱਟਗਿਣਤੀਆਂ ਨੂੰ ਕੁਝ ਰਾਹਤ ਦੇਣ ਦੀ ਗੁੰਜਾਇਸ਼ ਹੈ। ਪਿਛਲੇ ਦਿਨੀਂ ਰਿਟਾਇਰ ਹੋਏ ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ 2022 'ਚ ਕਾਸ਼ੀ ਦੀ ਗਿਆਨਵਾਪੀ ਮਸਜਿਦ ਕੇਸ 'ਚ ਜੋ ਜ਼ਬਾਨੀ ਟਿੱਪਣੀ ਕੀਤੀ ਸੀ ਉਸ ਨੇ ਹਿੰਦੂਤਵੀ ਤਾਕਤਾਂ ਦੇ ਹੌਸਲੇ ਹੋਰ ਬੁਲੰਦ ਕਰ ਦਿੱਤੇ। ਟਿੱਪਣੀ ਇਹ ਸੀ ਕਿ 1991 ਦਾ ਐਕਟ ਕਿਸੇ ਇਮਾਰਤੀ ਢਾਂਚੇ ਦਾ "ਧਾਰਮਿਕ ਖ਼ਾਸਾ ਨਿਸ਼ਚਿਤ ਕਰਨ" ਦੀ ਇਜਾਜ਼ਤ ਦਿੰਦਾ ਹੈ, ਚਾਹੇ ਇਸ ਦੀ ਵਰਤੋਂ ਨੂੰ ਬਦਲਿਆ ਨਹੀਂ ਜਾ ਸਕਦਾ। ਇਹ 1991 'ਚ ਪਾਰਲੀਮੈਂਟ ਵੱਲੋਂ ਪਾਸ ਕੀਤੇ ਇਸ ਐਕਟ ਨੂੰ ਰੱਦ ਕਰਨ ਵਾਲੀ ਟਿੱਪਣੀ ਸੀ ਕਿ ਸਿਰਫ਼ ਰਾਮ ਜਨਮਭੂਮੀ-ਬਾਬਰੀ ਮਸਜਿਦ ਝਗੜਾ ਅੱਪਵਾਦ ਹੈ, ਬਾਕੀ ਸਾਰੇ ਧਾਰਮਿਕ ਸਥਾਨਾਂ ਦਾ 15 ਅਗਸਤ 1947 ਵਾਲਾ ਸਟੇਟਸ ਬਰਕਰਾਰ ਰੱਖਿਆ ਜਾਵੇਗਾ।

ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਆਰ.ਐੱਸ.ਐੱਸ. ਚੁੱਪ ਹੈ। ਸੰਭਲ ਦੀ ਮਸਜਿਦ ਦੇ ਸਰਵੇ ਅਤੇ ਅਜਮੇਰ ਸ਼ਰੀਫ਼ ਦਰਗਾਹ ਉੱਪਰ ਹਿੰਦੂਤਵੀ ਦਾਅਵੇ ਸਮੇਂ ਸੰਘ ਦੀ ਚੁੱਪ ਨੂੰ ਦੇਖਦਿਆਂ ਆਰ.ਐੱਸ.ਐੱਸ. ਮੁਖੀ ਮੋਹਣ ਭਾਗਵਤ ਦਾ ਇਹ ਉਪਦੇਸ਼ ਦੋਗਲੀ ਜ਼ੁਬਾਨ ਤੋਂ ਸਿਵਾਇ ਕੁਝ ਨਹੀਂ ਹੈ ਕਿ "ਹਰ ਮਸਜਿਦ 'ਚ ਸ਼ਿਵਲਿੰਗ ਲੱਭਣ ਦੀ ਜ਼ਰੂਰਤ ਨਹੀਂ ਹੈ।"

ਭਾਰਤ ਦੇ ਭਾਈਚਾਰਕ ਸਾਂਝ ਪੱਖੀ ਅਵਾਮ ਨੂੰ ਇਸ ਅੱਗ ਲਾਊ ਸਿਆਸਤ ਨੂੰ ਠੱਲ੍ਹ ਪਾਉਣ ਲਈ ਖ਼ੁਦ ਅੱਗੇ ਆਉਣਾ ਪਵੇਗਾ।




*ਇਹ ਤਸਵੀਰ ਫਰਵਰੀ 2020 ਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਜਮੇਰ ਸ਼ਰੀਫ ਦਰਗਾਹ ਵਿਖੇ ਚਾਦਰ ਚੜ੍ਹਾਉਣ ਲਈ ਮੁਸਲਿਮ ਲੀਡਰਾਂ ਨੂੰ ਸੌਂਪਦੇ ਹੋਏ।*

***.ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਆਰ.ਐੱਸ.ਐੱਸ. ਚੁੱਪ ਹੈ। ਸੰਭਲ ਦੀ ਮਸਜਿਦ ਦੇ ਸਰਵੇ ਅਤੇ ਅਜਮੇਰ ਸ਼ਰੀਫ਼ ਦਰਗਾਹ ਉੱਪਰ ਹਿੰਦੂਤਵੀ ਦਾਅਵੇ ਸਮੇਂ ਸੰਘ ਦੀ ਚੁੱਪ ਨੂੰ ਦੇਖਦਿਆਂ ਆਰ.ਐੱਸ.ਐੱਸ. ਮੁਖੀ ਮੋਹਣ ਭਾਗਵਤ ਦਾ ਇਹ ਉਪਦੇਸ਼ ਦੋਗਲੀ ਜ਼ੁਬਾਨ ਤੋਂ ਸਿਵਾਇ ਕੁਝ ਨਹੀਂ ਹੈ ਕਿ "ਹਰ ਮਸਜਿਦ 'ਚ ਸ਼ਿਵਲਿੰਗ ਲੱਭਣ ਦੀ ਜ਼ਰੂਰਤ ਨਹੀਂ ਹੈ।"***

# ਲਾਹੌਰ ਦੇ ਕੰਧ-ਚਿੱਤਰਾਂ 'ਤੇ ਇੱਕ ਝਾਤ

***ਲਾਹੌਰ ਵਿਚ ਬਚਣ ਵਾਲੇ ਬਹੁਗਿਣਤੀ ਸਿੱਖ ਕੰਧ ਚਿੱਤਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਇਸ ਤੋਂ ਬਾਅਦ ਦੇ ਹਨ। ਅਠ੍ਹਾਰਵੀਂ ਸਦੀ ਦੇ ਅੰਤ ਵਿਚ ਸਿੱਖ ਸਾਮਰਾਜ ਸਥਾਪਿਤ ਹੋ ਜਾਣ 'ਤੇ ਕੰਧ ਚਿੱਤਰਾਂ ਦੇ ਵਿਸ਼ਿਆਂ ਵਿਚ ਕ੍ਰਾਂਤੀਕਾਰੀ ਪਰਿਵਰਤਨ ਦੇਖਣ ਨੂੰ ਮਿਲਦਾ ਹੈ। ਵਿਸ਼ਿਆਂ ਵਿਚ ਇੱਕ ਵਾਰ ਫੇਰ ਮਨੁੱਖੀ ਅਤੇ ਜੀਅ-ਜੰਤਾਂ ਦੀਆਂ ਆਕ੍ਰਿਤੀਆਂ ਦਾ ਆਗਮਨ ਹੁੰਦਾ ਹੈ। ਇਹ ਤਸਵੀਰਾਂ ਜ਼ਿਆਦਾਤਰ ਪਹਾੜੀ ਚਿਤੇਰਿਆਂ ਦਾ ਕੰਮ ਹੈ ਜਿਨ੍ਹਾਂ ਨੂੰ ਪਹਾੜੀ ਇਲਾਕਿਆਂ ਵਿਚ ਸਰਪ੍ਰਸਤੀ ਦੀ ਘਾਟ ਨੇ ਮੈਦਾਨਾਂ ਵਿਚ ਆਪਣੇ ਨਵੇਂ ਗਾਹਕ ਲੱਭਣ ਲਈ ਮਜਬੂਰ ਕਰ ਦਿੱਤਾ ਸੀ। ਵਿਸ਼ੇ ਜ਼ਿਆਦਾਤਰ ਉਹੀ ਰਹੇ ਜੋ ਉਹ ਪਹਾੜੀ ਰਾਜਿਆਂ ਲਈ ਪੇਂਟ ਕਰਦੇ ਸਨ- ਰਾਜਿਆਂ ਦੇ ਪੋਰਟ੍ਰੇਟਸ ਅਤੇ ਹਿੰਦੂ ਪੌਰਾਣਿਕ ਮਿਥਿਹਾਸ ਦੇ ਦ੍ਰਿਸ਼। ਵਿਸ਼ਿਆਂ ਵਿਚ ਗੁਰੂ ਸਾਹਿਬਾਨ ਦੇ ਚਿੱਤਰ ਵੀ ਜੁੜ ਗਏ।***

ਚਿੱਤਰ ਬਣਾਉਣ ਲਈ ਮਨੁੱਖ ਨੇ ਸਭ ਤੋਂ ਪਹਿਲਾਂ ਕੰਧਾਂ ਨੂੰ ਹੀ ਚੁਣਿਆ ਸੀ ਭਾਵੇਂ ਇਹ ਕੰਧਾਂ ਫਰਾਂਸ ਦੀਆਂ ਲੈਸਕਾਕਸ ਗੁਫ਼ਾਵਾਂ ਦੀਆਂ ਸਨ ਜਾਂ ਮੱਧ ਪ੍ਰਦੇਸ਼ ਵਿਚਲੀਆਂ ਭੀਮ ਬੈਠਕਾਂ ਦੀਆਂ ਗੁਫ਼ਾਵਾਂ ਜਾਂ ਮਹਾਰਾਸ਼ਟਰ ਵਿਚ ਅਜੰਤਾ-ਏਲੋਰਾ ਦੀਆਂ ਗੁਫ਼ਾਵਾਂ ਦੀਆਂ ਜਾਂ ਰਾਜ ਮਹਿਲਾਂ ਦੀਆਂ। ਕੰਧ ਚਿੱਤਰ ਕਿਸੇ ਵੀ ਮਾਧਿਅਮ- ਪਾਣੀ ਦੇ ਰੰਗਾਂ, ਤੇਲ-ਰੰਗਾਂ, ਸੁੱਕੇ ਰੰਗਾਂ ਜਾਂ ਗਲੇਜ਼ਡ ਟਾਈਲਾਂ ਨਾਲ ਸਿਰਜੇ ਹੋ ਸਕਦੇ ਹਨ। ਦੁਨੀਆ ਭਰ ਵਿਚ ਚਿੱਤਰ ਬਣਾਉਣ ਲਈ ਕਾਗ਼ਜ਼ ਦੀ ਵਰਤੋਂ ਬਹੁਤ ਬਾਅਦ 'ਚੋਂ ਸ਼ੁਰੂ ਹੁੰਦੀ ਹੈ, ਭਾਰਤ ਵਿਚ ਤਾਂ ਤੇਰ੍ਹਵੀਂ ਸਦੀ ਦੇ ਆਸਪਾਸ ਮਤਲਬ ਕਿ ਸਿਰਫ਼ ਸੱਤ ਕੁ ਸੌ ਸਾਲ ਪਹਿਲਾਂ। ਹੱਥ ਨਾਲ ਬਣੇ ਕਾਗ਼ਜ਼ ਦੇ ਆਕਾਰ ਦੀ ਸੀਮਾ ਹੁੰਦੀ ਸੀ। ਛੋਟੇ ਆਕਾਰ ਕਾਰਨ ਇਨ੍ਹਾਂ 'ਤੇ ਬਣਾਈਆਂ ਪੇਂਟਿੰਗਜ਼ ਨੂੰ 'ਮਿਨੀਏਚਰ ਪੇਂਟਿੰਗਜ਼' (ਲਘੂ ਚਿੱਤਰ) ਦਾ ਨਾਂ ਦਿੱਤਾ ਜਾਂਦਾ ਹੈ; ਕੰਧ ਚਿੱਤਰਾਂ ਲਈ ਆਕਾਰ ਦੀ ਕੋਈ ਸੀਮਾ ਨਹੀਂ ਸੀ। ਦੋਹਾਂ ਵਿਚਕਾਰ ਅੰਤਰ ਇਹ ਸੀ ਕਿ ਜਿੱਥੇ ਕੰਧ ਚਿੱਤਰ ਆਪਣੀ ਥਾਂ 'ਤੇ ਫਿਕਸਡ ਸਨ, ਇੱਧਰ-ਉੱਧਰ ਨਹੀਂ ਸੀ ਲਿਜਾਏ ਜਾ ਸਕਦੇ ਅਤੇ ਥਾਂ 'ਤੇ ਜਾ ਕੇ ਹੀ ਦੇਖੇ ਜਾ ਸਕਦੇ ਸਨ, ਕਾਗ਼ਜ਼ 'ਤੇ ਬਣੇ ਚਿੱਤਰ ਕਿਤੇ ਵੀ ਲਿਜਾਣ ਵਿਚ ਕੋਈ ਮੁਸ਼ਕਿਲ ਨਹੀਂ ਸੀ। ਜਿੱਥੇ ਕੰਧ ਚਿੱਤਰ ਵੱਡ-ਗਿਣਤੀ ਦਰਸ਼ਕਾਂ ਲਈ ਹੁੰਦੇ ਸਨ, ਮਿਨੀਏਚਰ ਪੇਂਟਿੰਗਜ਼ ਪ੍ਰਾਈਵੇਟ ਸਰਪ੍ਰਸਤਾਂ ਲਈ ਬਣਾਏ ਜਾਂਦੇ ਸਨ। ਕਾਗ਼ਜ਼ ਦੀ ਖੋਜ ਹੋ ਜਾਣ ਦੇ ਬਾਵਜੂਦ ਚਿੱਤਰਾਂ ਲਈ ਕੰਧਾਂ ਦੀ ਵਰਤੋਂ ਅੱਜ ਤੱਕ ਜਾਰੀ ਹੈ। ਇਸ ਲੇਖ ਵਿਚ ਅਸੀਂ ਲਾਹੌਰ ਦੇ ਕੰਧ ਚਿੱਤਰਾਂ ਦੇ ਵਿਸ਼ਿਆਂ, ਇਤਿਹਾਸਕ ਮਹੱਤਤਾ, ਤਕਨੀਕਾਂ, ਸ਼ੈਲੀਆਂ ਅਤੇ ਵਿਕਾਸ ਦੇ ਵੱਖ-ਵੱਖ ਪਹਿਲੂਆਂ ਦੀ ਪੜਚੋਲ ਕਰਾਂਗੇ।



**ਸੁਭਾਸ਼ ਪਰਿਹਾਰ**

ਕਾਲ-ਵੰਡ ਦੇ ਹਿਸਾਬ ਨਾਲ ਲਾਹੌਰ ਦੇ ਕੰਧ ਚਿੱਤਰਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ: ਮੁਗ਼ਲ ਕਾਲੀਨ ਅਤੇ ਸਿੱਖ ਕਾਲੀਨ।

**ਮੁਗ਼ਲ ਕਾਲੀਨ ਕੰਧ ਚਿੱਤਰ:** ਲਾਹੌਰ ਦੇ ਮੁਗ਼ਲ ਕਾਲੀਨ ਕੰਧ ਚਿੱਤਰਾਂ ਵਿਚ ਅਸੀਂ ਜ਼ਿਆਦਾਤਰ ਫੁੱਲ-ਪੱਤਿਆਂ ਦੇ ਜਾਂ ਜਿਊਮੈਟ੍ਰਿਕਲ ਡਿਜ਼ਾਈਨ ਹੀ ਵੇਖਦੇ ਹਾਂ ਕਿਉਂਕਿ, ਜਿਵੇਂ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਇਸਲਾਮੀ ਕਲਾ ਵਿਚ ਮਨੁੱਖੀ ਆਕਾਰ ਜਾਂ ਜੀਅ-ਜੰਤ ਦੇ ਚਿੱਤਰ ਬਣਾਉਣ ਦੀ ਮਨਾਹੀ ਮੰਨੀ ਜਾਂਦੀ ਹੈ ਭਾਵੇਂ ਅਜਿਹਾ ਕੋਈ ਨਿਰਦੇਸ਼ ਕੁਰਾਨ ਸ਼ਰੀਫ਼ ਵਿਚ ਨਹੀਂ ਹੈ। ਲਾਹੌਰ ਦੇ ਕਿਲ੍ਹੇ ਦੀਆਂ ਇਮਾਰਤਾਂ ਦੀਆਂ ਕੰਧਾਂ 'ਤੇ ਚਿੱਤਰਾਂ ਦੇ ਸਬੂਤ ਸਮਕਾਲੀ ਯੂਰਪੀ ਸੈਲਾਨੀਆਂ ਦੇ ਵੇਰਵਿਆਂ ਤੋਂ ਮਿਲਦੇ ਹਨ। ਈਸਟ ਇੰਡੀਆ ਕੰਪਨੀ ਦਾ ਵਿਲੀਅਮ ਫਿੰਚ ਲਿਖਦਾ ਹੈ ਕਿ ਲਾਹੌਰ ਕਿਲ੍ਹੇ ਵਿਚਲੇ ਦੀਵਾਨਖਾਨੇ ਦੀ ਕੰਧ 'ਤੇ ਗੱਦੀ 'ਤੇ ਚੌਕੜੀ ਮਾਰ ਕੇ ਬੈਠੇ ਬਾਦਸ਼ਾਹ ਦੀ ਤਸਵੀਰ ਹੈ। ਇਸੇ ਕਿਲ੍ਹੇ ਵਿਚ ਹੀ ਉਹ ਜੀਸਸ ਕਰਾਈਸਟ ਅਤੇ ਵਰਜਿਨ ਮੈਰੀ ਦੇ ਕੰਧ ਚਿੱਤਰਾਂ ਦਾ ਜ਼ਿਕਰ ਵੀ ਕਰਦਾ ਹੈ। ਹੋਰ ਕਈ ਪੱਛਮੀ ਯਾਤਰੀ ਵੀ ਅਜਿਹੇ ਚਿੱਤਰਾਂ ਦਾ ਵਰਨਨ ਕਰਦੇ ਹਨ। ਚਿੱਤਰਾਂ ਦੇ ਇਸਾਈ ਵਿਸ਼ਿਆਂ ਬਾਰੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਹੈ। ਦਰਅਸਲ, ਅਕਸਰ ਇਸਾਈ ਯੂਰਪੀ ਯਾਤਰੀ ਆਪਣੇ ਨਾਲ ਆਪਣੇ ਧਰਮ ਨਾਲ ਸਬੰਧਿਤ ਤਸਵੀਰਾਂ ਵੀ ਲਿਆਉਂਦੇ ਸਨ, ਜਿਸ ਕਾਰਨ ਮੁਗ਼ਲ ਚਿੱਤਰਕਲਾ ਵਿਚ ਵੀ ਇਹ ਵਿਸ਼ਾ ਆਮ ਹੋ ਗਿਆ ਸੀ। ਕੁਝ ਦਹਾਕੇ ਪਹਿਲੇ ਹੀ ਆਸਟਰਿਆਈ ਕਲਾ ਇਤਿਹਾਸਕਾਰ ਐਬਾ ਕੋਚ ਨੇ ਕਿਲ੍ਹੇ ਦੀ ਇੱਕ ਇਮਾਰਤ 'ਕਾਲਾ ਬੁਰਜ' ਜਾਂ 'ਕਲਾ ਬੁਰਜ' ਦੀ ਛੱਤ 'ਤੇ ਇਸਾਈ ਬਾਲ ਫਰਿਸ਼ਤਿਆਂ ਦੇ ਕੰਧ ਚਿੱਤਰ ਲੱਭੇ ਹਨ ਜੋ ਪੱਛਮੀ ਯਾਤਰੀਆਂ ਦੇ ਵੇਰਵਿਆਂ ਦੀ ਪੁਸ਼ਟੀ ਕਰਦੇ ਹਨ।

ਲਾਹੌਰ ਦੇ ਕਿਲ੍ਹੇ ਦੇ ਕੰਧ ਚਿੱਤਰ ਫ਼ਾਰਸੀ ਤੇ ਸਵਦੇਸ਼ੀ ਭਾਰਤੀ ਸ਼ੈਲੀਆਂ ਦਾ ਸੁਮੇਲ ਹਨ ਜੋ ਮੁਗ਼ਲ ਦਰਬਾਰ ਨੂੰ ਆਕਾਰ ਦੇਣ ਵਾਲੇ ਸੱਭਿਆਚਾਰਕ ਪ੍ਰਭਾਵਾਂ ਦੇ ਕਾਰਨ ਹੈ। ਫ਼ਾਰਸੀ ਲਘੂ ਚਿੱਤਰਕਾਰੀ, ਇਸਦੇ ਗੁੰਝਲਦਾਰ ਵੇਰਵੇ ਅਤੇ ਜੀਵੰਤ ਰੰਗਾਂ ਦੀ ਵਰਤੋਂ ਨਾਲ, ਮੁਗ਼ਲ ਕੰਧ ਚਿੱਤਰਾਂ ਦੇ ਵਿਕਾਸ ਵਿਚ ਵਿਸ਼ੇਸ਼ ਤੌਰ 'ਤੇ ਪ੍ਰਭਾਵਸ਼ਾਲੀ ਸੀ। ਬਾਅਦ ਵਿਚ ਇਸ ਵਿਚ ਯੂਰਪੀ ਸ਼ੈਲੀ ਵੀ ਪ੍ਰਵੇਸ਼ ਕਰ ਗਈ।

**ਸਿੱਖ ਕਾਲੀਨ ਕੰਧ ਚਿੱਤਰ:** ਲਾਹੌਰ ਵਿਚ ਬਚਣ ਵਾਲੇ ਬਹੁਗਿਣਤੀ ਸਿੱਖ ਕੰਧ ਚਿੱਤਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਇਸ ਤੋਂ ਬਾਅਦ ਦੇ ਹਨ। ਜਿਵੇਂ ਅਸੀਂ ਦੇਖਿਆ ਹੈ ਕਿ ਮੁਗ਼ਲ ਕਾਲ ਦੇ ਕੰਧ ਚਿੱਤਰ ਕੁਝ ਕੁ ਉਦਾਹਰਣਾਂ ਛੱਡ ਕੇ ਮੁੱਖ ਤੌਰ 'ਤੇ ਸਜਾਵਟੀ ਵੇਲ-ਬੂਟਿਆਂ ਦੇ ਡਿਜ਼ਾਇਨ ਸਨ, ਅਠ੍ਹਾਰਵੀਂ ਸਦੀ ਦੇ ਅੰਤ ਵਿਚ ਸਿੱਖ ਸਾਮਰਾਜ ਸਥਾਪਿਤ ਹੋ ਜਾਣ 'ਤੇ ਕੰਧ ਚਿੱਤਰਾਂ ਦੇ ਵਿਸ਼ਿਆਂ ਵਿਚ ਕ੍ਰਾਂਤੀਕਾਰੀ ਪਰਿਵਰਤਨ ਦੇਖਣ ਨੂੰ ਮਿਲਦਾ ਹੈ। ਵਿਸ਼ਿਆਂ ਵਿਚ ਇੱਕ ਵਾਰ ਫੇਰ ਮਨੁੱਖੀ ਅਤੇ ਜੀਅ-ਜੰਤਾਂ ਦੀਆਂ ਆਕ੍ਰਿਤੀਆਂ ਦਾ ਆਗਮਨ ਹੁੰਦਾ ਹੈ। ਇਹ ਤਸਵੀਰਾਂ ਜ਼ਿਆਦਾਤਰ ਪਹਾੜੀ ਚਿਤੇਰਿਆਂ ਦਾ ਕੰਮ ਹੈ ਜਿਨ੍ਹਾਂ ਨੂੰ ਪਹਾੜੀ ਇਲਾਕਿਆਂ ਵਿਚ ਸਰਪ੍ਰਸਤੀ ਦੀ ਘਾਟ ਨੇ ਮੈਦਾਨਾਂ ਵਿਚ ਆਪਣੇ ਨਵੇਂ ਗਾਹਕ ਲੱਭਣ ਲਈ ਮਜਬੂਰ ਕਰ ਦਿੱਤਾ ਸੀ। ਵਿਸ਼ੇ ਜ਼ਿਆਦਾਤਰ ਉਹੀ ਰਹੇ ਜੋ ਉਹ ਪਹਾੜੀ ਰਾਜਿਆਂ ਲਈ ਪੇਂਟ ਕਰਦੇ ਸਨ- ਰਾਜਿਆਂ ਦੇ ਪੋਰਟ੍ਰੇਟਸ ਅਤੇ ਹਿੰਦੂ ਪੌਰਾਣਿਕ ਮਿਥਿਹਾਸ ਦੇ ਦ੍ਰਿਸ਼। ਵਿਸ਼ਿਆਂ ਵਿਚ ਗੁਰੂ ਸਾਹਿਬਾਨ ਦੇ ਚਿੱਤਰ ਵੀ ਜੁੜ ਗਏ।



*ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਬਣਿਆ ਕੰਧ-ਚਿੱਤਰ।*

ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਕੰਧ ਚਿੱਤਰ ਸਭ ਤੋਂ ਸੁਰੱਖਿਅਤ ਬਚੇ ਹੋਏ ਹਨ। ਇਸ ਦੇ ਕੰਧ ਚਿੱਤਰ ਜੋ 24-24 ਤਸਵੀਰਾਂ ਦੇ ਦੋ ਸੈੱਟਾਂ ਦੇ ਰੂਪ ਵਿਚ ਹਨ, ਧਾਰਮਿਕ ਅਤੇ ਸਭਿਆਚਾਰਕ ਇਕਸੁਰਤਾ ਦੇ ਸਬੂਤ ਹਨ।

ਚਿੱਤਰਾਂ ਦੇ ਪਹਿਲੇ ਸੈੱਟ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਧਿਆਨ ਸਿੰਘ ਡੋਗਰਾ, ਖੜਕ ਸਿੰਘ, ਨੌਨਿਹਾਲ ਸਿੰਘ ਅਤੇ ਦਸ ਗੁਰੂ ਸਾਹਿਬਾਨ ਦੇ ਚਿੱਤਰ ਹਨ। ਇੱਥੇ ਹੀ ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਮਤਸਯ ਅਵਤਾਰ, ਵਾਰਾਹ ਅਵਤਾਰ, ਕੂਰਮ ਅਵਤਾਰ, ਨਰਸਿੰਹ ਅਵਤਾਰ, ਵਾਮਨ ਅਵਤਾਰ, ਪਰਸ਼ੂਰਾਮ ਅਵਤਾਰ, ਕਲਕੀ ਅਵਤਾਰ, ਰਾਮ ਦਰਬਾਰ, ਕ੍ਰਿਸ਼ਨ ਅਤੇ ਰਾਧਾ, ਸੀਤਾ, ਰਾਮ ਅਤੇ ਲਛਮਣ। ਇਨ੍ਹਾਂ ਮਿਥਿਹਾਸਕ ਅਵਤਾਰਾਂ ਵਿਚੋਂ ਦੋ ਅਵਤਾਰ ਰਾਮ ਅਵਤਾਰ ਅਤੇ ਪਰਸ਼ੂਰਾਮ ਅਵਤਾਰ ਇੱਕੋ ਸਮੇਂ ਹੋਏ ਮੰਨੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਸ਼ਿਵ ਅਤੇ ਪਾਰਵਤੀ, ਦੁਰਗਾ ਅਤੇ ਹਨੂਮਾਨ, ਗਣੇਸ਼ ਆਦਿ ਦੇ ਚਿੱਤਰ ਵੀ ਸ਼ਾਮਿਲ ਹਨ।

ਦੂਜੇ ਸੈੱਟ ਦੀਆਂ ਤਸਵੀਰਾਂ ਦੇ ਵਿਸ਼ੇ ਹਨ: ਸਮੇਂ ਦੇ ਅਨੰਤ ਜਲ 'ਤੇ ਸ਼ੇਸ਼ਨਾਗ ਉੱਤੇ ਆਰਾਮ ਕਰ ਰਹੇ ਵਿਸ਼ਨੂ, ਦੇਵੀ ਨੂੰ ਮੱਥਾ ਟੇਕਦੇ ਦੇਵਤੇ, ਬੰਸਰੀ-ਬਜੱਯਾ ਕ੍ਰਿਸ਼ਨ, ਚੰਨ ਖਿਡੌਣਾ ਮੰਗਦੇ ਹੋਏ ਬਾਲ ਕ੍ਰਿਸ਼ਨ, ਬੈਕੁੰਠ ਧਾਮ, ਧਰੂ ਭਗਤ, ਵਿਦੁਰ ਦੇ ਘਰ ਕ੍ਰਿਸ਼ਨ, ਮਾਨਮੌਤੀ ਨਾਇਕਾ, ਕ੍ਰਿਸ਼ਨ-ਸੁਦਾਮਾ ਮਿਲਨ, ਰੁਕਮਣੀ ਹਰਣ, ਕ੍ਰਿਸ਼ਨ-ਰਾਧਾ ਘਰ ਮੁੜਦੇ ਹੋਏ, ਬਰਸਾਤ ਦੀ ਸ਼ਾਮ, ਮਹਾਭਾਰਤ ਵਿਚੋਂ ਦਰੋਪਦੀ ਚੀਰਹਰਣ, ਜੰਗਲ ਜਾਂਦੇ ਪਾਂਡਵ, ਰਾਕਸ਼ਾਂ 'ਤੇ ਹਮਲਾ ਕਰਦੇ ਰਾਮ, ਸੀਤਾ ਸਵੰਬਰ, ਰਾਮ ਦਰਬਾਰ ਵਿਚ ਵਾਲਮੀਕੀ ਆਦਿ।

ਚਿੱਤਰ ਦੇ ਵਿਸ਼ਿਆਂ 'ਤੇ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ ਕਿਉਂਕਿ ਉਨ੍ਹੀਵੀਂ ਸਦੀ ਤੀਕ ਹਿੰਦੂ ਅਵਤਾਰਾਂ ਅਤੇ ਸਿੱਖ ਗੁਰੂ ਸਾਹਿਬਾਨ ਵਿਚਕਾਰ ਕੋਈ ਵੰਡੀ ਨਹੀਂ ਸੀ। ਇਸ ਸਮੇਂ ਤੀਕ ਦੀਆਂ ਸਾਰੀਆਂ ਇਮਾਰਤਾਂ ਦੇ ਚਿੱਤਰ ਇਸੇ ਤਰ੍ਹਾਂ ਦੇ ਹਨ।

ਹਿੰਦੂ ਮਿਥਿਹਾਸ ਵਿਚੋਂ ਵੀ ਜ਼ਿਆਦਾਤਰ ਵਿਸ਼ਨੂ ਦੇ ਦਸ ਅਵਤਾਰ ਅਤੇ ਭਗਵਤ ਪੁਰਾਣ ਵਿਚੋਂ ਲਈਆਂ ਕ੍ਰਿਸ਼ਨ ਲੀਲ੍ਹਾ ਦੀਆਂ ਕਥਾਵਾਂ ਸਨ। ਕ੍ਰਿਸ਼ਨ ਲੀਲ੍ਹਾ ਵਿਚੋਂ ਵੀ ਬਹੁਤੇ ਉਸ ਦੇ ਬਚਪਨ ਦੇ ਅਤੇ ਰਾਧਾ ਤੇ ਗੋਪੀਆਂ ਨਾਲ ਰਾਸ ਦੇ ਦ੍ਰਿਸ਼ ਹੁੰਦੇ ਸਨ। ਸਿੱਖ ਵਿਸ਼ਿਆਂ ਵਿਚੋਂ ਗੁਰੂ ਸਾਹਿਬਾਨ ਦੇ ਚਿੱਤਰ ਅਤੇ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਪ੍ਰਮੁੱਖ ਦਰਬਾਰੀਆਂ ਦੇ ਚਿੱਤਰ ਸ਼ਾਮਿਲ ਸਨ। ਇਮਾਰਤ ਭਾਵੇਂ ਮੰਦਿਰ ਹੋਵੇ ਭਾਵੇਂ ਗੁਰਦੁਆਰਾ, ਭਾਵੇਂ ਸਮਾਧ, ਚਿੱਤਰਾਂ ਦੇ ਵਿਸ਼ੇ ਉਹੀ ਰਹਿੰਦੇ ਸਨ। ਲਾਹੌਰ ਵਿਚ ਸਿੱਖ ਕਾਲ ਦੇ ਕੰਧ ਚਿੱਤਰਾਂ ਵਾਲੀਆਂ ਤਿੰਨ ਪ੍ਰਮੁੱਖ ਇਮਾਰਤਾਂ ਹਨ- ਕਿਲ੍ਹਾ, ਨੌਨਿਹਾਲ ਸਿੰਘ ਦੀ ਹਵੇਲੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ।

ਇੱਕ ਹੋਰ ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਤਸਵੀਰਾਂ ਵਿਚ ਦੇਵੀ-ਦੇਵਤਿਆਂ ਅਤੇ ਗੁਰੂ ਸਾਹਿਬਾਨ ਦੇ ਸਰੂਪ ਪੱਕੇ ਹੋਏ ਨੇ ਜਿਹੜੇ ਅੱਜ ਪ੍ਰਚਲਿਤ ਹਨ। ਇਨ੍ਹਾਂ ਕੰਧ ਚਿੱਤਰਾਂ ਵਿਚ ਵੀ ਬਾਬਾ ਨਾਨਕ ਨੂੰ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਨਾਲ ਹੀ ਦਿਖਾਇਆ ਜਾਂਦਾ ਹੈ, ਭਾਵੇਂ ਹੁਣ ਭਾਈ ਬਾਲਾ ਜੀ ਦੀਆਂ ਤਸਵੀਰਾਂ ਘਟ ਗਈਆਂ ਹਨ ਕਿਉਂਕਿ ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਨਾਂ ਦਾ ਕੋਈ ਵਿਅਕਤੀ ਬਾਬਾ ਜੀ ਨਾਲ ਰਿਹਾ ਹੀ ਨਹੀਂ ਸਗੋਂ ਇਹ ਸਿਰਫ਼ ਜਨਮ ਸਾਖੀ 'ਤੇ ਆਧਾਰਿਤ ਹੈ।

ਲਾਹੌਰ ਵਿਚ ਕੰਧ ਚਿੱਤਰਾਂ ਲਈ ਵਰਤੀ ਗਈ ਪਰੰਪਰਾਗਤ ਤਕਨੀਕ ਨੂੰ 'ਫਰੈਸਕੋ' ਵਜੋਂ ਜਾਣਿਆ ਜਾਂਦਾ ਹੈ ਜਿੱਥੇ ਗਿੱਲੇ ਚੂਨੇ ਦੇ ਪਲਾਸਟਰ 'ਤੇ ਰੰਗ ਅਪਲਾਈ ਕੀਤੇ ਜਾਂਦੇ ਸਨ। ਇਹ ਵਿਧੀ ਇਹ ਯਕੀਨੀ ਬਣਾਉਂਦੀ ਹੈ ਕਿ ਰੰਗ ਕੰਧ ਦੇ ਪਲਸਤਰ ਵਿਚ ਲੀਨ ਹੋ ਜਾਂਦੇ ਸਨ ਅਤੇ ਪੇਂਟਿੰਗਾਂ ਨੂੰ ਬਹੁਤ ਜ਼ਿਆਦਾ ਟਿਕਾਊ ਬਣਾਉਂਦੇ ਸਨ। ਰੰਗ ਕੁਦਰਤੀ ਸਰੋਤਾਂ ਜਿਵੇਂ ਕਿ ਖਣਿਜ, ਪੌਦਿਆਂ ਅਤੇ ਕੀੜੇ-ਮਕੌੜਿਆਂ ਤੋਂ ਲਏ ਜਾਂਦੇ ਸਨ। ਉਦਾਹਰਨ ਲਈ ਲੈਪਿਸ ਲਾਜ਼ੁਲੀ ਪੱਥਰ ਦੀ ਵਰਤੋਂ ਡੂੰਘੇ ਨੀਲੇ ਰੰਗ ਬਣਾਉਣ ਲਈ ਕੀਤੀ ਜਾਂਦੀ ਸੀ; ਲਾਲ ਰੰਗ ਇੱਕ ਕਿਸਮ ਦੇ ਕੀੜੇ ਤੋਂ ਜਾਂ ਗੇਰੂ ਤੋਂ ਬਣਾਇਆ ਜਾਂਦਾ ਸੀ।

ਕਲਾਕਾਰਾਂ ਵੱਲੋਂ ਪੇਂਟਿੰਗ ਲਈ ਕੰਧਾਂ ਨੂੰ ਤਿਆਰ ਕਰਨ ਲਈ ਸਾਵਧਾਨੀਪੂਰਵਕ ਇੱਕ ਪ੍ਰਕਿਰਿਆ ਦਾ ਪਾਲਣ ਕੀਤਾ ਜਾਂਦਾ ਸੀ। ਇੱਕ ਨਿਰਵਿਘਨ ਆਧਾਰ ਬਣਾਉਣ ਲਈ ਸਤ੍ਹਾ ਨੂੰ ਪਹਿਲਾਂ ਚੂਨੇ ਅਤੇ ਰੇਤ ਦੇ ਮਿਸ਼ਰਣ ਨਾਲ ਲੇਪ ਕੀਤਾ ਜਾਂਦਾ ਸੀ। ਇੱਕ ਵਾਰ ਬੇਸ ਤਿਆਰ ਹੋਣ ਤੋਂ ਬਾਅਦ ਕਲਾਕਾਰ ਚਾਰਕੋਲ ਜਾਂ ਕਿਸੇ ਹੋਰ ਨਰਮ ਸਮੱਗਰੀ ਦੀ ਵਰਤੋਂ ਕਰ ਕੇ ਡਿਜ਼ਾਇਨ ਸਕੈੱਚ ਕਰਦਾ ਸੀ। ਬਾਅਦ ਵਿਚ ਪਾਣੀ ਅਤੇ ਚੂਨੇ ਦੇ ਨਾਲ ਮਿਸ਼ਰਤ ਰੰਗਦਾਰ ਗਿੱਲੀ ਸਤਹਿ 'ਤੇ ਬੁਰਸ਼ ਨਾਲ ਲਾਏ ਜਾਂਦੇ ਸਨ ਜਿੱਥੇ ਇਹ ਸੁੱਕਦੇ ਹੀ ਪਲਾਸਟਰ ਨਾਲ ਰਸਾਇਣਕ ਤੌਰ 'ਤੇ ਬੰਨ੍ਹੇ ਜਾਂਦੇ ਸਨ। ਜ਼ਿਆਦਾਤਰ ਇਹੋ ਤਕਨੀਕ ਦੁਨੀਆ ਭਰ ਦੇ ਕੰਧ ਚਿੱਤਰਾਂ ਵਿਚ ਵਰਤੀ ਜਾਂਦੀ ਸੀ। ਉਂਜ, ਸੁੱਕੇ ਪਲਸਤਰ 'ਤੇ ਰੰਗਾਂ ਨਾਲ ਤਸਵੀਰਾਂ ਵੀ ਬਣਾਈਆਂ ਜਾਂਦੀਆਂ ਸਨ। ਲਾਹੌਰ ਦੇ ਕੰਧ ਚਿੱਤਰਾਂ ਦੀ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਦੇ ਬਾਵਜੂਦ ਉਨ੍ਹਾਂ ਵਿਚੋਂ ਬਹੁਤ ਸਾਰੇ ਵਾਤਾਵਰਣਕ ਕਾਰਕਾਂ, ਅਣਗਹਿਲੀ ਅਤੇ ਸ਼ਹਿਰੀ ਵਿਕਾਸ ਕਾਰਨ ਖ਼ਤਰੇ ਵਿਚ ਹਨ। ਇਤਿਹਾਸਕ ਇਮਾਰਤਾਂ ਵਿਚਲੇ ਫਰੈਸਕੋ ਮੌਸਮ, ਪ੍ਰਦੂਸ਼ਣ ਅਤੇ ਅਣਉਚਿਤ ਬਹਾਲੀ ਦੇ ਯਤਨਾਂ ਤੋਂ ਪੀੜਤ ਹਨ।

ਹਾਲ ਹੀ ਦੇ ਸਾਲਾਂ ਵਿਚ ਹਾਲਾਂਕਿ, ਇਨ੍ਹਾਂ ਕਲਾਤਮਕ ਖ਼ਜ਼ਾਨਿਆਂ ਨੂੰ ਸੁਰੱਖਿਅਤ ਰੱਖਣ ਦੀ ਲੋੜ ਪ੍ਰਤੀ ਜਾਗਰੂਕਤਾ ਵਧ ਰਹੀ ਹੈ। ਵਾਲਡ ਸਿਟੀ ਆਫ ਲਾਹੌਰ ਅਥਾਰਿਟੀ ਅਤੇ ਆਗਾ ਖਾਨ ਟਰੱਸਟ ਫਾਰ ਕਲਚਰ ਵਰਗੀਆਂ ਸੰਸਥਾਵਾਂ ਨੇ ਲਾਹੌਰ ਦੇ ਕੰਧ ਚਿੱਤਰਾਂ ਨੂੰ ਬਹਾਲ ਕਰਨ ਅਤੇ ਸੰਭਾਲਣ ਲਈ ਯਤਨ ਕੀਤੇ ਹਨ। ਇਨ੍ਹਾਂ ਪਹਿਲਕਦਮੀਆਂ ਵਿਚ ਨੁਕਸਾਨੇ ਗਏ ਫਰੈਸਕੋ ਨੂੰ ਬਹਾਲ ਕਰਨ ਲਈ ਰਵਾਇਤੀ ਸਮੱਗਰੀ ਅਤੇ ਤਕਨੀਕਾਂ ਦੀ ਵਰਤੋਂ ਕਰਨਾ ਸ਼ਾਮਿਲ ਹੈ, ਨਾਲ ਹੀ ਲਾਹੌਰ ਦੀ ਕਲਾਤਮਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਦੇ ਮਹੱਤਵ ਬਾਰੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨਾ ਸ਼ਾਮਿਲ ਹੈ। ਨਿਰੰਤਰ ਸੰਭਾਲ ਦੇ ਯਤਨਾਂ ਅਤੇ ਜਨਤਕ ਕਲਾ ਦੇ ਪ੍ਰਚਾਰ ਦੇ ਜ਼ਰੀਏ, ਲਾਹੌਰ ਦੀਆਂ ਕੰਧਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੀਆਂ ਕਹਾਣੀਆਂ ਸੁਣਾਉਂਦੀਆਂ ਰਹਿਣਗੀਆਂ।

# ਸ਼ਬਦਾਂ ਦਾ ਸੁਨੇਹਾ

ਸ਼ਬਦ ਬਹੁਤ ਵਾਰ ਬੜੇ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹਥਿਆਰਾਂ ਵਾਲਾ ਕੰਮ ਕਰਦੇ ਹਨ। ਇਹ ਮਿੱਤਰ ਵੀ ਬਣਾਉਂਦੇ ਹਨ ਤੇ ਦੁਸ਼ਮਣ ਵੀ; ਇਨ੍ਹਾਂ ਦੀ ਬਦੌਲਤ ਮਨੁੱਖ ਦਿਲ 'ਚ ਵੀ ਉੱਤਰ ਜਾਂਦਾ ਹੈ ਤੇ ਦਿਲ 'ਚੋਂ ਵੀ ਉੱਤਰ ਜਾਂਦਾ ਹੈ। ਕਈ ਵਾਰ ਪਿਆਰਿਆਂ, ਨਿਆਰਿਆਂ ਤੇ ਸਚਿਆਰਿਆਂ ਦੇ ਸ਼ਬਦ ਪਹਿਲਾਂ ਕੌੜੇ ਲੱਗਦੇ ਹਨ ਪਰ ਬਾਅਦ ਵਿਚ ਵੱਡਾ ਸਬਕ ਤੇ ਸੁਨੇਹਾ ਬਣ ਜਾਂਦੇ ਹਨ।

**ਲੋਕਨਾਥ ਸ਼ਰਮਾ**
ਫੋਨ: +91-94171-76877

ਗੱਲ 1969 ਦੀ ਹੈ। ਮੈਂ ਜੇ.ਬੀ.ਟੀ., ਗਿਆਨੀ ਕਰਨ ਤੋਂ ਬਾਅਦ ਡੀ.ਏ.ਵੀ. ਹਾਈ ਸਕੂਲ ਮੁਸਤਫਾਬਾਦ (ਜ਼ਿਲ੍ਹਾ ਅੰਬਾਲਾ) ਵਿਚ ਅਧਿਆਪਨ ਕਾਰਜ ਦਾ ਸ਼ੁਭ ਆਰੰਭ ਕੀਤਾ। ਅੱਠਵੀਂ ਤੱਕ ਦੀਆਂ ਕਲਾਸਾਂ ਨੂੰ ਕਈ ਵਿਸ਼ੇ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਸਕੂਲ ਮੁਖੀ ਬੜੇ ਸਿਆਣੇ ਤੇ ਬਜ਼ੁਰਗ ਪਰ ਸਖ਼ਤ ਮਿਜ਼ਾਜ ਸਨ। ਉਹ ਸਵੇਰ ਦੀ ਸਭਾ ਵਿਚ ਅਕਸਰ ਭਾਸ਼ਣ ਦਿੰਦੇ। ਮੈਨੂੰ ਸਕੂਲ ਵਿਚ ਪੜ੍ਹਾਉਂਦਿਆਂ ਦੋ ਮਹੀਨੇ ਹੀ ਹੋਏ ਸਨ, ਮੈਂ ਨੋਟ ਕੀਤਾ ਕਿ ਸਕੂਲ ਮੁਖੀ ਚੁਪਕੇ-ਚੁਪਕੇ, ਪੈਰ ਦੱਬ ਕੇ ਅਧਿਆਪਕ ਦੇ ਕਲਾਸ-ਕੰਟਰੋਲ ਅਤੇ ਪੜ੍ਹਾਉਣ ਦੇ ਢੰਗ ਦਾ ਜਾਇਜ਼ਾ ਲੈਂਦੇ ਰਹਿੰਦੇ।

ਇਸ ਮੁੱਖ ਅਧਿਆਪਕ ਦਾ ਨਾਉਂ ਤਾਂ ਹੁਣ ਮੈਨੂੰ ਯਾਦ ਨਹੀਂ ਪਰ ਉਨ੍ਹਾਂ ਦਾ ਸਲੀਕਾ-ਤਰੀਕਾ, ਪਹਿਰਾਵਾ, ਮੋਟੀਆਂ-ਮੋਟੀਆਂ ਐਨਕਾਂ ਅਤੇ ਸਿਰ 'ਤੇ ਸਜੀ ਪੱਗ ਦਾ ਲੰਮਾ ਲਟਕਦਾ ਲੜ ਅੱਜ ਵੀ ਯਾਦ ਹੈ। ਇਸ ਕਸਬੇ ਦਾ ਇੱਕੋ-ਇੱਕ, ਲਗਭਗ ਦੋ ਕਿਲੋਮੀਟਰ ਲੰਮਾ ਬਾਜ਼ਾਰ ਹੈ। ਸਾਡੀ ਰਿਹਾਇਸ਼ ਬਾਜ਼ਾਰ ਵਿਚ ਹੋਣ ਕਰ ਕੇ ਉਨ੍ਹਾਂ ਦੇ ਦਰਸ਼ਨ ਅਕਸਰ ਹੁੰਦੇ ਰਹਿੰਦੇ ਪਰ ਸਾਹਮਣੇ ਤੋਂ ਮਿਲਣ ਦਾ ਕਦੀ ਹੌਸਲਾ ਜਿਹਾ ਨਾ ਪੈਂਦਾ। ਜਾਣ-ਬੁੱਝ ਕੇ ਸੱਜੇ-ਖੱਬੇ ਹੋ ਜਾਣਾ। ਉਨ੍ਹਾਂ ਦੀ ਸ਼ਖ਼ਸੀਅਤ ਬੜੀ ਰੋਹਬਦਾਰ ਸੀ ਤੇ ਗੱਲਬਾਤ ਵਿਚ ਬੜਾ ਦਮ ਹੁੰਦਾ ਸੀ। ਸਕੂਲ ਵਿਚ ਅਧਿਆਪਕ ਹੋਣ ਦੇ ਬਾਵਜੂਦ ਮੈਨੂੰ ਉਨ੍ਹਾਂ ਤੋਂ ਕਿਸੇ ਵਿਦਿਆਰਥੀ ਵਾਂਗ ਡਰ ਲੱਗਦਾ ਸੀ ਭਾਵੇਂ ਉਹ ਕਿਸੇ ਨੂੰ ਕੁਝ ਵੀ ਨਹੀਂ ਸਨ ਕਹਿੰਦੇ।

ਅਚਾਨਕ ਇਕ ਦਿਨ ਮੇਰਾ ਉਨ੍ਹਾਂ ਨਾਲ ਸਰ੍ਹੇਬਾਜ਼ਾਰ ਟਾਕਰਾ ਹੋ ਗਿਆ। ਮੈਂ ਸਾਰਾ ਹੌਸਲਾ ਇਕੱਠਾ ਕਰ ਕੇ ਬੜੇ ਅਦਬ ਨਾਲ ਆਦਾਬ ਕਰ ਕੇ ਉਨ੍ਹਾਂ ਅੱਗੇ ਸਾਵਧਾਨ ਮੁਦਰਾ ਵਿਚ ਨਤਮਸਤਕ ਹੋ ਕੇ ਖੜ੍ਹ ਗਿਆ।

ਮੇਰੀ ਨਮਸਕਾਰ ਨੂੰ ਕਬੂਲਦੇ ਹੋਏ ਉਨ੍ਹਾਂ ਮੇਰਾ ਹਾਲ-ਚਾਲ ਪੁੱਛਿਆ। ਉਸ ਮੌਕੇ ਸਵਾਲ-ਜਵਾਬ ਅਤੇ ਗੁਫ਼ਤਗੂ ਮੈਨੂੰ ਅੱਜ ਤੱਕ ਯਾਦ ਹੈ। 55 ਸਾਲ ਪਿੱਛੋਂ ਉਸ ਦ੍ਰਿਸ਼ ਨੂੰ ਯਾਦ ਕਰ ਕੇ ਮੈਨੂੰ ਅੱਜ ਵੀ ਕਾਂਬਾ ਜਿਹਾ ਛਿੜ ਪੈਂਦਾ ਹੈ ਅਤੇ ਉਹ ਪ੍ਰਭਾਵਸ਼ਾਲੀ ਚਿਹਰਾ ਅੱਖਾਂ ਅੱਗੇ ਘੁੰਮਣ ਲੱਗ ਪੈਂਦਾ ਹੈ।

ਜਦੋਂ ਉਨ੍ਹਾਂ ਮੇਰਾ ਹਾਲ-ਚਾਲ ਪੁੱਛਿਆ ਤਾਂ ਮੈਂ ਆਪਣੀ ਸਮਝ ਮੁਤਾਬਕ ਘੜਿਆ-ਘੜਾਇਆ ਜਵਾਬ ਦੇਣ ਵਿਚ ਦੇਰ ਨਾ ਕੀਤੀ, "ਬਸ ਜੀ, ਟਾਈਮ ਪਾਸ ਕਰਦੇ ਆਂ।"

ਮੇਰਾ ਉੱਤਰ ਸੁਣਦੇ ਸਾਰ ਉਨ੍ਹਾਂ ਦੇ ਗੁੱਸੇ ਦਾ ਪਾਰਾ ਜਿਵੇਂ ਸੌ ਨੂੰ ਪਾਰ ਕਰ ਗਿਆ ਹੋਵੇ; ਬੋਲੇ, "ਕਿਆ ਬਾਤ ਲੋਕਨਾਥ ਜੀ! ਆਪ ਅਭੀ ਸੇ ਟਾਈਮ ਪਾਸ ਕਰਨੇ ਲਗੇ ਹੋ... ਜਬ ਆਪ ਹਮਾਰੀ ਉਮਰ ਮੇਂ ਪਹੁੰਚੋਗੇ, ਤਬ ਕਿਆ ਹੋਗਾ?" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਟਾਈਮ ਪਾਸ ਤਾਂ ਮੌਤ ਦੀ ਉਡੀਕ ਕਰਨ ਵਾਲੇ ਬਿਮਾਰ ਕਰਦੇ ਜਾਂ ਫਿਰ ਨਿਕੰਮੇ ਵਿਹਲੜ ਤੇ ਬੇਕਾਰ ਕਰਦੇ ਜਾਂ ਫਿਰ ਉਹ ਰਿਟਾਇਰਡ ਬੰਦੇ ਕਰਦੇ ਜਿਨ੍ਹਾਂ ਦੀ ਨਾ ਤਾਂ ਘਰ ਦੇ ਵਿਹੜੇ 'ਚ ਕੋਈ ਪੁੱਛ-ਗਿੱਛ ਹੁੰਦੀ ਤੇ ਨਾ ਹੀ ਘਰ ਦੇ ਬਾਹਰ। ਟਾਈਮ ਪਾਸ ਕਰਨਾ ਉਨ੍ਹਾਂ ਦੇ ਹਿੱਸੇ ਆਉਂਦੈ ਜਿਨ੍ਹਾਂ ਨੂੰ ਦਿਸਦਾ ਨਹੀਂ, ਜਿਹੜੇ ਚੱਲਣ-ਫਿਰਨ ਤੋਂ ਵੀ ਲਾਚਾਰ ਹਨ... ਵਿਚਾਰੇ ਤਾਸ਼ ਖੇਡ ਕੇ ਦਿਨ ਵਿਚ ਪੰਜ ਛੇ ਵਾਰ ਪੁੱਛਦੇ ਹਨ- 'ਕੀ ਟੈਮ ਹੋ ਗਿਆ?' ਉਹ ਸੋਚਦੇ ਹਨ ਕਿ ਉਹ ਤਾਂ ਟਾਈਮ ਪਾਸ ਕਰ ਰਹੇ ਹਨ ਪਰ ਉਹ ਭੋਲੇ ਪੰਛੀ ਕੀ ਜਾਣਨ ਕਿ ਉਹ ਟਾਈਮ ਨੂੰ ਕੀ ਪਾਸ ਕਰਨਗੇ, ਟਾਈਮ ਤਾਂ ਉਨ੍ਹਾਂ ਨੂੰ ਪਾਸ ਕਰ ਰਿਹੈ... ਜ਼ਰਾ ਸੋਚੋ! ਮੈਂ ਉਨ੍ਹਾਂ ਹਸਤੀਆਂ ਨੂੰ ਵੀ ਮੰਜੇ 'ਤੇ ਬੈਠ ਕੇ ਮੌਤ ਦੀ ਉਡੀਕ ਕਰਦਿਆਂ ਦੇਖਿਆ ਹੈ ਜਿਨ੍ਹਾਂ ਦੁਆਲੇ ਕਿਸੇ ਵੇਲੇ ਭੀੜ ਲੱਗੀ ਰਹਿੰਦੀ ਸੀ ਤੇ ਜਿਨ੍ਹਾਂ ਕੋਲ ਗੱਲ ਕਰਨ ਤੇ ਸੁਣਨ ਦਾ ਸਮਾਂ ਨਹੀਂ ਸੀ ਹੁੰਦਾ। ਸਮੇਂ-ਸਮੇਂ ਦੀ ਗੱਲ ਹੈ।...

ਬਜ਼ੁਰਗ ਮੁਖੀ ਨੇ ਮੇਰੀ ਐਸੀ ਰੇਲ ਬਣਾਈ ਕਿ ਮੈਂ ਨਿਰਉੱਤਰ ਅਵਸਥਾ ਵਿਚ ਖੜ੍ਹਾ ਰਿਹਾ; ਮੇਰੇ ਕੋਲ ਸਫ਼ਾਈ ਵਿਚ ਕਹਿਣ ਲਈ ਕੁਝ ਵੀ ਨਹੀਂ ਸੀ ਬਚਿਆ। ਉਨ੍ਹਾਂ ਦੇ ਸ਼ਬਦ ਰੂਪੀ ਤੀਰਾਂ ਨੇ ਮੈਨੂੰ ਵਿੰਨ੍ਹ ਕੇ ਰੱਖ ਦਿੱਤਾ ਸੀ। ਉਹ ਗਰਜਦੇ ਰਹੇ ਤੇ ਮੈਂ ਲਾ-ਜਵਾਬ ਹੋ ਕੇ ਸੁਣਦਾ ਰਿਹਾ। ਉਨ੍ਹਾਂ ਆਖਿਆ, "ਜ਼ਿੰਦਗੀ ਵਿਚ ਚੜ੍ਹਦੀ ਕਲਾ 'ਚ ਰਹੀਦੈ। ਮੁਲਾਕਾਤ ਵੇਲੇ ਆਸ਼ਾਵਾਦੀ ਕਹਿੰਦੇ ਨੇ- ਐਠੋ-ਐਠ ਮਾਰਦੇ ਆਂ, ਕਾਟੋ ਫੁੱਲਾਂ 'ਤੇ ਖੇਡਦੀ ਐ, ਬਾਗੋ-ਬਾਗ ਐ, ਮਾਲਕ ਦਾ ਸ਼ੁਕਰ ਐ, ਬਹੁਤ ਅੱਛੇ, ਕ੍ਰਿਪਾ ਹੈ, ਫਾਈਨ ਐ, ਓ.ਕੇ. ਐ, ਬੈਸਟ ਐ, ਸੁੰਦਰ ਹੈ, ਬੱਲੇ-ਬੱਲੇ ਮਿਹਰਬਾਨੀ ਹੈ...।"

ਬਜ਼ੁਰਗ ਪ੍ਰਿੰਸੀਪਲ ਨਾਲ ਹੋਈ ਇਸ ਨਿੱਕੀ ਜਿਹੀ ਮੁਲਾਕਾਤ ਨੇ ਜ਼ਿੰਦਗੀ ਦਾ ਸਰਲ ਮੰਤਰ ਸਿਖਾ ਦਿੱਤਾ।

# ਨਸ਼ਿਆਂ 'ਚ ਗਰਕਦਾ ਪੰਜਾਬ ਅਤੇ ਸਿਆਸਤਦਾਨ

***ਪੰਜਾਬ ਦੀ ਹਕੂਮਤ ਨੂੰ ਵੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਪੰਜਾਬ ਹੀ ਨਾ ਬਚਿਆ ਤਾਂ ਲੋਕ ਸ਼ਕਤੀ ਨੇ ਇਕ ਦਿਨ ਤੁਹਾਡੇ ਹੇਠੋਂ ਵੀ ਸੱਤਾ ਦੀ ਕੁਰਸੀ ਖਿੱਚ ਲੈਣੀ ਹੈ। ਨਸ਼ਿਆਂ ਦੇ ਰਾਹ ਪੈ ਗਿਆਂ ਨੂੰ ਡਾਕਟਰੀ ਇਲਾਜ ਦੇ ਨਾਲ-ਨਾਲ ਗਲਵੱਕੜੀ ਵਿਚ ਲੈਣ ਦੀ ਲੋੜ ਹੈ। ਮਾਪਿਆਂ ਤੇ ਹੋਰ ਸੰਸਥਾਵਾਂ ਦਾ ਜ਼ਰੂਰੀ ਕੰਮ ਇਹ ਹੈ ਕਿ ਇਨ੍ਹਾਂ ਦੇ ਮਨ ਵਿਚੋਂ ਬੇਗਾਨਗੀ ਦੀ ਭਾਵਨਾ ਖਤਮ ਕੀਤੀ ਜਾਵੇ। ਪੀੜਤ ਨੌਜਵਾਨਾਂ ਨੂੰ ਉਨ੍ਹਾਂ ਅੰਦਰਲੀ ਸ਼ਕਤੀ ਦਾ ਅਹਿਸਾਸ ਕਰਾ ਕੇ ਇਸ ਰਾਹ ਤੋਂ ਮੋੜਨ ਦੇ ਯਤਨ ਜ਼ਰੂਰੀ ਹਨ।***

**ਗੁਰਬਿੰਦਰ ਸਿੰਘ ਮਾਣਕ**
**ਫੋਨ: +91-98153-56086**

ਨਸ਼ੇ ਤਾਂ ਸਦੀਆਂ ਤੋਂ ਪ੍ਰਚੱਲਿਤ ਰਹੇ ਹਨ ਪਰ ਜਿਹੜੇ ਘਾਤਕ ਨਸ਼ੇ ਅਜੋਕੇ ਸਮਿਆਂ ਦੀ ਉਪਜ ਹਨ, ਇਨ੍ਹਾਂ ਨੇ ਸਮੁੱਚੇ ਸਮਾਜ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰ ਦਿੱਤੇ ਹਨ। ਅੱਜ ਪੰਜ ਪਾਣੀਆਂ ਦੀ ਧਰਤੀ ਗੂੜ੍ਹੇ ਕਾਲੇ ਹਨੇਰਿਆਂ ਦੀ ਗ੍ਰਿਫਤ ਵਿਚ ਆਈ ਹੋਈ ਹੈ। ਡੂੰਘੀ ਉਦਾਸੀ, ਬੇਵਸੀ, ਲਾਚਾਰੀ, ਮੌਤਾਂ, ਖੱਫਣ, ਕੀਰਨੇ... ਲਗਦਾ ਹੈ ਕਿਸੇ ਮਾਤਮੀ ਰੁੱਤ ਨੇ ਪੰਜਾਬ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਨਸ਼ਿਆਂ ਦੇ ਕਹਿਰ ਨਾਲ ਨਿੱਤ ਉੱਠ ਰਹੀਆਂ ਨੌਜਵਾਨਾਂ ਦੀਆਂ ਅਰਥੀਆਂ ਨੇ ਹਰ ਸੋਚਵਾਨ ਮਨੁੱਖ ਦੇ ਹਿਰਦੇ ਨੂੰ ਵਲੂੰਧਰ ਸੁੱਟਿਆ ਹੈ। ਨੌਜਵਾਨ ਪੁੱਤਰਾਂ ਦੀਆਂ ਅਰਥੀਆਂ ਨੂੰ ਮੋਢਾ ਦਿੰਦੇ ਬਾਪੂਆਂ ਦੇ ਦਰਦ ਦੀ ਸ਼ਿੱਦਤ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਬਹੁਤ ਔਖਾ ਹੈ। ਚਾਵਾਂ ਮਲਾਰਾਂ ਨਾਲ ਪਾਲੇ ਪੁੱਤ ਦੀ ਲਾਸ਼ ਨਾਲ ਚਿੰਬੜੀਆਂ ਮਾਵਾਂ ਦੇ ਕੀਰਨੇ ਹਰ ਸੁਣਨ ਵਾਲੇ ਦੇ ਦਿਲ ਵਿਚ ਚੀਰ ਪਾਉਂਦੇ ਜਾਂਦੇ ਹਨ ਪਰ ਪਤਾ ਨਹੀਂ ਕਿਉਂ, ਪੰਜਾਬ ਦੀ ਜਵਾਨੀ ਨੂੰ ਮੌਤ ਦੇ ਰਾਹ ਤੋਰਨ ਵਾਲੇ ਬੇਦਰਦ ਵਪਾਰੀਆਂ ਤੇ ਨਸ਼ਿਆਂ ਨੂੰ ਖਤਮ ਕਰਨ ਦੇ ਨਾਂ 'ਤੇ ਵੋਟਾਂ ਹਾਸਲ ਕਰਨ ਵਾਲੀ ਹਕੂਮਤ ਨੂੰ ਇਹ ਕੀਰਨੇ ਸੁਣਾਈ ਨਹੀਂ ਦਿੰਦੇ? ਪੁੱਤਾਂ ਦੀਆਂ ਲਾਸ਼ਾਂ ਨੂੰ ਚਿੰਬੜੀਆਂ ਮਾਵਾਂ ਦੇ ਵੈਣ ਪੰਜਾਬ ਵਿਚ ਨਸ਼ਿਆਂ ਦੀ ਸੁਨਾਮੀ ਦੇ ਕਹਿਰ ਨੂੰ ਪ੍ਰਗਟ ਕਰਦੇ ਦੁਖਾਂਤ ਕੋਈ ਦ੍ਰਿਸ਼ ਮਾਤਰ ਨਹੀਂ ਸਗੋਂ ਲਗਾਤਾਰ ਉਜੜ ਰਹੇ ਪੰਜਾਬ ਦੀ ਹੋਣੀ ਦਾ ਵਿਰਲਾਪ ਹੈ।

ਜੇ ਸਰਕਾਰਾਂ ਵਿਚ ਇੱਛਾ ਸ਼ਕਤੀ ਹੋਵੇ ਤੇ ਪੰਜਾਬ ਲਈ ਕੋਈ ਦਰਦ ਹੋਵੇ ਤਾਂ ਬਹੁਤ ਕੁਝ ਕੀਤਾ ਜਾ ਸਕਦਾ ਹੈ। ਅਸਲ ਵਿਚ ਨਸ਼ਿਆਂ ਦੇ ਦੁਖਾਂਤ ਦੀਆਂ ਪਰਤਾਂ ਇੰਨੀਆਂ ਡੂੰਘੀਆਂ ਹਨ ਕਿ ਇਸ ਦੀ ਥਾਹ ਪਾ ਸਕਣਾ ਸੌਖਾ ਨਹੀਂ। ਨਸ਼ੇ ਦੇ ਸੁਦਾਗਰਾਂ ਦੁਆਰਾ ਫੈਲਾਇਆ ਇਹ ਜਾਲ ਪੂਰੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਚੁੱਕਾ ਹੈ। ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕਿਸੇ ਵੀ ਸਰਕਾਰ ਨੇ ਦ੍ਰਿੜਤਾ ਨਾਲ ਪਲੇਗ ਰੂਪੀ ਇਸ ਬਿਮਾਰੀ ਨੂੰ ਰੋਕਣ ਦਾ ਕੋਈ ਉਪਰਾਲਾ ਨਹੀਂ ਕੀਤਾ। ਹੁਣ ਤਾਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਚੁੱਕਾ ਹੈ ਕਿ ਨਸ਼ਿਆਂ ਦੇ ਇਸ ਮਾਇਆ ਜਾਲ ਦੀਆਂ ਜੜ੍ਹਾਂ ਬਹੁਤ ਦੂਰ ਤੱਕ ਫੈਲੀਆਂ ਹੋਈਆਂ ਹਨ। ਜਿਨ੍ਹਾਂ ਨੂੰ ਨਸ਼ਿਆ ਦੀ ਲਾਹਣਤ ਨੂੰ ਰੋਕਣ ਦੀ ਜ਼ਿੰਮੇਵਾਰੀ ਸੌਂਪੀ ਹੋਈ ਸੀ, ਉਨ੍ਹਾਂ ਦੀ ਮਿਲੀਭੁਗਤ ਹੁਣ ਕੋਈ ਲੁਕੀ ਨਹੀਂ ਰਹੀ। ਸਿਆਸੀ ਨੇਤਾਵਾਂ ਦੀ ਪੁਸ਼ਤਪਨਾਹੀ ਨੇ ਨਸ਼ਿਆਂ ਦੀ ਇਸ ਦਲਦਲ ਨੂੰ ਵਧਣ-ਫੁੱਲਣ ਵਿਚ ਵੱਡੀ ਭੂਮਿਕਾ ਨਿਭਾਈ ਹੈ।

ਇਸ ਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ ਕਿ ਪੰਜਾਬ ਵਿਚ ਕਾਰਜਸ਼ੀਲ ਮੁੱਖ ਸਿਆਸੀ ਧਿਰਾਂ ਇੱਕਮੁੱਠ ਹੋ ਕੇ ਨਸ਼ਿਆਂ ਦੇ ਕੋਹੜ ਨੂੰ ਰੋਕਣ ਲਈ ਕੋਈ ਉਪਰਾਲਾ ਕਰਨ ਦੀ ਥਾਂ ਇਕ ਦੂਜੇ ਨਾਲ ਉਲਝ ਕੇ ਸਿਆਸੀ ਲਾਹਾ ਲੈਣ ਦੀ ਤਾਕ ਵਿਚ ਰਹਿੰਦੀਆਂ ਹਨ। ਮਸਲੇ ਦੀ ਜੜ੍ਹ ਫੜ ਕੇ ਨਸ਼ੇ ਦੇ ਮਗਰਮੱਛ ਵਪਾਰੀਆਂ ਨੂੰ ਜੇਲ੍ਹਾਂ ਵਿੱਚ ਪਹੁੰਚਾਉਣ ਦੇ ਦਾਅਵੇ ਤੇ ਵਾਅਦੇ ਕਰਨ ਵਾਲਿਆਂ ਨੇ ਵੀ ਇਮਾਨਦਾਰੀ ਨਾਲ ਬਹੁਤੇ ਯਤਨ ਨਹੀਂ ਕੀਤੇ। ਬਹੁਤ ਦੁਖਦਾਈ ਸਥਿਤੀ ਹੈ ਕਿ ਰੋਜ਼ ਨੌਜਵਾਨਾਂ ਵਲੋਂ ਨਸ਼ੇ ਦੀ ਡੋਜ਼ ਵੱਧ ਲੈਣ ਕਾਰਨ ਘਰਾਂ ਵਿਚ ਸੱਥਰ ਵਿੱਛ ਰਹੇ ਹਨ। ਬਾਹਾਂ 'ਚ ਲੱਗੀਆ ਸਰਿੰਜਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ 'ਚਿੱਟੇ' ਨੇ ਪੰਜਾਬ ਦੇ ਭਵਿੱਖ ਨੂੰ ਕਾਲਾ ਕਰ ਦਿੱਤਾ ਹੈ। ਹਕੂਮਤ ਕੋਈ ਵੀ ਹੋਵੇ, ਬਿਆਨ ਇਕੋ ਹੀ ਹੁੰਦਾ ਹੈ ਕਿ ਅਸੀਂ ਸਪਲਾਈ ਲਾਇਨ ਤੋੜ ਦਿੱਤੀ ਹੈ। ਰਾਜਨੀਤੀ ਕਿੰਨੀ ਵੀ ਗੰਧਲੀ ਹੋ ਜਾਵੇ ਪਰ ਆਪਣੇ ਹੀ ਰਾਜ ਵਿਚ ਮਾਵਾਂ ਦੇ ਜਿਗਰ ਦੇ ਟੋਟਿਆਂ ਦੀਆਂ ਮੌਤਾਂ 'ਤੇ ਵੀ ਝੂਠ ਦੀ ਰਾਜਨੀਤੀ ਕਰੀ ਜਾਣ ਤੋਂ ਵੱਡਾ ਕੋਈ ਗੁਨਾਹ ਨਹੀਂ। ਕੋਈ ਕਹਿੰਦਾ ਰਿਹਾ ਕਿ ਪੰਜਾਬ ਵਿਚ ਤਾਂ ਨਸ਼ਾ ਹੈ ਹੀ ਨਹੀਂ, ਇਹ ਤਾਂ ਪੰਜਾਬ ਨੂੰ ਬਦਨਾਮ ਕਰਨ ਦੀ ਚਾਲ ਹੈ। ਕੋਈ ਧਾਰਮਿਕ ਪੋਥੀ ਦੀ ਸਹੁੰ ਚੁੱਕ ਕੇ ਇਹ ਦਾਅਵੇ ਕਰਦਾ ਰਿਹਾ ਕਿ ਅਸੀਂ ਚਾਰ ਹਫਤਿਆਂ ਵਿਚ ਪੰਜਾਬ ਵਿਚੋਂ ਨਸ਼ਿਆਂ ਦਾ ਸਫਾਇਆ ਕਰ ਦਿਆਂਗੇ।

ਪੰਜਾਬ ਦੀਆਂ ਸਾਰੀਆਂ ਸਰਕਾਰਾਂ ਇਸ ਮਸਲੇ 'ਤੇ ਸਿਆਸੀ ਰੋਟੀਆਂ ਸੇਕਦੀਆਂ ਰਹੀਆਂ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਵੱਡੇ-ਵੱਡੇ ਰਸੂਖਵਾਨ ਲੋਕ, ਸਿਆਸੀ ਨੇਤਾਵਾਂ ਦੀ ਮਿਲੀਭੁਗਤ ਨਾਲ ਨਸ਼ਿਆਂ ਦੇ ਵਪਾਰ ਵਿਚੋਂ



ਚੰਗੇ ਹੱਥ ਰੰਗ ਰਹੇ ਹਨ। ਵਿਚ-ਵਿਚ ਪੁਲੀਸ ਪ੍ਰਸ਼ਾਸਨ ਦੇ ਕੁਝ ਕਰਮਚਾਰੀ/ਅਧਿਕਾਰੀ ਵੀ ਇਨ੍ਹਾਂ ਵਿਚ ਸ਼ਾਮਲ ਹੋ ਕੇ ਨਸ਼ੇ ਦੇ ਵਪਾਰੀਆਂ ਨੂੰ ਸੁਰੱਖਿਅਤ ਆਪਣਾ ਕਾਰੋਬਾਰ ਕਰਨ ਲਈ ਇਸ ਮਿਲੀਭੁਗਤ ਵਿਚ ਸ਼ਾਮਲ ਹਨ। ਨਸ਼ਿਆਂ ਦਾ ਵਾਪਾਰ ਉਦੋਂ ਵੀ ਬੇਰੋਕ ਜਾਰੀ ਰਿਹਾ ਤੇ ਹੁਣ ਵੀ ਇਸ ਵਿਚ ਕੋਈ ਕਮੀ ਨਹੀਂ ਆਈ। ਪੰਜ ਦਸ ਗਰਾਮ ਨਸ਼ੀਲਾ ਪਦਾਰਥ ਫੜੇ ਜਾਣ ਦੀਆਂ ਖਬਰਾਂ ਤਾਂ ਪੁਲੀਸ ਮੁਲਾਜ਼ਮਾਂ ਦੀ ਕਾਰਗੁਜ਼ਾਰੀ ਨੂੰ ਦਰਸਾਉਂਦੀਆਂ ਫੋਟੋਆਂ ਸਮੇਤ ਨਿੱਤ ਛਪ ਰਹੀਆਂ ਹਨ ਪਰ ਇਨ੍ਹਾਂ ਵਿਚੋਂ ਬਹੁਤੇ ਲੋਕ ਤਾਂ ਆਪ ਹੀ ਨਸ਼ਿਆਂ ਦੀ ਗ੍ਰਿਫਤ ਵਿਚ ਆਏ ਹੁੰਦੇ ਹਨ ਅਤੇ ਉਹ ਆਪਣੀ ਨਸ਼ੇ ਦੀ ਤੋਟ ਨੂੰ ਪੂਰਾ ਕਰਨ ਲਈ ਲੈ ਕੇ ਆਉਂਦੇ ਹਨ। ਨਸ਼ਿਆਂ ਦੇ ਆਦੀ ਹੋ ਚੁੱਕੇ ਅਜਿਹੇ ਅਮਲੀਆਂ ਨੂੰ ਜੇਲ੍ਹਾਂ ਵਿਚ ਸੁੱਟਣ ਦੀ ਥਾਂ ਨਸ਼ਾ ਛਡਾਊ ਕੇਂਦਰਾਂ ਵਿਚ ਇਲਾਜ ਦੀ ਲੋੜ ਹੈ।

ਅਸਲ ਲੋੜ ਨਸ਼ਿਆਂ ਦੀ ਸਪਲਾਈ ਕਰਨ ਵਾਲੇ ਵੱਡੇ ਵਪਾਰੀਆਂ ਤੇ ਤਸਕਰਾਂ ਨੂੰ ਕਾਬੂ ਕਰਨ ਦੀ ਹੈ। ਇਹ ਠੀਕ ਹੈ ਕਿ ਪੁਲੀਸ ਪ੍ਰਸ਼ਾਸਨ ਕੁਝ ਤਸਕਰਾਂ ਨੂੰ ਫੜਨ ਵਿਚ ਕਾਮਯਾਬ ਵੀ ਹੋਇਆ ਹੈ ਅਤੇ ਨਸ਼ੇ ਦੇ ਕੁਝ ਵਪਾਰੀਆਂ ਦੀਆਂ ਜਾਇਦਾਦਾਂ ਵੀ ਕੁਰਕ ਕੀਤੀਆਂ ਗਈਆਂ ਹਨ; ਅਸਲ ਵਿਚ ਸਭ ਤੋਂ ਵੱਡੀ ਲੋੜ ਨਸ਼ਿਆਂ ਦੇ ਧੰਦੇ ਵਿਚ ਬਣ ਚੁੱਕੀ ਉਸ ਕੜੀ ਨੂੰ ਤੋੜਨ ਦੀ ਹੈ ਜੋ ਵੱਡੇ ਨਸ਼ਾ ਤਸਕਰਾਂ ਵਲੋਂ ਅੱਗੇ ਨਸ਼ਾ ਸਪਲਾਈ ਕਰਦੇ ਹਨ।

ਕੁਝ ਸਮਾਂ ਪਹਿਲਾਂ ਸੰਸਦ ਵਿਚ 'ਸਮਾਜਿਕ ਨਿਆਂ ਅਤੇ ਸ਼ਕਤੀਕਰਨ' ਬਾਰੇ ਸਥਾਈ ਕਮੇਟੀ ਦੀ ਰਿਪੋਰਟ ਲੋਕ ਸਭਾ ਵਿਚ ਪੇਸ਼ ਕੀਤੀ ਗਈ। ਇਸ ਵਿਚ ਪੰਜਾਬ ਨਾਲ ਸਬੰਧਿਤ ਅੰਕੜੇ ਬਹੁਤ ਪਰੇਸ਼ਾਨ ਕਰਨ ਵਾਲੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਪੰਜਾਬ ਵਿਚ 66 ਲੱਖ ਤੋਂ ਵੱਧ ਲੋਕ ਨਸ਼ਿਆਂ ਦੇ ਆਦੀ ਹਨ। ਇਨ੍ਹਾਂ ਵਿਚ 21.36 ਲੱਖ ਅਜਿਹੇ ਨਸ਼ਈ ਹਨ ਜਿਹੜੇ ਅਫੀਮ, ਮਾਰਫੀਨ, ਹੈਰੋਇਨ ਤੇ ਇਸ ਤਰ੍ਹਾਂ ਦੇ ਕੁਝ ਹੋਰ ਨਸ਼ਿਆਂ ਦੇ ਆਦੀ ਹਨ। ਪੰਜਾਬ ਵਿਚ ਸਭ ਤੋਂ ਭੈ-ਭੀਤ ਕਰਨ ਵਾਲੀ ਗੱਲ ਇਹ ਹੈ ਕਿ 10 ਤੋਂ 17 ਸਾਲ ਦੀ ਉਮਰ ਦੇ 6.97 ਲੱਖ ਬੱਚੇ ਵੀ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਪੰਜਾਬ ਵਿਧਾਨ ਸਭਾ ਵਿਚ ਵੀ ਇਹ ਦੱਸਿਆ ਗਿਆ ਕਿ ਸੂਬੇ ਵਿਚ ਨਸ਼ਿਆਂ ਦੀ ਗ੍ਰਿਫਤ ਵਿਚ ਆਏ 2.62 ਲੱਖ ਲੋਕਾਂ ਦਾ ਇਲਾਜ ਨਸ਼ਾ ਛਡਾਊ ਕੇਂਦਰਾਂ ਵਿਚ ਕਰਵਾਇਆ ਜਾ ਰਿਹਾ ਹੈ ਪਰ 6 ਲੱਖ ਤੋਂ ਵੱਧ ਨਸ਼ੇ ਦੇ ਆਦੀ ਹੋ ਚੁੱਕੇ ਅਜਿਹੇ ਲੋਕਾਂ ਦਾ ਇਲਾਜ ਨਿੱਜੀ ਖੇਤਰ ਦੇ ਨਸ਼ਾ ਛਡਾਊ ਕੇਂਦਰਾਂ ਵਿਚ ਹੋ ਰਿਹਾ ਹੈ। ਅਜਿਹੇ ਨਸ਼ਈਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਜਿਹੜੇ ਨਸ਼ੇ ਦੀ ਤੋਟ ਨੂੰ ਪੂਰਾ ਕਰਨ ਲਈ ਸਿੱਧੇ ਆਪਣੀਆਂ ਨਾੜਾਂ ਵਿਚ ਟੀਕੇ ਲਗਾ ਕੇ ਮੌਤ ਨੂੰ ਸੱਦਾ ਦੇ ਰਹੇ ਹਨ। ਸਰਕਾਰ ਤੇ ਪ੍ਰਸ਼ਾਸਨ ਇਹ ਕੋਸ਼ਿਸ਼ਾਂ ਤਾਂ ਕਰ ਰਹੇ ਹਨ ਕਿ ਨਸ਼ੇ ਦੀ ਵੱਧ ਮਾਤਰਾ ਨਾਲ ਲਗਾਤਾਰ ਮਰ ਰਹੇ ਨੌਜਵਾਨਾਂ ਦੇ ਮਰਨ ਦੀ ਸੂਰਤ ਵਿਚ ਨਸ਼ਾ ਸਪਲਾਈ ਕਰਨ ਵਾਲਿਆਂ ਵਿਰੁੱਧ ਗੈਰ-ਇਰਾਦਤਨ ਕਤਲ ਦਾ ਮੁਕੱਦਮਾ ਚਲਾਇਆ ਜਾਵੇ ਪਰ ਇਹ ਨੈੱਟਵਰਕ ਇੰਨਾ ਗੁੰਝਲਦਾਰ ਤੇ ਸ਼ਕਤੀਸ਼ਾਲੀ ਹੈ ਕਿ ਕਈ ਵਾਰ ਅਸਲੀ ਦੋਸ਼ੀਆਂ ਤੱਕ ਪਹੁੰਚਿਆ ਹੀ ਨਹੀਂ ਜਾਂਦਾ, ਤੇ ਅਕਸਰ ਹੀ ਨਸ਼ਿਆਂ ਦੀ ਖੇਪ ਪਹੁੰਚਾਉਣ ਵਾਲੇ ਬਲੀ ਦੇ ਬੱਕਰੇ ਬਣਾ ਦਿੱਤੇ ਜਾਂਦੇ ਹਨ।

ਇਹ ਸਥਿਤੀ ਇੰਨੀ ਗੰਭੀਰ ਬਣ ਚੁੱਕੀ ਹੈ ਕਿ ਕੇਵਲ ਪੁਲੀਸ ਪ੍ਰਸ਼ਾਸਨ, ਸਰਕਾਰ ਉੱਤੇ ਜ਼ਿੰਮੇਵਾਰੀ ਸੁੱਟ ਕੇ ਗੱਲ ਟਾਲੀ ਨਹੀਂ ਜਾ ਸਕਦੀ। ਨਸ਼ਿਆਂ ਨਾਲ ਬਰਬਾਦ ਹੋ ਰਹੇ ਪੰਜਾਬ ਨੂੰ ਬਚਾਉਣ ਲਈ ਸਾਰੀਆਂ ਸਿਆਸੀ ਪਾਰਟੀਆਂ, ਐਨਜੀਓਜ਼, ਟਰੇਡ ਯੂਨੀਅਨਾਂ ਤੇ ਆਮ ਲੋਕਾਂ ਨੂੰ ਯਤਨ ਕਰਨੇ ਪੈਣਗੇ। ਜੇ ਸਾਡੇ ਘਰ ਦਾ ਬੱਚਾ ਅਜੇ ਨਸ਼ਿਆਂ ਤੋਂ ਬਚਿਆ ਵੀ ਹੋਇਆ ਹੈ ਤਾਂ ਵੀ ਸਾਨੂੰ ਨਸ਼ਿਆਂ ਦੀ ਸੁਨਾਮੀ ਨੂੰ ਰੋਕਣ ਲਈ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਫੌਰੀ ਲੋੜ ਹੈ ਕਿਉਂਕਿ ਕੱਲ੍ਹ ਬਹੁਤ ਦੇਰ ਹੋ ਜਾਵੇਗੀ। ਨਸ਼ਿਆਂ ਦੇ ਪ੍ਰਭਾਵ ਵਿਚ ਆ ਚੁੱਕੇ ਨੌਜਵਾਨਾਂ ਨੂੰ ਜੇਲ੍ਹ ਦੀ ਥਾਂ ਨਸ਼ਾ ਛਡਾਊ ਕੇਂਦਰਾਂ ਵਿਚ ਇਲਾਜ ਦੀ ਲੋੜ ਹੈ। ਜਿਹੜੇ ਪਰਿਵਾਰ ਦਾ ਵਿਅਕਤੀ ਕਿਸੇ ਨਸ਼ੇ ਦਾ ਆਦੀ ਹੋ ਚੁੱਕਾ ਹੈ, ਉਸ ਨਾਲ ਮਾਨਵੀ ਵਿਹਾਰ ਹੋਣਾ ਚਾਹੀਦਾ ਹੈ। ਇਹ ਸਮਝਣ ਦੀ ਲੋੜ ਹੈ ਕਿ ਉਹ ਬਿਮਾਰ ਹੈ ਤੇ ਬਿਮਾਰ ਨੂੰ ਹਮੇਸ਼ਾ ਇਲਾਜ ਦੀ ਲੋੜ ਹੁੰਦੀ ਹੈ। ਨਸ਼ਾ ਤਿਆਗਣ ਵਾਲਿਆਂ ਨੂੰ ਸਮਾਜ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦਿਆਂ ਪਹਿਲ ਦੇ ਆਧਾਰ 'ਤੇ ਨੌਕਰੀਆਂ ਦੇਣਾ ਵੀ ਸਰਕਾਰ ਯਕੀਨੀ ਬਣਾਏ।

ਹਰ ਸਮਾਗਮ ਵਿਚ ਸ਼ਰਾਬ ਦਾ ਹੋਣਾ ਸਮਾਜਿਕ ਰੁਤਬੇ ਅਤੇ ਮਾਣ ਦੀ ਨਿਸ਼ਾਨੀ ਬਣ ਚੁੱਕਾ ਹੈ। ਪੰਜਾਬ ਵਿਚ ਤਾਂ ਸ਼ਰਾਬ ਦਾ ਹੜ੍ਹ ਆਇਆ ਹੋਇਆ ਹੈ। ਪੰਜਾਬ ਵਿਚ ਇਸ ਦੀ ਖਪਤ ਵੀ ਸਭ ਤੋਂ ਵੱਧ ਹੈ। ਇਹ ਕੋਈ ਸ਼ੇਖੀ ਨਹੀਂ ਹੈ ਕਿ ਹਜ਼ਾਰਾਂ ਰੁਪਿਆ ਸ਼ਰਾਬ 'ਤੇ ਰੋੜ੍ਹ ਦਿੱਤਾ ਜਾਵੇ। ਕਈ ਸਾਲ ਪਹਿਲਾਂ ਤਾਂ ਪੰਜਾਬ ਦੇ ਇਕ ਨੇਤਾ ਨੇ ਕਿਹਾ ਸੀ ਕਿ ਸ਼ਰਾਬ ਕੋਈ ਨਸ਼ਾ ਨਹੀਂ ਹੈ। ਪੰਜਾਬ ਲਈ ਫ਼ਿਕਰਮੰਦ ਲੋਕਾਂ ਨੂੰ ਇਹ ਸੋਚਣ ਵਿਚਾਰਨ ਦੀ ਲੋੜ ਹੈ ਕਿ ਸਮਾਗਮਾਂ ਵਿਚ ਖੁੱਲ੍ਹੇਆਮ ਵਰਤਾਈ ਜਾ ਰਹੀ ਸ਼ਰਾਬ ਦਾ ਅੱਲੜ੍ਹ ਉਮਰ ਦੇ ਬੱਚਿਆਂ 'ਤੇ ਕਿੰਨਾ ਨਕਾਰਾਤਮਿਕ ਪ੍ਰਭਾਵ ਪੈਂਦਾ ਹੋਵੇਗਾ। ਉਹ ਵੀ ਰੌਲੇ-ਰੱਪੇ ਵਿਚ ਇਸ ਵੱਲ ਖਿੱਚੇ ਜਾਂਦੇ ਹਨ ਤੇ ਪਤਾ ਉਦੋਂ ਹੀ ਲੱਗਦਾ ਹੈ ਜਦੋਂ ਮੁੰਡਾ ਸ਼ਰਾਬੀ ਹਾਲਤ ਵਿਚ ਘਰ ਆਉਂਦਾ ਹੈ। ਸਰਕਾਰਾਂ ਨੇ ਜੇ ਮਾਲੀਆ ਹੀ ਕਮਾਉਣਾ ਹੈ ਤਾਂ ਇਸ ਨੂੰ ਹੋਰ ਮਹਿੰਗਾ ਕਰ ਦਿੱਤਾ ਜਾਵੇ ਤਾਂ ਕਿ ਆਮ ਲੋਕ ਇਸ ਦੀ ਵਰਤੋਂ ਤੋਂ ਪ੍ਰਹੇਜ਼ ਕਰਨ।



ਉਦਾਸ ਖਬਰਾਂ ਨਾਲ ਅਖਬਾਰਾਂ ਰੋਜ਼ ਭਰੀਆਂ ਨਜ਼ਰ ਆਉਂਦੀਆਂ ਹਨ। ਨਸ਼ੇ, ਖੁਦਕੁਸ਼ੀਆਂ, ਸੜਕ ਹਾਦਸੇ, ਗੈਂਗਸਟਰ, ਗੋਲੀਆਂ, ਕਤਲ ਤੇ ਅਪਰਾਧੀ ਟੋਲਿਆਂ ਦਾ ਬੋਲਬਾਲਾ; ਦਹਿਸ਼ਤ ਦਾ ਨੰਗਾ-ਨਾਚ ਹੋ ਰਿਹਾ ਹੈ। ਕਿਸੇ ਵੀ ਥਾਂ ਕੋਈ ਔਰਤ ਸੁਰੱਖਿਅਤ ਨਹੀਂ। ਇਸ ਵੇਲੇ ਲੋੜ ਸਿਰ ਜੋੜ ਕੇ ਬੈਠਣ ਦੀ ਹੈ ਤਾਂ ਕਿ ਪੰਜਾਬ ਨੂੰ ਇਸ ਸੰਤਾਪ ਵਿਚੋਂ ਕੱਢਿਆ ਜਾ ਸਕੇ। ਸਰਕਾਰੀ ਤੰਤਰ ਵੀ ਅੱਕੀਂ-ਪਲਾਹੀਂ ਹੱਥ ਮਾਰੀ ਜਾਂਦਾ ਹੈ। ਜਿਹੜੀ ਸਥਿਤੀ ਬਾਹਰੀ ਰੂਪ ਵਿਚ ਨਜ਼ਰ ਆਉਂਦੀ ਹੈ, ਅਸਲੀਅਤ ਉਸ ਤੋਂ ਕਿਤੇ ਵੱਧ ਗੰਭੀਰ ਹੈ। ਖਬਰਾਂ ਦੱਸਦੀਆਂ ਹਨ ਕਿ ਕੇਵਲ ਦੀਵਾਲੀ ਮਨਾਉਂਦਿਆਂ ਹੀ ਪੰਜਾਬੀਆਂ ਨੇ ਇਕ ਦਿਨ ਵਿਚ ਹੀ 75 ਕਰੋੜ ਦੀ ਸ਼ਰਾਬ ਪੀ ਲਈ ਹੈ। ਇਸ ਵਿਚ ਕੋਈ ਸ਼ੇਖੀ ਜਾ ਮਾਣ ਕਰਨ ਵਾਲੀ ਗੱਲ ਨਹੀ ਸਗੋਂ ਇਸ ਦੁਖਦਾਈ ਸਥਿਤੀ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਨਸ਼ਿਆਂ ਦੀ ਦਲਦਲ ਵਿਚ ਕਿਸ ਕਦਰ ਡੁੱਬ ਚੁੱਕਾ ਹੈ।

ਹੈਰਾਨੀ ਹੁੰਦੀ ਹੈ ਕਿ ਸਿਆਸੀ ਜਮਾਤਾਂ, ਮੁਲਾਜ਼ਮ ਜਥੇਬੰਦੀਆਂ ਤੇ ਕਈ ਵਾਰ ਆਮ ਲੋਕ ਵੀ ਕਿਸੇ ਛੋਟੇ ਜਿਹੇ ਮਸਲੇ ਨੂੰ ਲੈ ਕੇ ਧਰਨੇ, ਮੁਜ਼ਾਹਰੇ, ਰੈਲੀਆਂ, ਬੰਦ ਤੇ ਸੜਕਾਂ-ਰੇਲਾਂ ਜਾਮ ਕਰ ਦਿੰਦੇ ਹਨ ਪਰ ਨਸ਼ਿਆਂ ਦੀ ਸੁਨਾਮੀ ਜੋ ਪੰਜਾਬ ਦੇ ਭਵਿੱਖ ਨੂੰ ਬਰਬਾਦੀ ਦੇ ਰਾਹ ਤੋਰ ਰਹੀ ਹੈ, ਖ਼ਿਲਾਫ਼ ਇੱਕਮੁੱਠ ਹੋ ਕੇ ਆਵਾਜ਼ ਬੁਲੰਦ ਕਰਨ ਦੇ ਯਤਨ ਨਾਂ-ਮਾਤਰ ਹਨ। ਪੰਜਾਬ ਨੂੰ ਪਿਆਰ ਕਰਨ ਵਾਲੇ ਅਤੇ ਹਰ ਸਹੀ ਸੋਚ ਵਾਲੇ ਸ਼ਖ਼ਸ ਨੂੰ ਨਸ਼ਿਆਂ ਦੇ ਵਪਾਰੀਆਂ ਤੇ ਸਰਕਾਰ ਦੀ ਨਸ਼ਿਆਂ ਨੂੰ ਰੋਕਣ ਵਿਚ ਨਾਕਾਮੀ ਲਈ ਆਪਣੇ ਰੋਸ ਦਾ ਇਜ਼ਹਾਰ ਕਰਨ ਲਈ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਜੇ ਇਸ ਅਗਨੀ ਦਾ ਸੇਕ ਅਜੇ ਸਾਡੇ ਘਰ ਤੱਕ ਨਹੀਂ ਵੀ ਪਹੁੰਚਿਆ ਤਾਂ 'ਸਾਨੂੰ ਕੀ' ਕਹਿ ਕੇ ਇਸ ਨੂੰ ਟਾਲਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਸਰਹੱਦ ਪਾਰ ਤੋਂ ਹੋ ਰਹੀ ਨਸ਼ਿਆਂ ਦੀ ਤਸਕਰੀ ਗੰਭੀਰ ਮੁੱਦਾ ਹੈ, ਇਸ ਬਾਰੇ ਸਰਕਾਰਾਂ ਨੂੰ ਇਕ ਦੂਜੇ 'ਤੇ ਦੋਸ਼ ਲਾਉਣ ਦੀ ਥਾਂ ਅਜਿਹੇ ਉਪਰਾਲੇ ਕਰਨ ਦੀ ਲੋੜ ਹੈ ਕਿ ਨਸ਼ਿਆਂ ਦਾ ਵਪਾਰ ਰੁਕ ਜਾਵੇ। ਅਜਿਹੀਆਂ ਕਾਲੀਆਂ ਭੇਡਾਂ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ ਜਿਨ੍ਹਾਂ ਦੀ ਮਿਲੀਭੁਗਤ ਨਾਲ ਇਹ ਸਪਲਾਈ ਟੁੱਟਦੀ ਨਹੀਂ। ਇਸ ਤੋਂ ਵੱਡਾ ਅਪਰਾਧ ਕੀ ਹੋ ਸਕਦਾ ਹੈ ਕਿ ਨਸ਼ਿਆਂ ਦੇ ਵਪਾਰੀ ਆਪਣੇ ਮੁਨਾਫੇ ਖਾਤਰ ਦੇਸ਼ ਦੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ।

ਬਰਬਾਦੀ ਦੇ ਕਗਾਰ 'ਤੇ ਖੜ੍ਹੇ ਪੰਜਾਬ ਦੀ ਹਕੂਮਤ ਨੂੰ ਵੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਪੰਜਾਬ ਹੀ ਨਾ ਬਚਿਆ ਤਾਂ ਲੋਕ ਸ਼ਕਤੀ ਨੇ ਇਕ ਦਿਨ ਤੁਹਾਡੇ ਹੇਠੋਂ ਵੀ ਸੱਤਾ ਦੀ ਕੁਰਸੀ ਖਿੱਚਣ ਲੱਗਿਆਂ ਬਹੁਤਾ ਸਮਾਂ ਨਹੀਂ ਲਾਉਣਾ। ਨਸ਼ਿਆਂ ਦੇ ਰਾਹ ਪੈ ਗਿਆਂ ਨੂੰ ਡਾਕਟਰੀ ਇਲਾਜ ਦੇ ਨਾਲ-ਨਾਲ ਗਲਵੱਕੜੀ ਵਿੱਚ ਲੈਣ ਦੀ ਲੋੜ ਹੈ। ਮਾਪਿਆਂ ਤੇ ਹੋਰ ਸੰਸਥਾਵਾਂ ਦਾ ਸਭ ਤੋਂ ਜ਼ਰੂਰੀ ਕੰਮ ਇਹ ਹੈ ਕਿ ਨੌਜਵਾਨਾਂ ਦੇ ਮਨ ਵਿਚੋਂ ਬੇਗਾਨਗੀ ਦੀ ਭਾਵਨਾ ਖਤਮ ਕੀਤੀ ਜਾਵੇ। ਪੀੜਤ ਨੌਜਵਾਨਾਂ ਨੂੰ ਉਨ੍ਹਾਂ ਦੇ ਅੰਦਰਲੀ ਸ਼ਕਤੀ ਦਾ ਅਹਿਸਾਸ ਕਰਾ ਕੇ ਇਸ ਰਾਹ ਤੋਂ ਮੋੜਨ ਦੇ ਯਤਨ ਜ਼ਰੂਰੀ ਹਨ। ਆਉ! ਰਲਮਿਲ ਕੇ ਹੰਭਲਾ ਮਾਰੀਏ ਤੇ ਪੰਜਾਬ ਨੂੰ ਇਸ ਮਰਨ ਰੁੱਤ ਤੋਂ ਬਾਹਰ ਕੱਢੀਏ। ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਨਸ਼ਾ ਰੋਕੂ ਜਾਗ੍ਰਿਤ ਕਮੇਟੀਆਂ ਬਣਾ ਕੇ ਨਸ਼ਿਆਂ ਦੇ ਵਪਾਰੀਆਂ ਨੂੰ ਮਨਮਾਨੀਆਂ ਕਰਨ ਤੋਂ ਸਖਤੀ ਨਾਲ ਰੋਕਣ ਦੇ ਉਪਰਾਲੇ ਹੋਣ।

ਨਸ਼ਿਆਂ ਦੀ ਲਪੇਟ ਵਿਚ ਆ ਚੁੱਕੇ ਨੌਜਵਾਨਾਂ ਨੂੰ ਨਸ਼ਾ ਛਡਾਊ ਕੇਂਦਰਾਂ ਵਿਚ ਪਹੁੰਚਾਇਆ ਜਾਵੇ ਤੇ ਨਸ਼ਿਆਂ ਤੋਂ ਤੋਬਾ ਕਰਨ ਸਬੰਧੀ ਉਨ੍ਹਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਜਾਵੇ। ਸਮਾਜਿਕ ਤੌਰ 'ਤੇ ਹੁੰਦੇ ਸਮਾਗਮਾਂ ਵਿਚ ਸ਼ਰਾਬ ਦੀ ਵਰਤੋਂ ਬੰਦ ਹੋਵੇ ਤੇ ਸਾਦੇ ਵਿਆਹਾਂ ਦੀ ਰੀਤ ਚਲਾਈ ਜਾਵੇ। ਬਰਬਾਦੀ ਦੇ ਰਾਹ ਪਏ ਪੰਜਾਬ ਨੂੰ ਬਚਾਉਣ ਲਈ ਹਰ ਵਿਅਕਤੀ ਨੂੰ ਆਪਣਾ ਯੋਗਦਾਨ ਪਾਉਣ ਦੀ ਲੋੜ ਹੈ। ਸਿਆਸੀ ਪਾਰਟੀਆਂ ਨੂੰ ਵੀ ਚਾਹੀਦਾ ਹੈ ਕਿ ਇਸ ਸਥਿਤੀ ਤੋਂ ਕੋਈ ਸਿਆਸੀ ਲਾਹਾ ਲੈਣ ਦੀ ਥਾਂ ਅਤੇ ਇਕ ਦੂਜੇ ਤੇ ਚਿੱਕੜ ਉਛਾਲਣ ਦੀ ਥਾਂ ਰਲ ਬੈਠ ਕੇ ਸਮੱਸਿਆ ਦੀ ਥਾਹ ਪਾਉਣ ਦੇ ਰਾਹ ਤਲਾਸ਼ ਕੀਤਾ ਜਾਵੇ ਤਾਂ ਕਿ ਡੁੱਬਦਾ ਪੰਜਾਬ ਬਚ ਸਕੇ।

# ਟਰੰਪ ਦਾ ਦੂਜਾ ਕਾਰਜਕਾਲ ਅਤੇ ਸੰਸਾਰ ਆਰਥਿਕਤਾ

***ਡੋਨਲਡ ਟਰੰਪ ਸਾਬਕਾ ਰਾਸ਼ਟਰਪਤੀ ਵਿਲੀਅਮ ਮੈਕਕਿਨਲੇ (1897 ਤੋਂ 1901) ਦੇ ਸੁਰੱਖਿਆਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਹਨ। ਮੈਕਕਿਨਲੇ ਨੇ 1897 'ਚ ਪੇਸ਼ ਡਿੰਗਲੇ ਐਕਟ ਰਾਹੀਂ ਦਰਾਮਦ ਸਮਾਨ 'ਤੇ ਟੈਕਸ ਵਧਾਏ ਸਨ। ਡਿੰਗਲੇ ਐਕਟ 1894 ਦੇ ਵਿਲਸਨ-ਗੋਰਮੈਨ ਟੈਰਿਫ ਐਕਟ ਵਿਰੁੱਧ ਤਿਆਰ ਕੀਤਾ ਗਿਆ ਸੀ ਜਿਸ ਨੇ ਦਰਾਮਦ ਦਰਾਂ ਘਟਾ ਦਿੱਤੀਆਂ। ਟਰੰਪ ਵੀ ਮੈਕਕਿਨਲੇ ਦੇ ਸੁਰੱਖਿਆਵਾਦ ਵਾਂਗ ਟੈਕਸਾਂ 'ਚ ਕਟੌਤੀ ਕਰ ਕੇ ਬਜਟ ਘਾਟੇ ਅਤੇ ਮਹਿੰਗਾਈ 'ਚ ਵਾਧਾ ਕਰ ਸਕਦੇ ਹਨ ਜਿਸ ਨਾਲ ਸਰਕਾਰ ਨੂੰ ਹੋਰ ਕਰਜ਼ੇ ਲੈਣ ਦੀ ਲੋੜ ਪੈ ਸਕਦੀ ਹੈ।***

ਅਮਰੀਕਾ ਵਿਚ ਡੈਮੋਕਰੈਟਸ ਦੇ ਚੋਣਾਂ ਹਾਰਨ ਪਿੱਛੇ ਮਹਿੰਗਾਈ ਨੂੰ ਵੱਡਾ ਆਰਥਿਕ ਕਾਰਕ ਮੰਨਿਆ ਜਾ ਰਿਹਾ ਹੈ। ਮਹਿੰਗਾਈ ਵਿਚ ਵਾਧਾ ਮੁੱਖ ਤੌਰ 'ਤੇ ਕਰੋਨਾ ਮਹਾਮਾਰੀ, ਰੂਸ-ਯੂਕਰੇਨ ਯੁੱਧ ਅਤੇ ਇਜ਼ਰਾਈਲ-ਹਮਾਸ ਟਕਰਾਅ ਕਾਰਨ ਜਾਰੀ ਹੈ। ਦਰਅਸਲ ਕਰੋਨਾ ਮਹਾਮਾਰੀ ਦੌਰਾਨ ਵਿਆਪਕ ਤਾਲਾਬੰਦੀ ਅਤੇ ਸਪਲਾਈ ਵਿਚ ਰੁਕਾਵਟਾਂ ਕਾਰਨ ਜ਼ਰੂਰੀ ਵਸਤਾਂ ਦੀ ਘਾਟ ਨੇ ਕੀਮਤਾਂ ਵਿਚ ਵਾਧਾ ਕੀਤਾ। 2022 ਤੋਂ ਜਾਰੀ ਰੂਸ-ਯੂਕਰੇਨ ਯੁੱਧ ਅਤੇ 2023 ਤੋਂ ਸ਼ੁਰੂ ਇਜ਼ਰਾਈਲ-ਹਮਾਸ ਟਕਰਾਅ ਨਾਲ ਵਧੀਆਂ ਤੇਲ ਤੇ ਕੁਦਰਤੀ ਗੈਸ ਕੀਮਤਾਂ ਨੇ ਮਹਿੰਗਾਈ ਦਾ ਦਬਾਅ ਹੋਰ ਵਧਾਇਆ। ਉਂਝ, ਮਹਿੰਗਾਈ ਕਾਰਨ ਅਮਰੀਕਾ ਵਿਚ ਸੱਤਾਧਾਰੀ ਪਾਰਟੀ ਦਾ ਚੋਣਾਂ ਹਾਰ ਜਾਣਾ ਕੋਈ ਨਵਾਂ ਵਰਤਾਰਾ ਨਹੀਂ। 1970ਵਿਆਂ ਦੌਰਾਨ ਅਮਰੀਕਾ

**ਰਾਜੀਵ ਖੋਸਲਾ**
**ਫੋਨ: +91-79860-36776**

ਵਿਚ ਤਿੰਨ ਰਾਸ਼ਟਰਪਤੀ ਰਿਚਰਡ ਨਿਕਸਨ, ਗੇਰਾਲਡ ਫੋਰਡ ਅਤੇ ਜਿੰਮੀ ਕਾਰਟਰ ਜਾਂ ਉਨ੍ਹਾਂ ਦੀ ਪਾਰਟੀ ਬੇਤਹਾਸ਼ਾ ਮਹਿੰਗਾਈ ਕਾਰਨ ਚੋਣਾਂ ਹਾਰੇ ਸਨ। 1980 ਦੇ ਦਹਾਕੇ ਵਿਚ ਰਾਸ਼ਟਰਪਤੀ ਰੋਨਾਲਡ ਰੀਗਨ ਦੀਆਂ ਆਰਥਿਕ ਨੀਤੀਆਂ ਨੇ ਮਹਿੰਗਾਈ ਨੂੰ ਕਾਬੂ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਜਿਸ ਨੇ ਉਨ੍ਹਾਂ ਨੂੰ ਦੂਜੀ ਵਾਰ ਜਿੱਤਣ ਵਿਚ ਵੀ ਮਦਦ ਕੀਤੀ।

ਡੋਨਾਲਡ ਟਰੰਪ ਦੀ 2024 ਦੀਆਂ ਚੋਣਾਂ ਵਿਚ ਜਿੱਤ ਵੀ ਆਮ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮੁਹੱਈਆ ਕਰਨ ਵਾਲੇ ਵਾਅਦਿਆਂ 'ਤੇ ਹੀ ਟਿਕੀ ਹੈ। ਇਹ ਵਾਅਦੇ ਆਮ ਜਨਤਾ 'ਤੇ ਘੱਟ ਟੈਕਸ ਲਾਗੂ ਕਰਨ ਤੋਂ ਲੈ ਕੇ ਦਰਾਮਦਾਂ 'ਤੇ ਵੱਧ ਟੈਕਸ, ਬਰਾਮਦਾਂ ਵਧਾਉਣ ਲਈ ਕਮਜ਼ੋਰ ਡਾਲਰ ਅਤੇ ਅਮਰੀਕਾ ਵਿਚ ਪਰਵਾਸ ਕੀਤੇ ਲੋਕਾਂ 'ਤੇ ਸਖ਼ਤਾਈ ਕਰ ਕੇ ਅਮਰੀਕੀ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਤਕ ਜਾਂਦੇ ਹਨ ਪਰ ਟਰੰਪ ਦੀਆਂ ਇਹ ਨੀਤੀਆਂ ਵਿਸ਼ਵ ਭਰ ਲਈ ਆਪਣੇ ਦੂਰਗਾਮੀ ਪ੍ਰਭਾਵਾਂ ਕਾਰਨ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

ਅਮਰੀਕਾ 'ਤੇ ਆਰਥਿਕ ਪ੍ਰਭਾਵ

ਟਰੰਪ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੇ ਅਮਰੀਕੀ ਕਾਰੋਬਾਰੀਆਂ ਦੇ ਹਿੱਤਾਂ ਦੀ ਰੱਖਿਆ ਕਰਨ, ਵਪਾਰ ਘਾਟਾ ਘਟਾਉਣ ਅਤੇ ਅਮਰੀਕਾ ਵਿਚ ਨਿਵੇਸ਼ ਤੇ ਨੌਕਰੀਆਂ ਵਧਾਉਣ ਲਈ ਦਰਾਮਦਾਂ 'ਤੇ ਟੈਕਸ ਵਧਾਉਣ ਦੀ ਵਕਾਲਤ ਕੀਤੀ ਹੈ। ਟਰੰਪ ਨੇ ਚੀਨ ਤੋਂ ਦਰਾਮਦ ਹੋ ਰਹੇ ਇਲੈਕਟ੍ਰਿਕ ਵਾਹਨਾਂ 'ਤੇ 200% ਦਰਾਮਦ ਟੈਕਸ ਵਸੂਲਣ ਦੇ ਨਾਲ-ਨਾਲ ਹਰ ਚੀਨੀ ਸਮਾਨ ਦੀਆਂ ਦਰਾਮਦਾਂ 'ਤੇ 50 ਤੋਂ 60% ਟੈਕਸ ਵਸੂਲਣ ਦਾ ਸੰਕੇਤ ਦਿੱਤਾ ਹੈ। ਇਸ ਤੋਂ ਇਲਾਵਾ ਮੈਕਸੀਕੋ ਤੋਂ ਦਰਾਮਦ ਕੀਤੀਆਂ ਜਾ ਰਹੀਆਂ ਕਾਰਾਂ 'ਤੇ 500% ਟੈਕਸ ਅਤੇ ਅਮਰੀਕਾ ਦੁਆਰਾ ਦਰਾਮਦ ਕੀਤੇ ਜਾ ਰਹੇ ਹਰ ਪ੍ਰਕਾਰ ਦੇ ਸਾਮਾਨ 'ਤੇ ਵੀ 10 ਤੋਂ 20% ਦਰਾਮਦ ਟੈਕਸ ਲਗਾਉਣ ਦੇ ਸੰਕੇਤ ਦਿੱਤੇ ਹਨ। ਉਂਝ, ਟਰੰਪ ਦਾ ਇਹ ਕਦਮ ਉਲਟਾ ਵੀ ਪੈ ਸਕਦਾ ਹੈ।

ਚੀਨ ਤੋਂ ਦਰਮਦਾਂ ਕੇਵਲ ਖਪਤਕਾਰਾਂ ਦੁਆਰਾ ਹੀ ਨਹੀਂ ਹੁੰਦੀਆਂ ਬਲਕਿ ਅਮਰੀਕੀ ਕਾਰੋਬਾਰੀ ਵੀ ਚੀਨੀ ਉਤਪਾਦਾਂ ਨੂੰ ਨਿਰਮਾਣ ਵਿਚ ਕੱਚੇ ਮਾਲ ਵਜੋਂ ਵਰਤਦੇ ਹਨ। ਚੀਨ ਤੋਂ ਦਰਾਮਦ ਕੱਚੇ ਮਾਲ 'ਤੇ ਵੱਧ ਟੈਕਸ ਅਮਰੀਕਾ ਦੇ ਕਾਰੋਬਾਰਾਂ ਲਈ ਉਤਪਾਦਨ ਲਾਗਤ ਵਧਾ ਸਕਦਾ ਹੈ ਜਿਸ ਦਾ ਅਸਲ ਭਾਰ ਵੱਧ ਮਹਿੰਗਾਈ ਦੇ ਰੂਪ 'ਚ ਮੁੜ ਅਮਰੀਕੀ ਖਪਤਕਾਰਾਂ 'ਤੇ ਪੈ ਸਕਦਾ ਹੈ। ਇਸ ਤੋਂ ਇਲਾਵਾ ਕੱਚੇ ਮਾਲ ਵਾਲੇ ਮੁਲਕ ਜਿਵੇਂ ਚੀਨ, ਯੂਰਪੀ ਦੇਸ਼ ਅਤੇ ਮੈਕਸੀਕੋ ਵੀ ਅਮਰੀਕੀ ਉਤਪਾਦਾਂ 'ਤੇ ਟੈਕਸ ਵਧਾ ਸਕਦੇ ਹਨ। ਇਸ ਕਾਰਵਾਈ ਦਾ ਨੁਕਸਾਨ ਨਾ ਕੇਵਲ ਅਮਰੀਕੀ ਬਰਾਮਦਕਾਰਾਂ ਨੂੰ ਬਲਕਿ ਨੌਕਰੀਆਂ ਖੁੱਸਣ ਕਾਰਨ ਆਮ ਜਨਤਾ ਨੂੰ ਵੀ ਹੋਵੇਗਾ।

ਟਰੰਪ ਨੇ ਚੋਣ ਮੁਹਿੰਮ ਦੌਰਾਨ ਅਮਰੀਕੀ ਬਰਾਮਦਾਂ ਦੀ ਮੁਕਾਬਲੇਬਾਜ਼ੀ ਵਧਾਉਣ ਲਈ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਦੇ ਸੰਕੇਤ ਵੀ ਦਿੱਤੇ ਸਨ। ਇਸ ਰਣਨੀਤੀ ਦਾ ਉਦੇਸ਼ ਵਿਦੇਸ਼ੀ ਖਰੀਦਦਾਰਾਂ ਲਈ ਅਮਰੀਕੀ ਵਸਤੂਆਂ ਸਸਤਾ ਰੱਖ ਕੇ ਸੰਭਾਵੀ ਤੌਰ 'ਤੇ ਉਨ੍ਹਾਂ ਦੀ ਮੰਗ ਤੇ ਵਿਕਰੀ ਵਧਾਉਣਾ ਹੈ ਤਾਂ ਜੋ ਅਮਰੀਕਾ ਵਿਚ ਘਰੇਲੂ ਨਿਵੇਸ਼ ਅਤੇ ਰੁਜ਼ਗਾਰ ਵਧਾਇਆ ਜਾ ਸਕੇ ਪਰ ਵੱਧ ਦਰਾਮਦ ਲਾਗਤਾਂ, ਵਧਦੀ ਮਹਿੰਗਾਈ ਅਤੇ ਕਮਜ਼ੋਰ ਡਾਲਰ ਅਮਰੀਕੀ ਫੈਡਰਲ ਰਿਜ਼ਰਵ ਦੇ ਵਿਆਜ ਦਰਾਂ ਘਟਾਉਣ ਵਾਲੇ ਯਤਨਾਂ ਵਿਚ ਦਖਲਅੰਦਾਜ਼ੀ ਕਰ ਸਕਦੇ ਹਨ। ਕਮਜ਼ੋਰ ਡਾਲਰ ਕਾਰਨ ਪੂੰਜੀ ਦਾ ਪ੍ਰਵਾਹ ਡਾਲਰ ਦੇ ਰੂਪ ਵਿਚ ਹੋਰ ਮੁਲਕਾਂ ਵੱਲ ਹੋ ਸਕਦਾ ਹੈ ਜਿਸ ਨੂੰ ਰੋਕਣ ਲਈ ਅਮਰੀਕੀ ਫੈਡਰਲ ਰਿਜ਼ਰਵ ਨੂੰ ਮੁੜ ਵਿਆਜ ਦਰਾਂ ਵਿਚ ਵਾਧਾ ਕਰਨਾ ਪੈ ਸਕਦਾ ਹੈ। ਇਉਂ ਟਰੰਪ ਦੀ ਸਾਰੀ ਕੋਸ਼ਿਸ਼ ਨਾਕਾਮ ਹੋ ਸਕਦੀ ਹੈ।

ਇਹ ਵੀ ਸੰਭਵ ਹੈ ਕਿ ਟਰੰਪ ਅਮਰੀਕੀ ਡਾਲਰ ਦੇ ਮੁਕਾਬਲੇ ਮਜ਼ਬੂਤ ਮੁਦਰਾਵਾਂ ਵਾਲੇ ਦੇਸ਼ਾਂ ਨਾਲ ਪਲਾਜ਼ਾ ਐਕਾਰਡ ਵਰਗਾ ਸਮਝੌਤਾ ਕਰ ਲੈਣ। ਪਲਾਜ਼ਾ ਐਕਾਰਡ ਸਤੰਬਰ 1985 ਵਿਚ ਨਿਊਯਾਰਕ ਦੇ ਪਲਾਜ਼ਾ ਹੋਟਲ ਵਿਚ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਖਾਤਰ ਫਰਾਂਸ, ਪੱਛਮੀ ਜਰਮਨੀ, ਜਾਪਾਨ, ਯੂਕੇ ਅਤੇ ਅਮਰੀਕਾ ਦੇ ਵਿੱਤ ਮੰਤਰੀਆਂ ਤੇ ਕੇਂਦਰੀ ਬੈਂਕ ਗਵਰਨਰਾਂ ਵਿਚਕਾਰ ਕੀਤਾ ਗਿਆ ਸੀ। ਅਮਰੀਕੀ ਡਾਲਰ ਦੀ ਕੀਮਤ ਘਟਣ ਨਾਲ ਭਾਵੇਂ ਅਮਰੀਕੀ ਵਪਾਰ ਘਾਟੇ ਅਤੇ ਮਹਿੰਗਾਈ ਵਿਚ ਕਮੀ ਆਈ ਸੀ ਪਰ ਮੌਜੂਦਾ ਆਰਥਿਕ ਦ੍ਰਿਸ਼ਟੀਕੋਣ 1980ਵਿਆਂ ਤੋਂ ਭਿੰਨ ਹੈ। ਅੱਜ ਅਜਿਹੇ ਬਹੁਪੱਖੀ ਇਕਰਾਰਨਾਮੇ ਲਈ ਦੇਸ਼ਾਂ ਵਿਚਕਾਰ ਸਹਿਯੋਗ ਅਤੇ ਸਹਿਮਤੀ ਪ੍ਰਾਪਤ ਕਰਨਾ ਮੁਸ਼ਕਿਲ ਹੈ, ਖਾਸ ਤੌਰ 'ਤੇ ਜਦੋਂ ਭੂ-ਰਾਜਨੀਤਕ ਪ੍ਰਸੰਗ ਗੁੰਝਲਦਾਰ ਹਨ ਅਤੇ ਕੁਝ ਦੇਸ਼ ਡਾਲਰ ਨੂੰ



ਕੌਮਾਂਤਰੀ ਵਪਾਰ ਵਿਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਮੁਦਰਾ ਵਜੋਂ ਬਦਲਣਾ ਚਾਹੁੰਦੇ ਹੋਣ।

ਟਰੰਪ ਦੇ 2017 ਵਾਲੇ ਟੈਕਸ ਕਟਜ਼ ਐਂਡ ਜੌਬਜ਼ ਐਕਟ (ਟੀ.ਸੀ.ਜੇ.ਏ.) ਨੇ ਟਰੰਪ ਨੂੰ ਕਾਫੀ ਪ੍ਰਸਿੱਧੀ ਦਿੱਤੀ। ਇਹ ਟੈਕਸ ਕਟੌਤੀਆਂ 2025 ਦੇ ਅੰਤ ਵਿਚ ਖਤਮ ਹੋਣੀਆਂ ਹਨ। ਟਰੰਪ ਨੇ ਚੋਣ ਪ੍ਰਚਾਰ ਕਰਦੇ ਸਮੇਂ 2017 ਦੀ ਟੀਸੀਜੇਏ ਦੀ ਮਿਆਦ ਅੱਗੇ ਵਧਾਉਣ, ਰਾਜਾਂ ਤੇ ਸਥਾਨਕ ਟੈਕਸਾਂ ਲਈ ਕਟੌਤੀ ਵਾਪਸ ਲਿਆਉਣ, ਕਾਰਪੋਰੇਟ ਟੈਕਸ ਦਰ ਘਟਾਉਣ ਅਤੇ ਗ੍ਰੀਨ ਐਨਰਜੀ ਟੈਕਸ ਕ੍ਰੈਡਿਟ ਰੱਦ ਕਰਨ ਦੇ ਸੰਕੇਤ ਦਿੱਤੇ ਹਨ। ਅਮਰੀਕਾ ਦੀ ਖੋਜੀ ਸੰਸਥਾ ਟੈਕਸ ਫਾਊਂਡੇਸ਼ਨ ਅਨੁਸਾਰ, ਜੇ ਟਰੰਪ ਦੀਆਂ ਟੈਕਸ ਕਟੌਤੀ ਨੀਤੀਆਂ 2025 ਤੋਂ 2034 ਤਕ ਜਾਰੀ ਰਹਿੰਦੀਆਂ ਹਨ ਤਾਂ ਇਸ ਨਾਲ ਅਮਰੀਕਾ ਦੇ ਟੈਕਸ ਮਾਲੀਏ ਨੂੰ 3 ਟ੍ਰਿਲੀਅਨ ਡਾਲਰ ਤੱਕ ਖੋਰਾ ਲੱਗ ਸਕਦਾ ਹੈ। ਪਹਿਲਾਂ ਹੀ ਅਕਤੂਬਰ 2024 ਤੱਕ ਅਮਰੀਕਾ ਦਾ ਕੁੱਲ ਕਰਜ਼ਾ (35.95 ਟ੍ਰਿਲੀਅਨ ਡਾਲਰ) ਉੱਥੇ ਦੀ ਜੀ.ਡੀ.ਪੀ. (23.31 ਟ੍ਰਿਲੀਅਨ ਡਾਲਰ ) ਦੇ ਮੁਕਾਬਲੇ 154% ਹੈ; ਟੈਕਸਾਂ ਵਿਚ ਹੋਰ ਕਟੌਤੀ ਕਰਜ਼ਾ-ਜੀ.ਡੀ.ਪੀ. ਅਨੁਪਾਤ ਹੋਰ ਵਿਗਾੜ ਸਕਦੀ ਹੈ।

ਡੋਨਲਡ ਟਰੰਪ ਸਾਬਕਾ ਰਾਸ਼ਟਰਪਤੀ ਵਿਲੀਅਮ ਮੈਕਕਿਨਲੇ (1897 ਤੋਂ 1901) ਦੇ ਸੁਰੱਖਿਆਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਹਨ। ਮੈਕਕਿਨਲੇ ਨੇ 1897 'ਚ ਪੇਸ਼ ਡਿੰਗਲੇ ਐਕਟ ਰਾਹੀਂ ਦਰਾਮਦ ਸਮਾਨ 'ਤੇ ਟੈਕਸ ਵਧਾਏ ਸਨ। ਡਿੰਗਲੇ ਐਕਟ 1894 ਦੇ ਵਿਲਸਨ-ਗੋਰਮੈਨ ਟੈਰਿਫ ਐਕਟ ਵਿਰੁੱਧ ਤਿਆਰ ਕੀਤਾ ਗਿਆ ਸੀ ਜਿਸ ਨੇ ਦਰਾਮਦ ਦਰਾਂ ਘਟਾ ਦਿੱਤੀਆਂ। ਟਰੰਪ ਵੀ ਮੈਕਕਿਨਲੇ ਦੇ ਸੁਰੱਖਿਆਵਾਦ ਵਾਂਗ ਟੈਕਸਾਂ 'ਚ ਕਟੌਤੀ ਕਰ ਕੇ ਬਜਟ ਘਾਟੇ ਅਤੇ ਮਹਿੰਗਾਈ 'ਚ ਵਾਧਾ ਕਰ ਸਕਦੇ ਹਨ ਜਿਸ ਨਾਲ ਸਰਕਾਰ ਨੂੰ ਹੋਰ ਕਰਜ਼ੇ ਲੈਣ ਦੀ ਲੋੜ ਪੈ ਸਕਦੀ ਹੈ।

ਟਰੰਪ ਦਾ ਇਮੀਗ੍ਰੇਸ਼ਨ ਬਾਰੇ ਰੁਖ਼ ਉਨ੍ਹਾਂ ਦੀਆਂ ਚੋਣ ਰੈਲੀਆਂ ਦਾ ਕੇਂਦਰੀ ਵਿਸ਼ਾ ਸੀ। ਅਨੁਮਾਨਾਂ ਅਨੁਸਾਰ, ਅਮਰੀਕਾ ਵਿਚ ਲਗਭਗ 83 ਲੱਖ ਗੈਰ-ਦਸਤਾਵੇਜ਼ੀ ਕਰਮਚਾਰੀ ਹਨ। ਇੰਨੇ ਵੱਡੇ ਪੱਧਰ 'ਤੇ ਕਰਮਚਾਰੀਆਂ ਨੂੰ ਹਟਾਉਣ ਨਾਲ ਉਤਪਾਦਕਤਾ ਵਿਚ ਕਮੀ ਆਵੇਗੀ। ਕੰਪਨੀਆਂ ਨੂੰ ਨਵੇਂ ਕਾਮਿਆਂ ਦੀ ਭਰਤੀ ਅਤੇ ਸਿਖਲਾਈ ਕਾਰਨ ਵਧੇ ਹੋਏ ਖਰਚਿਆਂ ਦਾ ਸਾਹਮਣਾ ਕਰਨਾ ਪਵੇਗਾ ਜਿਸ ਨਾਲ ਖਪਤਕਾਰਾਂ ਲਈ ਉੱਚੀਆਂ ਕੀਮਤਾਂ ਹੋਣਗੀਆਂ।

ਵਿਸ਼ਵ 'ਤੇ ਆਰਥਿਕ ਪ੍ਰਭਾਵ

ਟਰੰਪ ਦੀ ਵਾਪਸੀ ਦੁਨੀਆ ਵਿਚ ਵਪਾਰ ਯੁੱਧ ਅਤੇ ਸੁਰੱਖਿਆਵਾਦ ਨੂੰ ਸੁਰਜੀਤ ਕਰ ਸਕਦੀ ਹੈ। ਦਰਾਮਦਾਂ 'ਤੇ ਵੱਧ ਟੈਕਸ ਕਾਰਨ ਵਿਸ਼ਵ ਵਪਾਰ ਨੂੰ ਨੁਕਸਾਨ ਪਹੁੰਚੇਗਾ, ਖਾਸ ਤੌਰ 'ਤੇ ਉਹ ਉਦਯੋਗ ਜੋ ਕੱਚੇ ਮਾਲ ਲਈ ਕੌਮਾਂਤਰੀ ਸਪਲਾਈ 'ਤੇ ਨਿਰਭਰ ਹਨ। ਸੁਰੱਖਿਆਵਾਦੀ ਨੀਤੀ ਦੂਜੇ ਦੇਸ਼ਾਂ ਨੂੰ ਵੀ ਜਵਾਬੀ ਕਾਰਵਾਈ ਲਈ ਭੜਕਾ ਸਕਦੀ ਹੈ ਜਿਸ ਨਾਲ ਵਿਸ਼ਵ ਵਪਾਰ ਯੁੱਧ ਸ਼ੁਰੂ ਹੋ ਸਕਦਾ ਹੈ। ਟਰੰਪ ਦੀਆਂ ਆਰਥਿਕ ਨੀਤੀਆਂ ਡਾਲਰ ਨੂੰ ਕਮਜ਼ੋਰ ਕਰਨ ਦੀ ਥਾਂ ਉਸ ਨੂੰ ਹੋਰ ਮਜ਼ਬੂਤ ਕਰ ਸਕਦੀਆਂ ਹਨ ਜਿਸ ਕਾਰਨ ਵਿਸ਼ਵ ਦੀਆਂ ਹੋਰ ਮੁਦਰਾਵਾਂ ਦੇ ਮੁੱਲ ਵਿਚ ਕਮੀ ਆ ਸਕਦੀ ਹੈ ਜੋ ਬਾਕੀ ਮੁਲਕਾਂ ਵਿਚ ਦਰਾਮਦਾਂ ਨੂੰ ਹੋਰ ਮਹਿੰਗਾ ਬਣਾ ਸਕਦਾ ਹੈ। ਉੱਚੀਆਂ ਲਾਗਤਾਂ 'ਤੇ ਦਰਮਦਾਂ ਹੋਣ ਕਾਰਨ ਵਸਤਾਂ ਦੀ ਮੰਗ ਘਟ ਸਕਦੀ ਹੈ ਜਿਸ ਨਾਲ ਵਿਸ਼ਵ ਵਪਾਰ ਅਤੇ ਆਰਥਿਕ ਵਿਕਾਸ ਪ੍ਰਭਾਵਿਤ ਹੋਵੇਗਾ। ਸਭ ਤੋਂ ਵੱਧ ਨੁਕਸਾਨ ਉਨ੍ਹਾਂ ਮੁਲਕਾਂ ਦਾ ਹੋਵੇਗਾ ਜਿਨ੍ਹਾਂ ਨੇ ਕਰਜ਼ੇ ਅਮਰੀਕੀ ਡਾਲਰ ਵਿਚ ਮੋੜਨੇ ਹਨ। ਟਰੰਪ ਦੀਆਂ ਨੀਤੀਆਂ ਵਿਚ ਅਨਿਸ਼ਚਿਤਤਾ ਕਾਰਨ ਸ਼ੇਅਰ ਬਾਜ਼ਾਰ ਅਸਥਿਰ ਰਹਿ ਸਕਦੇ ਹਨ, ਇਉਂ ਨਿਵੇਸ਼ਕਾਂ ਲਈ ਕੋਈ ਵੀ ਫੈਸਲੇ ਕਰਨੇ ਚੁਣੌਤੀਪੂਰਨ ਹੋਣਗੇ।

ਭਾਰਤ 'ਤੇ ਆਰਥਿਕ ਪ੍ਰਭਾਵ

ਟਰੰਪ ਦੀ ਸੁਰੱਖਿਆਵਾਦੀ ਪਹੁੰਚ ਭਾਰਤੀ ਆਈ.ਟੀ. ਅਤੇ ਫਾਰਮਾ ਖੇਤਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। 'ਚੀਨ+1' ਨੀਤੀ ਤਹਿਤ ਅਮਰੀਕਾ ਦਾ ਟੀਚਾ ਭਾਵੇਂ ਚੀਨ 'ਤੇ ਨਿਰਭਰਤਾ ਘਟਾਉਣਾ ਹੈ ਤੇ ਸਿਧਾਂਤਕ ਤੌਰ 'ਤੇ ਭਾਰਤ ਤੇ ਹੋਰ ਏਸ਼ਿਆਈ ਮੁਲਕਾਂ ਨੂੰ ਇਸ ਤਬਦੀਲੀ ਦਾ ਲਾਭ ਵੀ ਮਿਲ ਸਕਦਾ ਹੈ ਪਰ ਇਸ ਲੜਾਈ ਵਿਚ ਚੀਨ ਬਿਨਾਂ ਲੜੇ ਹਾਰ ਸਵੀਕਾਰ ਨਹੀਂ ਕਰ ਸਕਦਾ। ਚੀਨ ਆਪਣੀ ਡਿੱਗਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਵਿਸ਼ਾਲ ਪ੍ਰੋਤਸਾਹਨ ਪੈਕੇਜ ਐਲਾਨ ਕੇ ਸੰਭਾਵੀ ਆਰਥਿਕ ਪ੍ਰਭਾਵ ਦਾ ਮੁਕਾਬਲਾ ਕਰ ਸਕਦਾ ਹੈ। ਖ਼ਬਰਾਂ ਅਨੁਸਾਰ, ਵਰਤਮਾਨ ਵਿਚ ਚੀਨ 10 ਟ੍ਰਿਲੀਅਨ ਯੂਆਨ ਦੇ ਵਿੱਤੀ ਪੈਕੇਜ 'ਤੇ ਵਿਚਾਰ ਕਰ ਰਿਹਾ ਹੈ। ਚੀਨ ਵੀ ਬਰਾਮਦਾਂ ਵਧਾਉਣ ਖਾਤਰ ਆਪਣੀ ਮੁਦਰਾ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ, ਜ਼ਰੂਰੀ ਸਮੱਗਰੀ ਦੀਆਂ ਬਰਾਮਦਾਂ ਨੂੰ ਸੀਮਤ ਕਰ ਸਕਦਾ ਹੈ ਅਤੇ ਰਣਨੀਤਕ ਤੌਰ 'ਤੇ ਅਮਰੀਕੀ ਦਰਾਮਦਾਂ 'ਤੇ ਟੈਕਸ ਲਗਾ ਸਕਦਾ ਹੈ। ਚੀਨ ਦੇ ਇਹ ਰਣਨੀਤਕ ਉਪਾਅ ਸੰਭਾਵੀ ਤੌਰ 'ਤੇ ਭਾਰਤ ਤੋਂ ਵਿਸ਼ਵ ਆਰਥਿਕ ਪਾਵਰਹਾਊਸ ਬਣਨ ਦਾ ਮੌਕਾ ਖੋਹ ਸਕਦੇ ਹਨ। ਟਰੰਪ ਦੇ ਰਾਸ਼ਟਰਪਤੀ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਜਦੋਂ ਚੀਨ ਦੀ ਸਰਕਾਰ ਤੇ ਕੇਂਦਰੀ ਬੈਂਕ ਨੇ ਉੱਥੇ ਪ੍ਰੋਤਸਾਹਨ ਪੈਕੇਜਾਂ ਦਾ ਐਲਾਨ ਕੀਤਾ, ਭਾਰਤ ਦੇ ਵਿੱਤੀ ਖੇਤਰ ਵਿਚ ਭੂਚਾਲ ਆ ਗਿਆ। ਅਕਤੂਬਰ ਅਤੇ ਨਵੰਬਰ 2024 ਦੇ ਮਹੀਨਿਆਂ ਦੌਰਾਨ ਭਾਰਤੀ ਸ਼ੇਅਰ ਬਾਜ਼ਾਰ ਵਿਚੋਂ ਵਿਦੇਸ਼ੀ ਸੰਸਥਾਈ ਨਿਵੇਸ਼ਕਾਂ ਦੁਆਰਾ ਵੱਡੀ ਰਕਮ ਭਾਰਤ ਵਿਚੋਂ ਕੱਢ ਕੇ ਚੀਨ ਦੇ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਕੀਤੀ ਗਈ ਹੈ। 'ਚੀਨ+1' ਵਰਗੀਆਂ ਨੀਤੀਆਂ ਤੋਂ ਲਾਭ ਲੈਣ ਲਈ, ਭਾਰਤ ਨੂੰ ਵੀ ਆਪਣੀਆਂ ਨੀਤੀਆਂ ਨੂੰ ਉਸ ਦੇ ਅਨੁਸਾਰ ਲਾਗੂ ਕਰਨ ਦੀ ਲੋੜ ਹੈ।

ਜਿਵੇਂ ਉਪਰ ਚਰਚਾ ਕੀਤੀ ਗਈ ਹੈ ਕਿ ਮਜ਼ਬੂਤ ਡਾਲਰ, ਭਾਰਤੀ ਰੁਪਏ 'ਤੇ ਵੱਡਾ ਦਬਾਅ ਜਾਰੀ ਰੱਖ ਸਕਦਾ ਹੈ ਜਿਸ ਦੇ ਨਤੀਜੇ ਵਜੋਂ ਦਰਾਮਦਾਂ ਮਹਿੰਗੀਆਂ ਹੋ ਸਕਦੀਆਂ ਹਨ। ਇਸ ਨਾਲ ਉਤਪਾਦਨ ਦੀ ਲਾਗਤ ਵਧ ਸਕਦੀ ਹੈ, ਖਪਤਕਾਰਾਂ ਲਈ ਮਹਿੰਗਾਈ ਵਧ ਸਕਦੀ ਹੈ ਅਤੇ ਭਾਰਤੀ ਕੇਂਦਰੀ ਬੈਂਕ ਲਈ ਮਹਿੰਗਾਈ ਦਾ ਪ੍ਰਬੰਧਨ ਕਰਨਾ ਔਖਾ ਹੋ ਸਕਦਾ ਹੈ। ਇਸ ਤੋਂ ਇਲਾਵਾ ਆਮ ਲੋਕਾਂ ਅਤੇ ਕਾਰੋਬਾਰੀਆਂ ਨੂੰ ਲੰਮੇ ਸਮੇਂ ਲਈ ਮੌਜੂਦਾ ਕਰਜ਼ਿਆਂ 'ਤੇ ਉੱਚੀਆਂ ਕਿਸ਼ਤਾਂ ਅਦਾ ਕਰਦੇ ਰਹਿਣ ਦਾ ਵੀ ਖ਼ਦਸ਼ਾ ਹੈ। ਕਾਰੋਬਾਰੀਆਂ ਅਤੇ ਕਾਰਪੋਰੇਟ ਖੇਤਰ ਨੂੰ ਵੱਧ ਵਿਆਜ ਦਰਾਂ 'ਤੇ ਕਰਜ਼ੇ ਬੇਰੁਜ਼ਗਾਰੀ ਦੀ ਸਮੱਸਿਆ ਤੇ ਠੱਲ੍ਹ ਨਹੀਂ ਪੈਣ ਦੇ ਸਕਦੇ ਜਿਸ ਨਾਲ ਵੱਡੇ ਤੌਰ 'ਤੇ ਭਾਰਤੀ ਆਰਥਿਕ ਵਿਕਾਸ ਕਮਜ਼ੋਰ ਰਹਿ ਸਕਦਾ ਹੈ।

ਇਸ ਪ੍ਰਕਾਰ ਟਰੰਪ ਦੀਆਂ ਪੂਰਵ-ਅਨੁਮਾਨਿਤ ਆਰਥਿਕ ਨੀਤੀਆਂ ਦਾ ਨਾ ਸਿਰਫ਼ ਅਮਰੀਕੀ ਅਰਥਚਾਰੇ 'ਤੇ ਸਗੋਂ ਪੂਰੀ ਦੁਨੀਆ 'ਤੇ ਵੱਡਾ ਪ੍ਰਭਾਵ ਪੈਣ ਦਾ ਖ਼ਦਸ਼ਾ ਹੈ।

---

# ਹੱਥਾਂ ਦੀਆਂ ਲਕੀਰਾਂ

ਸਾਡਾ ਪਿੱਛਾ ਭਿੰਡਰ ਕਲਾਂ ਦਾ ਹੈ। ਬਾਬਾ ਲਾਲਾ ਲੱਭੂ ਰਾਮ ਮਲਾਇਆ ਖੱਟੀ ਕਰ ਕੇ ਲਿਆਇਆ ਸੀ। ਪਿੰਡ ਵਿਚ ਉਹ ਅਤੇ ਤਾਇਆ ਹੰਸ ਰਾਜ ਗਹਿ ਗੱਡਵੀਂ ਦੁਕਾਨ ਕਰਦੇ ਸਨ। ਸਾਡਾ ਪਿਤਾ ਅਤੇ ਬਾਬਾ ਤਾਂ ਡਰੂ ਸੁਭਾਅ ਦੇ ਸਨ ਪਰ ਤਾਇਆ ਗੰਡਾਸੀ ਰੱਖਦਾ ਸੀ।

ਉਨ੍ਹਾਂ ਪਿੰਡਾਂ ਵਿਚ ਅਰਜਨ ਸਲ੍ਹੀਣੇ ਵਾਲਾ ਵਿਚੋਲਾ ਹੁੰਦਾ ਸੀ। ਉਹ ਸਾਡੇ ਪਿਤਾ ਲਈ

**ਜਸਬੀਰ ਢੰਡ**
**ਫੋਨ:+91-94172-87399**

ਰਿਸ਼ਤਾ ਲੈ ਕੇ ਆਇਆ। ਮੇਰੇ ਨਾਨਕੇ ਚਾਵਾ ਪਾਇਲ ਦੇ ਹਨ। ਬਾਬੇ ਨੂੰ ਰਿਸ਼ਤੇ ਲਈ ਕੀ ਇਤਰਾਜ਼ ਹੋਣਾ ਸੀ ਪਰ ਨਾਨੇ ਨੇ ਸਿਰ ਮਾਰ ਦਿੱਤਾ- 'ਅਸੀਂ ਪਿੰਡ ਵਿਚ ਕੁੜੀ ਨਹੀਂ ਵਿਆਹੁਣੀ।' ਚਲੋ, ਗੱਲ ਆਈ ਗਈ ਹੋ ਗਈ।

ਉਨ੍ਹੀਂ ਦਿਨੀਂ ਪਿੰਡਾਂ ਵਿਚ ਡਾਕੇ ਪਿਆ ਕਰਦੇ। ਡਾਕੂ ਦਿਨੇ ਘੋੜਿਆਂ 'ਤੇ ਬੰਦੂਕਾਂ ਲੈ ਕੇ ਆਉਂਦੇ, ਲਲਕਾਰਾ ਮਾਰਦੇ ਤਾਂ ਸਾਰਾ ਪਿੰਡ ਸੁੱਸਰੀ ਵਾਂਗ ਸੌਂ ਜਾਂਦਾ। ਪਿਛਲੇ ਡਾਕੇ ਤੋਂ ਬਾਅਦ ਪਿੰਡ ਵਿਚ ਇਹ ਗੱਲ ਫੈਲ ਗਈ ਕਿ ਅਗਲਾ ਡਾਕਾ ਲੱਭੂ ਰਾਮ ਦੇ ਪੈਣਾ ਹੈ। ਬਾਬਾ ਡਰ ਗਿਆ। ਪਿੰਡ ਛੱਡ ਕੇ ਮੋਗੇ ਵਸਣ ਦਾ ਫੈਸਲਾ ਹੋ ਗਿਆ, ਭਾਵੇਂ ਤਾਇਆ ਆਖਦਾ ਰਿਹਾ ਬਈ ਏਨਾ ਡਰਨ ਦੀ ਲੋੜ ਨਹੀਂ। ਇੱਕ ਰਾਤ ਸਮਾਨ ਗੱਡਿਆਂ 'ਤੇ ਲੱਦਿਆ ਤੇ ਮੋਗੇ ਆ ਡੇਰੇ ਲਾਏ।

ਮੁੱਖ ਬਜ਼ਾਰ ਵਿਚ ਰੇਲਵੇ ਸਟੇਸ਼ਨ ਨੇੜੇ ਦੋ ਦੁਕਾਨਾਂ ਕਰ ਲਈਆਂ। ਤਾਏ ਹੰਸ ਰਾਜ ਦੀ ਬਜਾਜੀ ਦੀ ਤੇ ਪਿਤਾ ਦੀ ਪੰਸਾਰੀ ਦੀ। ਬਾਬਾ ਸਾਡਾ ਸਾਂਝਾ ਜਿਸ ਨੂੰ ਲੋੜ ਹੁੰਦੀ, ਬਿਠਾ ਲੈਂਦਾ।

ਜ਼ਿੰਦਗੀ ਆਰਾਮ ਨਾਲ ਬਸਰ ਹੋ ਰਹੀ ਸੀ ਕਿ ਦੇਸ਼ ਦੀ ਵੰਡ ਨਾਲ ਭਿਆਨਕ ਹੱਲੇ-ਗੁੱਲੇ ਆਰੰਭ ਹੋ ਗਏ। ਫਿਰਕੂ ਦੰਗੇ ਹੋਣ ਲੱਗ ਪਏ। ਪਾਕਿਸਤਾਨ ਵੱਲੋਂ ਰੇਲਵੇ ਸਟੇਸ਼ਨ 'ਤੇ ਵੱਢੀਆਂ-ਟੁੱਕੀਆਂ ਲਹੂ ਲੁਹਾਣ ਲਾਸ਼ਾਂ ਲੋਕ ਦੇਖਣ ਆਉਂਦੇ। ਸਾਡਾ ਪਿਤਾ ਤਾਂ ਨਹੀਂ ਜਾਂਦਾ ਸੀ ਪਰ ਤਾਇਆ ਹੰਸ ਰਾਜ ਲਾਸ਼ਾਂ ਦੇਖਣ ਚਲਾ ਜਾਂਦਾ। ਸ਼ਹਿਰ ਵਿਚ ਹੈਜ਼ਾ ਫੈਲ ਗਿਆ। ਤਾਏ ਨੂੰ ਹੈਜ਼ਾ ਹੋ ਗਿਆ। ਦੋਵੇਂ ਕਲਾਂ ਛੁੱਟ ਗਈਆਂ। ਰਾਤ ਪੈ ਗਈ, ਕੋਈ ਡਾਕਟਰ ਨਾ ਮਿਲਿਆ। ਤਾਇਆ ਰਾਤੋ-ਰਾਤ ਪੂਰਾ ਹੋ ਗਿਆ। ਦੇਸ਼ ਦੀ ਫਿਰਕੂ ਵੰਡ ਨੇ ਹੱਸਦੇ ਵੱਸਦੇ ਘਰ ਦਾ ਕਮਾਊ ਨਿਗਲ ਲਿਆ ਸੀ। ਅਗਲੇ ਸਾਲ ਸਦਮਾ ਨਾ ਸਹਾਰਦਿਆਂ ਬਾਬਾ ਵੀ ਚੱਲ ਵਸਿਆ। ਇੱਕ ਦੁਕਾਨ ਬੰਦ ਹੋ ਗਈ।

ਮਕਾਨ ਵੀ ਕਿਰਾਏ 'ਤੇ ਅਤੇ ਦੁਕਾਨ ਵੀ। ਉਪਰੋਂ ਅਸੀਂ ਸੱਤ ਭੈਣ-ਭਰਾ। ਅੰਨ੍ਹੀ ਦਾਦੀ ਤੇ ਸਹੁਰਿਆਂ ਵੱਲੋਂ ਛੱਡੀ ਪ੍ਰਸਿੰਨੀ ਭੂਆ ਦੀ ਤਪਦਿਕ ਦੀ ਬਿਮਾਰੀ ਦਾ ਖਰਚ। ਬਾਪ ਇਕੱਲਾ ਕਬੀਲਦਾਰੀ ਵਿਚ ਕਦੇ ਕਿਤੇ ਜਾਂਦਾ, ਕਦੇ ਕਿਤੇ; ਦੁਕਾਨ ਬੰਦ ਰਹਿੰਦੀ। ਉਧਾਰ ਮਿਲਣੋਂ ਹਟ ਗਿਆ। ਅਖ਼ੀਰ ਸ਼ਹਿਰ ਛੱਡ ਕੇ ਨਾਨਕੇ ਪਿੰਡ ਰਹਿਣ ਦਾ ਫੈਸਲਾ ਹੋ ਗਿਆ। ਪਹਿਲਾਂ ਪਿੰਡ ਗੱਡਿਆਂ 'ਤੇ ਸ਼ਹਿਰ ਸਮਾਨ ਢੋਇਆ ਸੀ, ਹੁਣ ਸ਼ਹਿਰੋਂ ਪਿੰਡ ਨੂੰ ਟਰੱਕ 'ਤੇ ਰਾਤੋ-ਰਾਤ ਸਮਾਨ ਢੋਅ ਕੇ ਪਿੰਡ ਆ ਡੇਰੇ ਲਾ ਲਏ।

ਪਿੰਡ ਮੂੰਹ-ਕੂਲ ਬਾਪ ਤੋਂ ਲੋਕ ਉਧਾਰ ਲੈ ਜਾਂਦੇ ਤੇ ਮੋੜਨ ਦਾ ਨਾਉਂ ਨਾ ਲੈਂਦੇ। ਅਖ਼ੀਰ ਦੁਕਾਨ ਬੰਦ ਹੋ ਗਈ। ਫਿਰ ਬਾਪ ਦੇ ਪੈਰ ਨਹੀਂ ਲੱਗੇ। ਕਈ ਪਾਪੜ ਵੇਲੇ। ਪਿੰਡ-ਪਿੰਡ ਸਾਈਕਲ 'ਤੇ ਫਿਰ ਕੇ ਸਬਜ਼ੀ ਵੀ ਵੇਚੀ। ਕਦੇ ਆਟੇ ਵਾਲੀ ਚੱਕੀ 'ਤੇ ਲੱਗ ਗਿਆ। ਏਡੀ ਵੱਡੀ ਕਬੀਲਦਾਰੀ ਨਾਲ ਸਾਡੀ ਮਾਂ ਲਟਾ-ਪੀਂਘ ਹੋਈ ਰਹਿੰਦੀ। ਮੈਨੂੰ ਅੱਜ ਵੀ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਦਸ ਸਾਲਾਂ ਵਿਚ ਨਾਨਕਿਆਂ ਵੱਲੋਂ ਕਦੀ ਕੋਈ ਨਾ ਬਹੁੜਿਆ। ਚਾਰ ਮਾਮੇ ਦਿੱਲੀ ਤੇ ਇੱਕ ਵੱਡਾ ਗਾਜ਼ੀਆਬਾਦ ਸੀ। ਨਾ ਕੋਈ ਮਾਸੀ ਨਾ ਮਾਸੜ। ਕਿਸੇ ਨੇ ਕਦੇ ਖ਼ਬਰ ਨਾ ਲਈ ਬਈ ਧੀ ਕਿੱਥੇ, ਕਿਨ੍ਹੀਂ ਹਾਲੀਂ ਹੈ। ਮੈਨੂੰ ਏਨਾ ਕੁ ਯਾਦ ਹੈ ਕਿ ਜਦੋਂ ਦਾਦੀ ਮਰੀ ਸੀ ਤਾਂ ਛੋਟਾ ਮਾਮਾ ਦਿੱਲੀ ਤੋਂ ਭੋਗ ਵਾਲੇ ਦਿਨ ਲੱਡੂਆਂ ਦਾ ਪੀਪਾ ਲੈ ਕੇ ਆਇਆ ਸੀ।

ਸਾਥੋਂ ਕਿਹੜਾ ਨਾਨਕੀਂ ਜਾਇਆ ਜਾਂਦਾ ਸੀ। ਬੱਸ ਇੱਕ ਵਾਰ ਛੋਟੀ ਮਾਸੀ ਤੇ ਮਹਾਰਾਜ ਮਾਮੇ ਦੇ ਵਿਆਹ 'ਤੇ ਜਾਣ ਦੀ ਯਾਦ ਹੈ। ਮਾਸੀ ਦੇ ਵਿਆਹ ਵੇਲੇ ਕੱਪੜੇ ਲੱਤੇ ਤੇ ਸ਼ਗਨ-ਛਮਈਏ ਲਈ ਮਾਂ ਦੇ ਕੰਨ ਦਾ ਇੱਕ ਕਾਂਟਾ ਵੇਚਣਾ ਪਿਆ ਸੀ। ਨਾਨੇ ਨੇ ਤਾਂ ਧੀ ਨੂੰ ਸ਼ਹਿਰ ਵਿਆਹ ਕੇ ਆਪਣਾ ਵਚਨ ਪੂਰਾ ਕਰ ਦਿਖਾਇਆ ਸੀ ਪਰ... 'ਬਿਰਹਾ ਦੇ ਸੁਲਤਾਨ' ਸ਼ਿਵ ਕੁਮਾਰ ਬਟਾਲਵੀ ਨੇ ਸ਼ਾਇਦ ਮਾਂ ਵਾਸਤੇ ਹੀ ਲਿਖਿਆ ਸੀ:

ਕਰਮਾਂ ਦੀ ਮਹਿੰਦੀ ਦਾ ਸੱਜਣਾ,
ਰੰਗ ਕਿਵੇਂ ਦੱਸ ਚੜ੍ਹਦਾ ਵੇ!
ਜੇ ਕਿਸਮਤ ਮਿਰਚਾਂ ਦੇ ਪੱਤਰ,
ਪੀਸ ਤਲੀ 'ਤੇ ਲਾਏ ਵੇ!

# ਸਿੱਖਾਂ ਦੇ ਸੰਦਰਭ ਵਿਚ ਸਮਾਜਿਕ ਮੌਤ ਅਤੇ ਨਸਲਕੁਸ਼ੀ

1947 ਤੋਂ ਲੈ ਕੇ ਹਿੰਦੂਆਂ ਦੀ ਗੁਲਾਮੀ ਦੇ ਦੌਰ ਵਿਚ ਸਿੱਖ ਲਗਾਤਾਰ ਅਨਿਆਂ ਤੇ ਜ਼ੁਲਮ ਦਾ ਸਾਹਮਣਾ ਕਰ ਰਹੇ ਹਨ। ਸਿੱਖਾਂ ਦੀ ਨਿਰੰਤਰ ਨਸਲਕੁਸ਼ੀ ਅੱਜ ਵੀ ਜਾਰੀ ਹੈ। ਗੁਲਾਮੀ ਵਿਚੋਂ ਨਿਕਲੀ ਭਾਰਤੀ ਰਾਸ਼ਟਰਵਾਦੀਆਂ, ਖੱਬੇਪੱਖੀਆਂ ਤੇ ਉਦਾਰਵਾਦੀਆਂ ਦੀ ਬਿਰਤਾਂਤਕ ਹਿੰਸਾ ਕਾਰਨ ਸਿੱਖਾਂ ਨਾਲ ਹੋਈ ਨਸਲਕੁਸ਼ੀ ਨੂੰ ਸਿਰਫ਼ ਸਰੀਰਕ ਹਿੰਸਾ ਤੇ ਮੌਤ ਤੱਕ ਸੀਮਤ ਕੀਤਾ ਜਾਂਦਾ ਹੈ। ਨਸਲਕੁਸ਼ੀ ਨੂੰ ਬੀਤ ਚੁੱਕੇ ਦੀ ਗੱਲ ਕਹਿ ਕੇ ਇਸਨੂੰ ਭੁਲਾ ਕੇ ਸਿੱਖਾਂ ਨੂੰ ਅੱਗੇ ਵਧਣ ਦੀ ਤਾਕੀਦ ਹੀ ਕੀਤੀ ਗਈ ਹੈ। ਇਸ ਤਰ੍ਹਾਂ ਸਿੱਖਾਂ ਨਾਲ ਹੋਏ ਅਨਿਆਂ ਦੀ ਜੜ੍ਹ ਨੂੰ ਨਹੀਂ ਫੜਿਆ ਜਾ ਸਕਦਾ।

**ਡਾ. ਪ੍ਰਭਜੋਤ ਕੌਰ**
ਈ-ਮੇਲ:
kaur_econoimcs1384@yahoo.com

ਸਾਨੂੰ ਨਸਲਕੁਸ਼ੀ ਦੀ ਪਰਿਭਾਸ਼ਾ ਨੂੰ ਲੈ ਕੇ ਡੂੰਘਾ ਅਧਿਐਨ ਕਰਨ ਦੀ ਲੋੜ ਹੈ।

ਕਲੌਡੀਆ ਕਾਰਡ, ਅਮਰੀਕਨ ਫ਼ਿਲਾਸਫ਼ਰ ਤੇ ਪ੍ਰੋਫੈਸਰ, ਅਨੁਸਾਰ, ਨਸਲਕੁਸ਼ੀ ਸਿਰਫ਼ ਅਨਿਆਂ ਹੀ ਨਹੀਂ, ਬਲਕਿ ਜ਼ੁਲਮ ਦੀ ਅੱਤ ਹੈ। ਲੋਕਾਂ ਨੂੰ ਸਿਰਫ਼ ਇਸ ਲਈ ਨਿਸ਼ਾਨਾ ਨਹੀਂ ਬਣਾਇਆ ਜਾਂਦਾ ਕਿ ਉਨ੍ਹਾਂ ਨੇ ਕੀ ਕੀਤਾ ਹੈ ਸਗੋਂ ਇਸ ਲਈ ਕਿ ਉਹ ਕੌਣ ਹਨ। ਉਹ ਦੱਸਦੀ ਹੈ ਕਿ ਸਮਾਜਿਕ ਮੌਤ ਨਸਲਕੁਸ਼ੀ ਦਾ ਧੁਰਾ ਹੈ। ਸਮਾਜਿਕ ਮੌਤ ਦਾ ਭਾਵ ਹੈ ਕਿ ਸਮਾਜਿਕ ਸੰਸਥਾਵਾਂ, ਰਿਸ਼ਤਿਆਂ ਅਤੇ ਉਨ੍ਹਾਂ ਢਾਂਚਿਆਂ ਨੂੰ ਖ਼ਤਮ ਕਰਨਾ ਜੋ ਇਕ ਕੌਮ ਨੂੰ ਵਿਲੱਖਣ ਅਰਥ ਅਤੇ ਪਛਾਣ ਨੂੰ ਪਰਿਭਾਸ਼ਤ ਕਰਨ ਅਤੇ ਸੁਚੱਜੇ ਤਰੀਕੇ ਨਾਲ ਵਧਣ-ਫੁੱਲਣ ਵਿਚ ਸਹਾਈ ਹੁੰਦੇ ਹਨ।

ਨਸਲਕੁਸ਼ੀ ਜ਼ੁਲਮ ਦੀ ਅੱਤ ਇਸੇ ਲਈ ਹੈ ਕਿ ਇਕ ਸਮਾਜਿਕ ਤਾਣੇ-ਬਾਣੇ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਦਾ ਅਸਰ ਪੀੜਤ ਕੌਮਾਂ ਦੇ ਬਾਸ਼ਿੰਦਿਆਂ, ਪਰਿਵਾਰਕ, ਸੱਭਿਆਚਾਰਕ, ਧਾਰਮਿਕ ਰਿਸ਼ਤਿਆਂ 'ਤੇ ਪੈਂਦਾ ਹੈ। ਇਹ ਰਿਸ਼ਤੇ ਤੇ ਢਾਚੇ ਹੀ ਸਮਾਜ ਦੀ ਰੂਹ ਨੂੰ ਚਲਾਉਣ ਵਿਚ ਸਹਾਈ ਹੁੰਦੇ ਹਨ।

ਕਾਰਡ ਅਨੁਸਾਰ ਸਮਾਜਿਕ ਸਜੀਵਤਾ (Social Vitality) ਇਕ ਕੌਮ ਦੀ ਰੂਹ ਹੁੰਦੀ ਹੈ ਜੋ ਕੌਮ ਦੇ ਬਾਸ਼ਿੰਦਿਆਂ ਨੂੰ ਆਪਣੇਪਨ ਦਾ ਅਹਿਸਾਸ, ਕੌਮਾਂ ਜੀਵਨ ਜੀਣ ਦੇ ਸੱਚੇ ਸੁੱਚੇ ਉਦੇਸ਼ ਅਤੇ ਇਕ ਵਿਲੱਖਣ ਪਛਾਣ ਦਿੰਦੀ ਹੈ। ਸਮਾਜਿਕ ਮੌਤ ਕਾਰਨ ਵਿਅਕਤੀ ਇਨ੍ਹਾਂ ਅਤਿ ਲੋੜੀਂਦੇ ਸੰਬੰਧਾਂ ਦੀ ਘਾਟ ਨੂੰ ਅਨੁਭਵ ਕਰਦੇ ਹਨ, ਜਿਸ ਨਾਲ ਹੋਂਦ ਦੇ ਸੰਕਟ ਦਾ ਜਨਮ ਹੁੰਦਾ ਹੈ ਅਤੇ ਜੀਵਨ ਦੇ ਸੱਚੇ-ਸੁੱਚੇ ਅਹਿਸਾਸਾਂ ਦੀ ਅਣਹੋਂਦ ਅਤੇ ਉਚੇ ਅਰਥਾਂ ਦੀ ਕਮੀ ਮਹਿਸੂਸ ਹੁੰਦੀ ਹੈ।

ਕਾਰਡ ਦੇ ਅਨੁਸਾਰ ਸਮਾਜਿਕ ਮੌਤ ਨੂੰ ਨਸਲਕੁਸ਼ੀ ਦੇ ਕੇਂਦਰ ਵਿਚ ਰੱਖ ਕੇ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਨਸਲਕੁਸ਼ੀ ਬਾਕੀ ਅਪਰਾਧਾਂ ਨਾਲੋਂ ਵੱਖਰੀ ਅਤੇ ਸੰਗੀਨ ਕਿਉਂ ਹੈ - ਕਿਉਂਕਿ ਇਹ ਕੌਮ ਦੇ ਬੁਨਿਆਦੀ ਤੱਤਾਂ ਨੂੰ ਖਤਮ ਕਰਦੀ ਹੈ - ਜੋ ਕਿ ਕੌਮ ਦੇ ਵਧਣ-ਫੁੱਲਣ ਅਤੇ ਜੀਵੰਤ ਅਹਿਸਾਸ ਪੈਦਾ ਕਰਨ ਲਈ ਜ਼ਰੂਰੀ ਹੁੰਦੇ ਹਨ।

**ਸਮਾਜਿਕ ਮੌਤ, ਨਸਲਕੁਸ਼ੀ ਅਤੇ ਸਿੱਖਾਂ ਦਾ ਅਨੁਭਵ:**

ਜੇਕਰ ਉਪਰੋਕਤ ਸਭ ਗੱਲਾਂ ਨੂੰ ਭਾਰਤੀ ਹਿੰਦੂ ਰਾਜ ਦੇ ਅੰਦਰ ਸਿੱਖਾਂ ਦੇ ਸੰਦਰਭ ਵਿਚ ਵੇਖੀਏ ਤਾਂ ਸਮਝ ਆਉਂਦਾ ਹੈ ਕਿ ਸਿੱਖਾਂ 'ਤੇ ਹੋ ਰਹੇ ਜ਼ੁਲਮ ਦੀ ਜੜ੍ਹ ਕਿੱਥੇ ਲੱਗੀ ਹੈ। ਭਾਰਤ ਨੇ ਆਪਣੀ ਆਜ਼ਾਦੀ ਦੇ 7 ਹਫ਼ਤਿਆਂ ਬਾਅਦ ਹੀ ਇਕ ਸਰਕੂਲਰ ਜਾਰੀ ਕਰ ਕੇ ਸਿੱਖਾਂ ਨੂੰ 'ਜਰਾਇਮ ਪੇਸ਼ਾ' ਕੌਮ ਕਿਹਾ। ਫਿਰ ਭਾਰਤੀ ਸੰਵਿਧਾਨ ਅੰਦਰ ਆਰਟੀਕਲ 25 ਬੀ ਦੇ ਅੰਦਰ ਸਿੱਖਾਂ ਦੀ ਅੱਡਰੀ ਹਸਤੀ ਤੋਂ ਮੁਨਕਰ ਹੋ ਕਿ ਸਿੱਖਾਂ ਨੂੰ ਨਿੱਜੀ ਕਾਨੂੰਨ ਤੋਂ ਵਾਂਝੇ ਅਤੇ ਹਿੰਦੂ ਐਕਟ ਅੰਦਰ ਵਿਆਹ, ਮੌਤ ਅਤੇ ਹੋਰ ਚੀਜ਼ਾਂ ਰਜਿਸਟਰ ਕਰਨ ਲਈ ਮਜਬੂਰ ਕੀਤਾ। ਸਮਾਜਿਕ ਮੌਤ ਦਾ ਕੰਮ ਤੇ 1947 ਤੋਂ ਹੀ ਸ਼ੁਰੂ ਹੋ ਗਿਆ ਸੀ -ਸਿੱਖਾਂ ਦੀ ਵਿਲੱਖਣਤਾ ਨੂੰ ਮਿਟਾ ਕੇ ਆਪਣੇ ਤਰੀਕੇ ਨਾਲ ਪਰਿਭਾਸ਼ਤ ਕਰਨਾ, ਮੂਲ ਅਧਿਕਾਰਾਂ ਤੋਂ ਵਾਂਝੇ ਰੱਖਣਾ। ਇਸ ਸਭ ਨਾਲ ਪੀੜ੍ਹਤ ਕੌਮ ਨੂੰ ਸਮਾਜ ਨਾਲੋਂ ਅਲੱਗ ਕਰ ਕੇ ਵੇਖਿਆ ਜਾਂਦਾ ਹੈ ਅਤੇ ਇਹ ਹੀ ਸਮਾਜਿਕ ਮੌਤ ਹੈ।

ਬਿਪਰਵਾਦੀ ਸਰਕਾਰ ਨੇ ਸਿੱਖ ਗੁਰਦੁਆਰਿਆਂ ਦੀ ਸਿਰਮੌਰ ਸੰਸਥਾ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਵੀ ਸਿੱਖਾਂ ਦੀਆਂ ਮਹੱਤਵਪੂਰਨ ਸੰਸਥਾਵਾਂ ਵਿਚ ਸਿੱਧੇ ਅਸਿੱਧੇ ਤੌਰ 'ਤੇ ਕਬਜ਼ਾ ਹੋ ਕੇ ਇਹੋ ਜਿਹੇ ਪ੍ਰਚਾਰਕ ਪੈਦਾ ਕਰ ਦਿੱਤੇ ਹਨ, ਜੋ ਸਿੱਖੀ ਦੀ ਨਿਰੋਲ ਸਿਧਾਂਤਕ ਪ੍ਰਚਾਰ ਕਰਨ ਦੀ ਬਜਾਏ ਸਿੱਖੀ ਦੀ ਸਨਾਤਨਵਾਦੀ, ਬਿਪਰਵਾਦੀ ਵਿਆਖਿਆ ਕਰਦੇ ਹਨ। ਸਾਡੇ ਬੁਨਿਆਦੀ ਢਾਂਚਿਆਂ ਨੂੰ ਖ਼ਤਮ ਕਰ ਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਜਾਣ ਵਾਲੇ ਗਿਆਨ-ਪ੍ਰਬੰਧਾਂ, ਅਧਿਆਤਮਕ ਕਦਰਾਂ-ਕੀਮਤਾਂ, ਸਮਾਜਿਕ ਰਿਸ਼ਤਿਆਂ ਨੂੰ ਖੋਰਾ ਲਾਉਣਾ ਹੀ ਸਮਾਜਿਕ ਮੌਤ ਹੈ। ਇਸ ਤਰ੍ਹਾਂ ਹੀ ਅਗਲੀ ਪੀੜ੍ਹੀ ਵਿਚ ਜਾਣ ਵਾਲੀ ਸਿੱਖੀ ਦੀ ਵਿਆਖਿਆ, ਸਮਝ ਦੀ ਲੜੀ ਟੁੱਟਦੀ ਹੈ ਤੇ ਨਵੀਆਂ ਪੀੜ੍ਹੀਆਂ ਦੇ ਗੁਰੂ ਦੇ ਆਦਰਸ਼ਾਂ ਤੇ ਸਿਧਾਂਤਾਂ ਤੋਂ ਦੂਰ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ। ਸਿੱਖਾਂ ਦੇ ਗੁਰੂ ਨਾਲ ਪਵਿੱਤਰ ਰਿਸ਼ਤੇ ਵਿਚੋਂ ਜੋ ਜ਼ਿੰਦਗੀ ਦੇ ਸਭ ਵਰਤਾਰਿਆਂ ਨੂੰ ਸਮਝਣ, ਵਿਦਰੋਹ ਕਰਨ, ਸਮਾਜ ਨੂੰ ਸਿੱਖ ਨਜ਼ਰੀਏ ਤੋਂ ਕੁੱਝ ਨਵਾਂ ਦੇਣ ਦੀ ਸਮਰੱਥਾ ਨੂੰ ਖ਼ਤਮ ਕਰਨਾ ਹੀ ਸਮਾਜਿਕ ਮੌਤ ਹੈ - ਜੋ ਕਿ ਸਿੱਖ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ।

ਦਿੱਲੀ ਵਿਚ ਅਨੇਕਾਂ ਉਦਾਹਰਨਾਂ ਹਨ ਕਿ ਨਵੰਬਰ 1984 ਨੂੰ ਸਿੱਖਾਂ ਦੇ ਪੂਰੇ ਪਰਿਵਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ। ਪਰਿਵਾਰ ਦੇ ਬੰਦਿਆਂ ਨੂੰ ਮਾਰਨ ਤੋਂ ਪਹਿਲਾਂ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੀਆਂ ਜਨਾਨੀਆਂ ਨੂੰ ਨਿਰ-ਵਸਤਰ ਕੀਤਾ, ਫਿਰ ਉਨ੍ਹਾਂ ਨਾਲ ਪਿਉ, ਭਰਾਵਾਂ ਸਾਹਮਣੇ ਬਲਾਤਕਾਰ ਕੀਤੇ ਗਏ। ਇਹ ਸਭ ਕੀ ਹੈ? ਮਾਰਨਾ ਤੇ ਹੈ ਹੀ ਪਰ ਮਾਰਨ ਤੋਂ ਪਹਿਲਾਂ ਉਨ੍ਹਾਂ ਨੂੰ ਜ਼ਲਾਲਤ ਦਾ ਅਹਿਸਾਸ ਕਰਾਉਣਾ, ਜਿੰਨਾ ਹੋ ਸਕੇ ਅਣਮਨੁੱਖੀ ਤਸ਼ੱਦਦ ਤੇ ਅਪਮਾਨ ਕਰਨਾ (dehumanize) ਕਰਨਾ। ਮਾਰਨ ਤੋਂ ਪਹਿਲਾਂ ਉਨ੍ਹਾਂ ਦੀ ਰੂਹ ਨੂੰ ਠੇਸ ਪਹੁੰਚਾਉਣੀ। ਮਾਰਨ ਲਈ ਉਨ੍ਹਾਂ ਦੇ ਗਲਾਂ ਵਿਚ ਟਾਇਰ ਪਾ ਕੇ, ਮਿੱਟੀ ਦਾ ਤੇਲ ਪਾ ਕੇ, ਤੜਫਦਿਆਂ ਦੇਖ ਕੇ ਖੁਸ਼ ਹੋਣਾ। ਇਸ ਤੋਂ ਘਿਨੌਣਾ



ਹੋਰ ਕੀ ਹੋ ਸਕਦਾ ਹੈ? ਸਿੱਖਾਂ ਨੂੰ ਮਾਰਨ ਤੋਂ ਪਹਿਲਾਂ ਉਨ੍ਹਾਂ ਦੇ ਕੇਸ ਕੱਟਣੇ ਤੇ ਸੜਕਾਂ 'ਤੇ ਖਲਾਰ ਕੇ ਬੇਅਦਬੀ ਕਰਨੀ। ਸਿੱਖ ਲਈ ਕੇਸ ਗੁਰੂ ਦੀ ਮੋਹਰ ਤੇ ਸਭ ਤੋਂ ਪਵਿੱਤਰ ਹਨ। ਸਿੱਖਾਂ ਦਾ ਹਰ ਪਵਿੱਤਰ ਅਹਿਸਾਸ, ਭਾਵੇਂ ਉਹ ਪਰਵਾਰਿਕ ਰਿਸ਼ਤੇ ਹੋਣ, ਧਾਰਮਿਕ ਚਿੰਨ੍ਹ ਹੋਣ, ਭਾਵਨਾਵਾਂ ਹੋਣ - ਪਹਿਲਾਂ ਸਭ ਨੂੰ ਖ਼ਤਮ ਕੀਤਾ ਤੇ ਫਿਰ ਸਿੱਖਾਂ ਨੂੰ ਸਰੀਰਕ ਰੂਪ ਵਿਚ ਖ਼ਤਮ ਕੀਤਾ ਗਿਆ। ਇਸ ਜ਼ੁਲਮ ਨੂੰ ਸਿਰਫ਼ ਸਰੀਰਕ ਮੌਤ ਤੱਕ ਦੇਖਣਾ ਤੇ ਸਮਝਣਾ ਇਨਸਾਫ ਨਹੀਂ।

**ਸਮਾਜਿਕ ਮੌਤ ਅਤੇ ਮਨੋਵਿਗਿਆਨਕ ਦਬਾਅ**

ਇਹ ਸਭ ਅੱਜ ਵੀ ਜਾਰੀ ਹੈ। 2024 ਦੇ ਕਿਸਾਨ ਮੋਰਚੇ ਵਿਚ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ 'ਤੇ ਅੱਤ ਦਾ ਜਬਰ ਕਰਨਾ। ਬੇਕਸੂਰ ਨੌਜਵਾਨ ਸ਼ਿਵਕਰਨ ਸਿੰਘ, 23 ਸਾਲ ਨੂੰ ਸਿਰ ਵਿਚ ਸਿੱਧੀ ਗੋਲੀ ਮਾਰਨੀ। ਨੌਜਵਾਨਾਂ ਦੀਆਂ ਲੱਤਾਂ ਬਾਹਾਂ ਤੋੜ ਕੇ ਬੋਰੀਆਂ 'ਚ ਪਾ ਕੇ ਲੈ ਕੇ ਜਾਣਾ। ਬੋਰੀਆਂ ਦਿਖਾ ਕੇ ਕਹਿਣਾ ਕਿ ਅਸੀਂ ਇਸ ਤਰ੍ਹਾਂ ਆਵਾਂਗੇ ਤੇ ਤੁਹਾਡੀਆਂ ਕੁੜੀਆਂ ਨੂੰ ਚੁੱਕ ਕੇ ਲੈ ਕੇ ਜਾਵਾਂਗੇ। ਇਹ ਸਭ ਕਰਨ ਤੋਂ ਬਾਅਦ "ਜੈ ਸ੍ਰੀ ਰਾਮ" ਦੇ ਨਾਅਰੇ ਲਾਉਣੇ। 2023 ਵਿਚ ਪੰਜਾਬ ਵਿਚ ਸਿੱਖ ਨੌਜਵਾਨ ਭਾਈ ਅੰਮ੍ਰਿਤਪਾਲ ਸਿੰਘ, ਭਾਈ ਪਪਲਪ੍ਰੀਤ ਸਿੰਘ ਅਤੇ ਸਾਥੀਆਂ ਨੂੰ ਸਿੱਖ ਪ੍ਰਚਾਰ ਅਤੇ ਅੰਮ੍ਰਿਤ ਛਕਾਉਣ ਦੀ ਲਹਿਰ ਚਲਾਉਣ ਕਰਕੇ NSA ਵਰਗੇ ਭਿਅੰਕਰ ਧਾਰਾਵਾਂ ਲਗਾ ਕੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਜੇਲ੍ਹਾਂ 'ਚ ਡੱਕਣਾ। ਇਨ੍ਹਾਂ ਨੂੰ ਫੜਨ ਲਈ ਹਜ਼ਾਰਾਂ ਦੀ ਪੁਲਿਸ ਫੋਰਸ ਲੈ ਕੇ ਆਉਣੀ ਜਿਵੇਂ ਕੋਈ ਬਹੁਤ ਵੱਡੇ ਅਪਰਾਧੀ ਨੂੰ ਫੜਨ ਜਾ ਰਹੇ ਹੋਣ। ਆਪਣੇ ਧਰਮ ਪ੍ਰਚਾਰ ਕਰਨ ਦੀ ਸਰਗਰਮੀ 'ਤੇ ਸਿੱਖਾਂ ਦੇ ਮਨਾਂ ਅੰਦਰ ਖਾਲਸਾ ਰਾਜ ਦੀ ਤਾਂਘ ਨੂੰ ਇੱਕ ਸੰਗੀਨ ਅਪਰਾਧ ਬਣਾ ਕੇ ਪੇਸ਼ ਕਰਨਾ।

ਇਹ ਉਪਰੋਕਤ ਘਟਨਾਵਾਂ ਸਮਾਜਿਕ ਮੌਤ ਨੂੰ ਦਰਸਾਉਂਦੀਆਂ ਹਨ ਕਿ ਸਰੀਰਕ ਮੌਤ ਤੋਂ ਪਹਿਲਾਂ ਜ਼ਲਾਲਤ, ਅਪਮਾਨਜਨਕ ਹਾਲਾਤ ਪੈਦਾ ਕਰਨੇ। ਪਹਿਲਾਂ ਸਭ ਹਿੱਤਾਂ 'ਤੇ ਕਬਜ਼ਾ ਕਰ ਕੇ ਕਿਸਾਨਾਂ ਨੂੰ ਤਰਸਯੋਗ ਹਾਲਤ ਵਿਚ ਪਹੁੰਚਾਉਣਾ ਤੇ ਫਿਰ ਬੇਬਸੀ ਦਾ ਮਜ਼ਾਕ ਉਡਾਉਣਾ। ਸਰੀਰਕ ਤਸ਼ੱਦਦ ਦੇ ਨਾਲ ਮਾਨਸਿਕ ਦਬਾਅ ਸਿੱਖਾਂ ਅੰਦਰ ਮਨੋਵਿਗਿਆਨਕ ਡਰ ਪੈਦਾ ਕਰਨ ਲਈ ਕੀਤਾ ਜਾ ਰਿਹਾ ਤਾਂ ਕਿ ਆਪਣੇ ਹੱਕਾਂ ਲਈ ਆਵਾਜ਼ ਨਾ ਚੁੱਕਣ। ਇਹ ਸਭ ਸਿੱਖਾਂ ਦੀ ਸਮਾਜਿਕ ਮੌਤ ਕਰਨ ਦੇ ਵੱਖੋ ਵੱਖਰੇ ਤਰੀਕੇ ਹਨ।

**ਵਿਦੇਸ਼ਾਂ ਵਿਚ ਸਿੱਖਾਂ ਤੇ ਸਮਾਜਿਕ ਮੌਤ ਦੀ ਲਗਾਤਾਰਤਾ**

ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਆਵਾਜ਼ ਨੂੰ ਦਬਾਉਣਾ। ਬਾਹਰ ਬੈਠੇ ਸਿੱਖਾਂ ਨੂੰ, ਜੋ ਹਿੰਦੂਤਵੀ ਜ਼ੁਲਮ ਵਿਰੁੱਧ ਆਵਾਜ਼ ਚੁੱਕ ਰਹੇ, ਗੁਰਦੁਆਰਿਆਂ ਵਿਚ ਜਾ ਕੇ ਗੋਲੀਆਂ ਮਾਰ ਕੇ ਮਾਰਨਾ। ਵਿਦੇਸ਼ੀਂ ਰਹਿੰਦੇ ਸਿੱਖ ਕਾਰਕੁਨਾਂ ਦੀ ਨਿਸ਼ਾਨਦੇਹੀ ਕਰ ਕੇ ਕਾਲੀਆਂ ਸੂਚੀਆਂ ਵਿਚ ਸ਼ਾਮਿਲ ਕਰਨਾ ਤਾਂ ਕਿ ਉਹ ਆਪਣੇ ਦੇਸ ਪੰਜਾਬ ਵਾਪਸ ਨਾ ਆ ਸਕਣ। ਇਸ ਤਰ੍ਹਾਂ ਕਰ ਕੇ ਸਿੱਖਾਂ ਦੇ ਪਵਿੱਤਰ ਇਤਿਹਾਸਕ ਧਾਰਮਿਕ ਸਥਾਨਾਂ ਦੇ ਦਰਸ਼ਨਾਂ 'ਤੇ ਪਾਬੰਦੀਆਂ ਲਾਉਣੀਆਂ। ਸਿੱਖ ਆਪਣੀ ਉਸ ਮਿੱਟੀ ਨੂੰ ਛੂਹ ਨਹੀਂ ਸਕਦੇ ਜਿੱਥੇ ਉਨ੍ਹਾਂ ਨੇ ਜਨਮ ਲਿਆ ਤੇ ਬਚਪਨ ਬਿਤਾਇਆ - ਆਪਣੇ ਪਿੰਡਾਂ ਵਿਚ, ਆਪਣੀ ਧਰਤੀ 'ਤੇ ਵਾਪਸ ਨਹੀਂ ਜਾ ਸਕਦੇ। ਉਹ ਅੱਗੇ ਆਪਣੇ ਬੱਚਿਆਂ ਨੂੰ ਵੀ ਉਸ ਪਵਿੱਤਰ ਮਿੱਟੀ ਨਾਲ ਜੋੜ ਨਹੀਂ ਸਕਦੇ। ਇਸ ਸਭ ਨਾਲ ਇਨਸਾਨ ਦੀ ਰੂਹ ਅੰਦਰ ਖਲਾਅ ਪੈਦਾ ਹੁੰਦਾ ਹੈ। ਸਿੱਖ ਵਿਦੇਸ਼ਾਂ ਵਿਚ ਸਾਹ 'ਤੇ ਲੈ ਰਹੇ ਹਨ, ਪਰ ਅਸਲ ਵਿਚ ਜਿਉਂ ਨਹੀਂ ਰਹੇ।

ਇਹ ਰੂਹ ਦਾ ਖਾਲੀਪਨ ਇਨਸਾਨ ਦੀ ਪੂਰਨ ਤੌਰ 'ਤੇ ਸੁਤੰਤਰ ਵਿਚਰਨ, ਮਾਨਸਿਕ ਤੌਰ 'ਤੇ ਪੂਰਨ ਵਿਕਾਸ ਵਿਚ ਰੁਕਾਵਟ ਪੈਦਾ ਕਰਦਾ ਹੈ। ਇਸ ਵਿਛੋੜੇ ਨਾਲ ਅਗਲੀਆਂ ਪੀੜ੍ਹੀਆਂ ਅੰਦਰ ਉਸ ਤਰ੍ਹਾਂ ਆਪਣੀ ਬੋਲੀ, ਧਰਮ ਦੇ ਨਾਲ ਪਿਆਰ ਤੇ ਪਵਿੱਤਰ ਅਹਿਸਾਸ ਨਹੀਂ ਵਿਗਸਦੇ। ਇਸਦਾ ਅਸਰ ਪੀੜ੍ਹੀ ਦਰ ਪੀੜ੍ਹੀ ਵਿਗਸ ਰਹੀ ਲਗਾਤਾਰਤਾ 'ਤੇ ਪੈਂਦਾ ਹੈ ਅਤੇ ਕਿਉਂਕਿ ਤੁਸੀਂ ਉਨ੍ਹਾਂ ਪਵਿੱਤਰ ਧਾਰਮਿਕ ਸਥਾਨਾਂ ਦੀ ਛੋਹ ਨਹੀਂ ਲਈ ਉਸ ਅਨੁਭਵ ਤੋਂ ਸੱਖਣੇ ਇਨਸਾਨ ਦੀ ਵਰਤਾਰਿਆਂ ਨੂੰ ਸਮਝਣ ਦੀ ਸਮਰੱਥਾ, ਆਪਣੇ ਨਜ਼ਰੀਆ ਦੇਣ ਦੀ ਸਮਰੱਥਾ 'ਤੇ ਡੂੰਘਾ ਅਸਰ ਪੈਂਦਾ ਹੈ। ਇਹੀ ਤੇ ਸਮਾਜਿਕ ਮੌਤ ਹੈ ਕਿ ਉਹ ਪਵਿੱਤਰ ਰਿਸ਼ਤੇ ਖ਼ਤਮ ਕਰਨੇ ਜਾਂ ਫਿਰ ਫਰਕ ਪਾ ਦੇਣਾ।

ਪਿਛਲੇ ਕੁਝ ਦਿਨਾਂ ਵਿਚ ਕੈਨੇਡਾ (ਬਰੈਪਟਨ - ਸਰੀ) ਵਿਚ ਸਿੱਖਾਂ ਨੇ ਭਾਰਤੀ ਸਫੀਰਖਾਨਿਆਂ ਦੇ ਅਫਸਰਾਂ ਦਾ ਮੰਦਰਾਂ ਵਿਚ ਹੋ ਰਹੇ ਸਮਾਗਮਾਂ ਕਰਕੇ ਵਿਰੋਧ ਕੀਤਾ। ਇਹ ਅਫਸਰ ਕੈਨੇਡਾ ਪੁਲਿਸ ਮੁਤਾਬਕ ਪਿਛਲੇ ਸਮੇਂ ਵਿਚ ਹੋਈਆਂ ਸਿੱਖ ਮੌਤਾਂ ਵਿਚ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਸ਼ਾਂਤਮਈ ਵਿਰੋਧ ਕਰ ਰਹੇ ਸਿੱਖਾਂ ਨੂੰ ਹਿੰਦੂਆਂ ਨੇ ਦੁਬਾਰਾ ਨਵੰਬਰ 1984 ਵਰਗਾ ਕਤਲੇਆਮ ਕਰਨ ਦੀਆਂ ਧਮਕੀਆਂ ਦਿੱਤੀਆਂ। ਉਸੇ ਰਾਤ ਗੁਰਦੁਆਰਾ ਸਾਹਿਬ ਮਾਲਟਨ ਵਿਖੇ ਇਕੱਠੇ ਹੋ ਕੇ ਹਮਲਾ ਕੀਤਾ ਅਤੇ ਸਿੱਖਾਂ ਦੇ ਕਾਤਲਾਂ ਦੇ ਹੱਕ ਵਿਚ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ। ਇਹ ਸਭ ਸਮਾਜਿਕ ਮੌਤ ਦੀ ਉਸ ਹੱਦ ਨੂੰ ਦਰਸਾਉਂਦੀ ਹੈ ਕਿ ਪੀੜਤ ਕੌਮ ਨੂੰ ਬਿਲਕੁਲ ਹਾਸ਼ੀਏ 'ਤੇ ਧੱਕ ਦਿਓ। ਉਨ੍ਹਾਂ ਦੇ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਬੁਨਿਆਦੀ ਹੱਕ ਦਬਾਅ ਕੇ ਉਨ੍ਹਾਂ ਦੀ ਹਸਤੀ ਨੂੰ ਕੋਈ ਵੀ ਮਾਨਤਾ ਨਾ ਦਿਓ। ਸਿੱਖਾਂ ਦੇ ਕਤਲ ਤੱਕ ਕਰ ਕੇ ਰੋਸ ਪ੍ਰਗਟ ਕਰਨ ਦੇ ਹੱਕ ਨੂੰ ਵੀ ਖੋਹਣਾ। ਹਿੰਦੂਤਵੀ ਸਿੱਖਾਂ ਦੀ ਆਵਾਜ਼, ਸੁਤੰਤਰ ਵਿਚਾਰ, ਸਮਾਜ ਵਿਚ ਮਾਨਤਾ ਖੋਹ ਕੇ ਬਿਲਕੁਲ ਅਲੱਗ-ਥਲੱਗ ਕਰ ਕੇ ਫਿਰ ਸਰੀਰਕ ਰੂਪ ਵਿਚ ਵੱਡੇ ਤੌਰ 'ਤੇ ਖ਼ਤਮ ਕਰਨ ਦੀ ਤਿਆਰੀ ਵਿਚ ਹਨ।

ਇਨ੍ਹਾਂ ਸਭ ਵਾਪਰ ਰਹੀਆਂ ਘਟਨਾਵਾਂ ਨੂੰ ਇੱਕ ਇੱਕ ਕਰ ਕੇ ਵੱਖਰੇ ਸੰਦਰਭ ਵਿਚ ਰੱਖ ਕੇ ਵੇਖਣਾ ਗਲਤ ਹੋਵੇਗਾ, ਸਗੋਂ ਸਮਾਜਿਕ ਮੌਤ ਤੇ ਨਸਲਕੁਸ਼ੀ ਦੇ ਸੰਦਰਭ ਵਿਚ ਰੱਖ ਕੇ ਵੇਖਦਿਆਂ ਹੀ ਇਸ ਵਰਤਾਰੇ ਦੀ ਡੂੰਘੀ ਸਮਝ ਬਣ ਸਕਦੀ ਹੈ ਤੇ ਫਿਰ ਹੀ ਇਸ ਨੂੰ ਨਜਿੱਠਣ ਲਈ ਕੋਈ ਰਣਨੀਤੀ ਘੜੀ ਜਾ ਸਕਦੀ ਹੈ।

ਕਲੌਡੀਆ ਕਾਰਡ ਦੇ ਅਨੁਸਾਰ ਸਮਾਜਿਕ ਮੌਤ ਤੇ ਨਸਲਕੁਸ਼ੀ ਕਿਸੇ ਕੌਮ ਦੇ ਅੰਦਰੋਂ ਜੀਣ ਦੀ ਸ਼ਕਤੀ ਖ਼ਤਮ ਕਰਦੀ ਹੈ, ਪਰ ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਸਿੱਖਾਂ ਅੰਦਰਲੀ ਚਿਣਗ ਨੂੰ ਭਾਰਤੀ ਬਿਪਰ ਖ਼ਤਮ ਨੀ ਕਰ ਸਕਿਆ ਤੇ ਸਤਿਗੁਰ ਸਿੱਖਾਂ ਵਿਚ ਵਰਤ ਤੇ ਉਹ ਝਲਕਾਰਿਆਂ ਦੇ ਦਰਸ਼ਨ ਆਪ ਹੀ ਕਰਵਾ ਦਿੰਦੇ ਹਨ ਤੇ ਕਰਵਾਉਂਦੇ ਰਹਿਣਗੇ।

# ਜਵਾਨ ਬਾਪੂ

ਬਚਪਨ ਤੋਂ ਬਾਅਦ ਜਵਾਨੀ ਮਾਣਦਿਆਂ ਪਤਾ ਨਹੀਂ ਲੱਗਦਾ ਕਦੋਂ ਬੁਢਾਪੇ ਦੀ ਦਹਿਲੀਜ਼ 'ਤੇ ਜਾ ਪੈਰ ਰੱਖੀਦਾ ਹੈ। ਇਸ ਪੜਾਅ 'ਤੇ ਪਹੁੰਚਣ ਤੱਕ ਬਹੁਤਿਆਂ ਦੇ ਮਾਂ-ਬਾਪ ਸਦਾ ਲਈ ਤੁਰ ਗਏ ਹੁੰਦੇ। ਇਹੀ ਹਾਲ ਸਾਡਾ ਹੈ, ਸਾਡੇ ਜਨਮ ਦਾਤੇ ਕਦੋਂ ਦੇ ਸਾਥ ਛੱਡ ਗਏ ਹਨ। ਅਸੀਂ ਬੇਬੇ ਬਾਪੂ ਕਹਿਣ ਨੂੰ ਤਰਸਦੇ ਹੀ ਰਹਿ ਜਾਂਦੇ ਜੇ ਸਾਡੇ ਪਿੰਡ ਅਤੇ ਘਰ ਦੇ ਗੁਆਂਢੀ

**ਸ਼ਵਿੰਦਰ ਕੌਰ**
ਫੋਨ:+91-76260-63596

ਪਰਿਵਾਰ ਦੇ ਬਜ਼ੁਰਗ ਜਿਨ੍ਹਾਂ ਨੇ ਸਾਨੂੰ ਵੀ ਆਪਣੇ ਬੱਚਿਆਂ ਵਾਂਗ ਹੀ ਸਮਝਿਆ ਹੈ, ਸਾਨੂੰ ਉਨ੍ਹਾਂ ਵਾਂਗ ਹੀ ਬੇਬੇ ਬਾਪੂ ਕਹਿਣ ਦਾ ਅਧਿਕਾਰ ਨਾ ਦਿੰਦੇ। ਬੇਬੇ ਤਾਂ ਕੁਝ ਕੁ ਸਮਾਂ ਹੋਇਆ ਅਮੁੱਕ ਮੰਜ਼ਿਲ ਦੀ ਪਾਂਧੀ ਬਣ ਗਈ ਪਰ ਪਚਾਨਵੇਂ ਸਾਲ ਨੂੰ ਢੁੱਕਿਆ ਬਾਪੂ ਅਜੇ ਪੂਰਾ ਕਾਇਮ ਹੈ। ਜ਼ਿੰਦਗੀ ਦੇ ਸਾਢੇ ਨੌਂ ਦਹਾਕੇ ਪੂਰੇ ਕਰਨ ਵਾਲੇ ਬਾਪੂ ਨੇ ਅਜੇ ਤੱਕ ਸਾਡੀ ਪੀੜ੍ਹੀ 'ਚੋ ਬਹੁਤਿਆਂ ਵਾਂਗ ਗੋਡੇ ਨਹੀਂ ਬਦਲਾਏ। ਉਸ ਦੇ ਗੋਡੇ ਮੋਢੇ ਉਸ ਦਾ ਪੂਰਾ ਸਾਥ ਨਿਭਾ ਰਹੇ ਹਨ। ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬਾਪੂ ਸਰੀਰ ਪੱਖੋਂ ਪੂਰਾ ਤੰਦਰੁਸਤ ਹੈ।

ਉਂਝ ਤਾਂ ਬਾਪੂ ਪਿੰਡ ਆਪਣੇ ਭਰੇ ਪੂਰੇ ਪਰਿਵਾਰ ਵਿਚ ਰਹਿ ਕੇ ਖੁਸ਼ ਹੈ ਪਰ ਆਪਣੇ ਇਸ ਨੂੰਹ ਪੁੱਤ ਕੋਲੇ ਵੀ ਗੇੜਾ ਮਾਰਦਾ ਰਹਿੰਦਾ ਹੈ। ਜਦੋਂ ਵੀ ਬਾਪੂ ਆਉਂਦਾ, ਮੈਂ ਉਹਨੂੰ ਮਿਲਣ ਜ਼ਰੂਰ ਜਾਂਦੀ ਹਾਂ। ਜਦੋਂ ਜਾਂਦਿਆਂ ਹੀ ਬਾਪੂ ਆਪਣੇ ਅਸੀਸਾਂ ਦਿੰਦੇ ਹੱਥ ਸਿਰ 'ਤੇ ਰੱਖ ਕੇ ਪੁੱਛਦਾ, "ਰਾਜੀ ਬਾਜੀ ਐਂ ਗੁੱਡੀ?", ਤਾਂ ਇਹ ਸੁਣਦਿਆਂ ਹੀ ਜਿਵੇਂ ਉਮਰ ਦਾ ਪਹੀਆ ਪਿਛਾਂਹ ਵੱਲ ਘੁੰਮ ਜਾਂਦਾ। ਅਚਨਚੇਤ ਚੁੱਭੀ ਬਚਪਨ ਵੱਲ ਲੱਗ ਜਾਂਦੀ ਹੈ। ਸਮੇਂ ਦੀ ਰਫਤਾਰ ਨਾਲ ਧੁੰਦਲੀਆਂ ਪਈਆਂ ਯਾਦਾਂ ਫਿਰ ਤਾਜ਼ਾ ਹੋ ਜਾਂਦੀਆਂ ਹਨ। ਬਚਪਨ ਦੇ ਸੰਗੀ ਸਾਥੀ ਅੱਖਾਂ ਸਾਹਮਣੇ ਆ ਖੜ੍ਹਦੇ ਹਨ। ਬਾਪੂ ਦੇ ਬੋਲੇ ਇਸ ਇੱਕ ਵਾਕ ਨਾਲ ਬਚਪਨ ਦੀਆਂ ਮਸਤ ਮਲੰਗੀ ਵਾਲੀਆਂ ਆਦਤਾਂ, ਬੇਫਿਕਰੀ ਵਾਲਾ ਸੁਭਾਅ, ਹਾਸੇ ਮਜ਼ਾਕ ਸਭ ਰਲ ਮਿਲ ਕੇ ਉਨ੍ਹਾਂ ਹੁਸੀਨ ਪਲਾਂ ਦੀ ਯਾਦ ਤਾਜ਼ਾ ਕਰਾ ਦਿੰਦੇ ਹਨ। ਕਬੀਲਦਾਰੀ ਦੇ ਸਭ ਝੰਜਟ ਭੁੱਲ ਕੇ ਜ਼ਿੰਦਗੀ ਦੇ ਉਨ੍ਹਾਂ ਸੁਖਾਵੇਂ ਪਲਾਂ ਦੀਆਂ ਯਾਦਾਂ ਤਰੋਤਾਜ਼ਾ ਕਰ ਕੇ ਮਨ ਹੁਲਾਸ ਨਾਲ ਭਰ ਜਾਂਦਾ ਹੈ।

ਬਾਪੂ ਜਵਾਨੀ ਵੇਲੇ ਕਬੱਡੀ ਦਾ ਵਧੀਆ ਖਿਡਾਰੀ ਰਿਹਾ ਹੈ। ਸਾਦੀ ਰਹਿਣੀ-ਬਹਿਣੀ ਵਾਲਾ ਬਾਪੂ ਬਹੁਤ ਮਿਲਾਪੜੇ ਸੁਭਾਅ ਦਾ ਮਾਲਕ ਹੈ। ਕਿਸੇ ਨੂੰ ਐਵੇਂ ਰੋਕੀ ਟੋਕੀ ਜਾਣਾ ਉਸ ਦੀ ਆਦਤ ਨਹੀਂ। ਉਸ ਦੇ ਨਿੱਘੇ ਮਿੱਠੇ ਸੁਭਾਅ ਕਰ ਕੇ ਹੀ ਪੁੱਤ, ਪੋਤੇ ਅਤੇ ਪੜਪੋਤੇ, ਨੂੰਹਾਂ, ਪੋਤ-ਨੂੰਹਾਂ ਸਭ ਉਸ ਦੀ ਪੂਰੀ ਸੇਵਾ ਕਰਦੇ ਹਨ।

ਇੱਕ ਵਾਰ ਜਦੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਅਥਲੈਟਿਕਸ ਮਾਸਟਰ ਗੇਮਜ਼ ਵਿਚੋਂ ਸੋਨ ਤਗਮਾ ਜਿੱਤ ਕੇ ਲਿਆਇਆ ਤਾਂ ਬਾਪੂ ਦਾ ਉਸ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਖੁਸ਼ ਹੋਣਾ ਸੁਭਾਵਿਕ ਹੀ ਸੀ ਪਰ ਇਸ ਖੁਸ਼ੀ ਨਾਲ ਉਸ ਅੰਦਰ ਛੁਪਿਆ ਬੈਠਾ ਖਿਡਾਰੀ ਵੀ ਜਾਗ ਪਿਆ; ਉਸ ਨੂੰ ਆਪਣਾ ਸਮਾਂ ਯਾਦ ਆ ਗਿਆ ਜਦੋਂ ਉਹ ਵੀ ਪਿੰਡਾਂ ਵਿਚ ਕਰਵਾਏ ਜਾਂਦੇ ਖੇਡ ਮੇਲਿਆਂ 'ਤੇ ਖੇਡਣ ਜਾਂਦਾ ਹੁੰਦਾ ਸੀ। ਉਹ ਸੋਚਣ ਲੱਗ ਪਿਆ ਕਿ ਉਮਰ ਦੇ ਜਿਸ ਪੜਾਅ 'ਤੇ ਉਹ ਹੁਣ ਪਹੁੰਚ ਗਿਆ ਹੈ, ਉਸ ਵਿਚ ਸਵਾਇ ਆਰਾਮ ਕਰਨ ਅਤੇ ਥੋੜ੍ਹਾ ਬਹੁਤਾ ਤੁਰਨ ਫਿਰਨ ਤੋਂ ਬਿਨਾਂ ਹੋਰ ਕੁਝ ਬਚਿਆ ਨਹੀਂ। ਉਸ ਅੰਦਰ ਘੋਲ ਚੱਲ ਰਿਹਾ ਸੀ ਜਿਹੜਾ ਉਸ ਨੂੰ ਵੰਗਾਰ ਰਿਹਾ ਸੀ ਕਿ ਜੇ ਕੋਈ ਕੁਝ ਕਰਨ ਦੀ ਦਲੇਰੀ ਰੱਖਦਾ ਹੋਵੇ ਤਾਂ ਉਹ ਜ਼ਰੂਰ ਉਮਰ ਦੇ ਹਰ ਪੜਾਅ 'ਤੇ ਕੁਝ ਨਾ ਕੁਝ ਕਰ ਸਕਦਾ ਹੈ। ਜਦੋਂ ਉਸ ਤੋਂ ਰਿਹਾ ਨਾ ਗਿਆ ਤਾਂ ਉਸ ਨੇ ਆਪਣੇ ਪੁੱਤ ਤੋਂ ਪੁੱਛ ਹੀ ਲਿਆ ਕਿ ਇਨ੍ਹਾਂ ਖੇਡਾਂ ਵਿਚ ਕੋਈ ਕਿੰਨੀ ਕੁ ਉਮਰ ਤੱਕ ਹਿੱਸਾ ਲੈ ਸਕਦਾ ਹੈ। ਅੱਗਿਓਂ ਉਹਨੇ ਵੀ ਹੱਸਦਿਆਂ ਕਹਿ ਦਿੱਤਾ ਕਿ ਹਿੰਮਤ ਚਾਹੀਦੀ ਹੈ, ਭਾਵੇਂ ਤੁਸੀਂ ਵੀ ਹਿੱਸਾ ਲੈ ਲਵੋ।

ਉਸ ਦਿਨ ਤੋਂ ਹੀ ਬਾਪੂ ਨੇ ਠਾਣ ਲਿਆ ਕਿ ਉਹ ਵੀ ਇੱਕ ਦਿਨ ਤਗਮਾ ਜਿੱਤ ਕੇ ਲਿਆਵੇਗਾ। ਉਸ ਨੇ ਆਪਣੇ ਲਈ ਵੀ ਗੋਲਾ ਲਿਆ ਕੇ ਦੇਣ ਲਈ ਕਹਿ ਦਿੱਤਾ। ਉਸ ਦੀ ਦਿਲਚਸਪੀ ਦੇਖ ਕੇ ਪੁੱਤਰ ਨੇ ਗੋਲਾ ਲਿਆ ਦਿੱਤਾ, ਨਾਲ ਹੀ ਇੱਕ ਦੋ ਵਾਰ 'ਕਿਸ ਤਰ੍ਹਾਂ ਸੁੱਟਣਾ ਹੈ' ਦੀ ਪ੍ਰੈਕਟਿਸ ਕਰਵਾ ਦਿੱਤੀ। ਬਾਪੂ ਨੇ ਉਸ ਦਿਨ ਤੋਂ ਹੀ ਮਨ ਵਿਚ ਦ੍ਰਿੜ ਨਿਸ਼ਚਾ ਧਾਰ ਲਿਆ ਕਿ ਮੁਹਿੰਮ ਜ਼ਰੂਰ ਸਰ ਕਰਨੀ ਹੈ। ਹਰ ਰੋਜ਼ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ।

ਖੈਰ! ਬਾਪੂ ਨੇ ਸੂਫੀ ਸ਼ਾਇਰ ਸੱਯਦ ਮੁਹੰਮਦ ਹਾਸ਼ਿਮ ਸ਼ਾਹ ਦੇ ਲਿਖੇ 'ਹਾਸ਼ਿਮ ਫਤਹਿ ਨਸੀਬ ਉਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ ਹੁ' ਅਨੁਸਾਰ 45ਵੀਂ ਮਾਸਟਰ ਅਥਲੈਟਿਕਸ ਚੈਂਪੀਅਨਸ਼ਿਪ ਮਸਤੂਆਣਾ ਸਾਹਿਬ ਵਿਚ ਗੋਲਾ ਸੁੱਟਣ ਵਿਚ ਸੋਨ ਤਗਮਾ ਜਿੱਤ ਕੇ ਅਟੁੱਟ ਹੌਸਲੇ ਦਾ ਸਬੂਤ ਦੇ ਦਿੱਤਾ। ਆਪਣਾ ਸੁਫਨਾ ਸਾਕਾਰ ਕਰ ਕੇ ਜਦੋਂ ਉਹ ਸਰਟੀਫਿਕੇਟ ਅਤੇ ਮੈਡਲ ਲੈ ਕੇ ਕਾਰ ਵਿਚੋਂ ਉਤਰਿਆ ਤਾਂ ਉਸ ਦੇ ਚਿਹਰੇ 'ਤੇ ਨੱਚਦੀ ਖੁਸ਼ੀ ਦੇਖਣ ਵਾਲੀ ਸੀ। ਅਸੀਂ ਉਨ੍ਹਾਂ ਦੇ ਸਵਾਗਤ ਵਿਚ ਫੁੱਲਾਂ ਦੇ ਹਾਰ ਲਈ ਖੜ੍ਹੇ ਸੀ। ਆਪਣਾ ਨਿੱਘਾ ਸਵਾਗਤ ਹੁੰਦਾ ਤੱਕ ਕੇ ਬਾਪੂ ਬਾਗੋ-ਬਾਗ ਹੋ ਗਿਆ।

ਜਿਉਂਦਾ ਰਹੇ ਸਾਡਾ ਮੜ੍ਹਕ ਵਾਲਾ ਬਾਪੂ ਅਜੈਬ ਸਿਉਂ ਜਿਸ ਨੇ ਜ਼ਿੰਦਗੀ ਵਿਚ ਮਿਹਨਤ ਅਤੇ ਲਗਨ ਨਾਲ ਕੋਈ ਵੀ ਮੁਹਿੰਮ ਸਰ ਕਰਨ ਦੀ ਪਿਰਤ ਪੇਸ਼ ਕਰ ਕੇ ਸਾਨੂੰ ਵੀ ਸਬਕ ਦਿੱਤਾ ਸੀ। ਉਨ੍ਹਾਂ ਨੌਜਵਾਨਾਂ ਅੱਗੇ ਵੀ ਜਿਹੜੇ ਆਪਣੀ ਜ਼ਿੰਦਗੀ ਨੂੰ ਨਸ਼ਿਆਂ ਵਿਚ ਡੋਬ ਕੇ ਚੜ੍ਹਦੀ ਜਵਾਨੀ ਵਿਚ ਹੀ ਮਾਂ-ਬਾਪ ਦਾ ਲੱਕ ਤੋੜ ਜਾਂਦੇ ਹਨ। ਉਨ੍ਹਾਂ ਮਿਸਾਲ ਕਾਇਮ ਕਰ ਦਿੱਤੀ ਹੈ ਕਿ ਜ਼ਿੰਦਗੀ ਜਿਊਣ ਵਾਸਤੇ ਅਤੇ ਸਿਰੜ ਸਾਧਨਾ ਨਾਲ ਕੁਝ ਪ੍ਰਾਪਤ ਕਰਨ ਲਈ ਹੈ।

# ਟੇਕਰੀ ਤੇ ਟੋਕਰਾ




## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਪਟਿਆਲਾ ਨੇ 2003 ਵਿਚ 'ਅਰਬੀ-ਫਾਰਸੀ ਵਿਚੋਂ ਉਤਪੰਨ ਸ਼ਬਦਾਵਲੀ' ਨਾਮੀਂ ਕੋਸ਼ ਪ੍ਰਕਾਸ਼ਤ ਕੀਤਾ ਸੀ ਜਿਸ ਦੇ ਸੰਕਲਨਕਰਤਾ ਡਾਕਟਰ ਅਮਰਵੰਤ ਸਿੰਘ ਹਨ। ਪੰਜਾਬੀ ਵਿਚ ਇਨ੍ਹਾਂ ਦੋਵਾਂ ਭਾਸ਼ਾਵਾਂ ਦੇ ਸ਼ਬਦਾਂ ਦੀ ਭਰਮਾਰ ਹੈ ਜੋ ਭਾਰਤ ਵਿਚ ਲੰਮਾ ਸਮਾਂ ਮੁਸਲਮ ਹਕੂਮਤਾਂ ਦੌਰਾਨ ਏਧਰ ਦਾਖਲ ਹੋਏ। ਇਨ੍ਹਾਂ ਹਕੂਮਤਾਂ ਦੀ ਸਰਕਾਰੀ ਭਾਸ਼ਾ ਫਾਰਸੀ ਰਹੀ। ਅਰਬੀ ਵਲੋਂ ਆਏ ਸ਼ਬਦ ਵਧੇਰੇ ਕਰਕੇ ਫਾਰਸੀ ਰਾਹੀਂ ਹੀ ਆਏ ਕਿਉਂਕਿ ਫਾਰਸੀ ਵਿਚ ਅਰਬੀ ਦੀ ਢੇਰ ਸਾਰੀ ਸ਼ਬਦਾਵਲੀ ਇਰਾਨ ਵਿਚ ਅਰਬੀ ਚੜ੍ਹਤ ਕਾਰਨ ਆਈ। ਇਨ੍ਹਾਂ ਸ਼ਬਦਾਂ ਦੀ ਪੰਜਾਬੀ ਵਿਚ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਸ਼ਲਾਘਾਯੋਗ ਹੈ। ਇਸ 600 ਸਫੇ ਦੇ ਕੋਸ਼ ਦਾ ਕਾਫ਼ੀ ਕੰਮ ਤਾਂ ਕੰਮ ਦਾ ਹੀ ਹੈ ਪਰ ਸਰਸਰੀ ਪਾਠ ਪਿਛੋਂ ਵੀ ਇਸ ਵਿਚ ਕਈ ਗਲਤੀਆਂ ਤੇ ਉਕਾਈਆਂ ਦਿਸ ਪੈਂਦੀਆਂ ਹਨ। ਕੋਸ਼ ਅਤੇ ਬੈਂਕ 'ਤੇ ਲੋਕਾਂ ਦਾ ਅਟੁੱਟ ਵਿਸ਼ਵਾਸ ਹੁੰਦਾ ਹੈ। ਟੈਂਕੀ ਲਫਜ਼ ਉਤੇ ਲਿਖਣ ਲੱਗਿਆਂ ਮੈਂ ਇਸ ਕੋਸ਼ ਵਿਚ ਵੀ ਝਾਤੀ ਮਾਰਨ ਦੀ ਠਾਣੀ। ਟੈਂਕਾ ਅੱਖਰ ਨਾਲ ਸ਼ੁਰੂ ਹੋਣ ਵਾਲਾ ਪੰਨਾ ਖੋਲ੍ਹਿਆ ਤਾਂ ਖੱਬੇ ਸੱਜੇ ਦੋ ਪੰਨਿਆ ਵਿਚ ਛਪੇ ਇੰਦਰਾਜਾਂ ਦੀ ਗਿਣਤੀ ਕੇਵਲ 19 ਬਣੀ ਜਿਨ੍ਹਾਂ ਵਿਚ ਟੈਂਕੀ ਸ਼ਾਮਿਲ ਨਹੀਂ ਹੈ। ਫਾਰਸੀ ਵਿਚ ਮੁਢਲੇ ਤੌਰ 'ਤੇ ਟ ਧੁਨੀ ਮੌਜੂਦ ਨਹੀਂ। ਸੱਜੇ ਖੱਬੇ ਕੁਝ ਲਫ਼ਜ਼ ਅਜਿਹੇ ਮਿਲੇ ਜਿਨ੍ਹਾਂ ਦਾ ਗ਼ਲਤ ਤੌਰ 'ਤੇ ਪਿਛੋਕੜ ਅਰਬੀ ਫਾਰਸੀ ਦੱਸਿਆ ਗਿਆ ਹੈ। ਅੱਜ ਮੈਂ ਸਿਰਫ਼ ਇਸ ਦੇ 19ਵੇਂ ਅਤੇ ਆਖਰੀ ਇੰਦਰਾਜ ਟੇਕਰੀ/ਟੋਕਰਾ ਨਾਲ ਹੀ ਦੋ ਚਾਰ ਹੋਣਾ ਹੈ ਜੋ ਇਸ ਤਰ੍ਹਾਂ ਹੈ, "ਟੇਕਰੀ/ਟੋਕਰੀ (ਫ ਤੈਕਰੀ = ਇੱਕ ਛੋਟੀ ਟਰੇ) ਟੋਕਰੀ ਢੋਣੀ ਮੁਹਾਵਰਾ ਹੈ। ਟੋਕਰਾ ਇਸ ਦਾ ਪੁਲਿੰਗ ਹੈ# ਹਜ਼ੂਰ ਸਾਹਿਬ (ਨਾਂਦੇੜ) ਦੇ ਨਾਲ ਸਬੰਧਤ ਗੁਰਦੁਆਰਿਆਂ ਵਿਚੋਂ ਇੱਕ ਗੁਰਦਆਰਾ 'ਟੇਕਰੀ ਸਾਹਿਬ' ਦੇ ਨਾਉਂ ਨਾਲ ਪ੍ਰਸਿੱਧ ਹੈ ਜਿਥੋਂ ਗੁਰੂ ਸਾਹਿਬ ਨੇ ਟੋਕਰੀਆਂ ਭਰ ਭਰ ਰੁਪਏ ਫੌਜ ਨੂੰ ਤਨਖਾਹ ਵਜੋਂ ਦਿੱਤੇ ਸਨ"।

ਸਪੱਸ਼ਟ ਹੈ ਕਿ ਕੋਸ਼ਕਾਰ ਟੇਕਰੀ ਅਤੇ ਟੋਕਰੀ ਸ਼ਬਦਾਂ ਨੂੰ ਇਕ ਸ਼ਬਦ ਦੇ ਦੋ ਵੱਖਰੇ ਭੇਦ ਸਮਝਦਾ ਹੈ ਤੇ ਇਨ੍ਹਾਂ ਨੂੰ ਫਾਰਸੀ ਦੇ ਤੈਕਰੀ ਤੋਂ ਬਣਿਆ ਸਮਝਦਾ ਹੈ। ਮੇਰੇ ਕੋਲ ਉਪਲੱਬਧ ਫਾਰਸੀ ਕੋਸ਼ਾਂ ਵਿਚੋਂ ਮੈਨੂੰ ਸਿਰਫ ਜੋਸਫ ਸਟੈਨਬੈਕ ਦੇ ਫਾਰਸੀ-ਅੰਗਰੇਜ਼ੀ ਕੋਸ਼ ਵਿਚ ਹੀ ਇਹ ਤੈਕਰੀ ਸ਼ਬਦ ਹਥਿਆਇਆ ਜਿਸ ਦਾ ਅਰਥ ਅਮਰਵੰਤ ਸਿੰਘ ਦੇ ਕੋਸ਼ ਵਾਲਾ ਹੀ ਹੈ ਅਰਥਾਤ ਛੋਟੀ ਟਰੇਅ। ਪੰਜਾਬੀ ਯੂਨੀਵਰਸਿਟੀ ਦੇ ਫਾਰਸੀ-ਪੰਜਾਬੀ ਕੋਸ਼ ਵਿਚ ਵੀ ਇਹ ਸ਼ਬਦ ਦਰਜ ਨਹੀਂ ਹੈ। ਇੱਕ ਹੋਰ ਸ਼ਬਦ ਤੈਫਰੀ ਦਾ ਵੀ ਇਹੋ ਅਰਥ ਹੈ ਤੇ ਜਾਪਦਾ ਹੈ ਇਹ ਤੈਕਰੀ ਦਾ ਹੀ ਇੱਕ ਭੇਦ ਹੈ। ਮੈਨੂੰ ਇਸ ਦੀ ਵਿਉਤਪਤੀ ਲੱਭਣ ਵਿਚ ਕਠਿਨਾਈ ਹੈ ਪਰ ਏਨਾ ਜ਼ਰੂਰ ਕਹਿ ਸਕਦਾ ਹਾਂ ਕਿ ਇਹ ਟੇਕਰੀ ਜਾਂ ਟੋਕਰਾ ਸ਼ਬਦਾਂ ਦਾ ਜੰਮਣਹਾਰ ਨਹੀਂ ਤੇ ਨਾ ਹੀ ਦੋਵੇਂ ਸਜਾਤੀ ਸ਼ਬਦ ਹੋ ਸਕਦੇ ਹਨ। ਕੇਵਲ ਥੋੜ੍ਹੀ ਬਹੁਤੀ ਧੁਨੀ ਅਤੇ ਅਰਥ ਦੀ ਸਾਂਝ ਨਾਲ ਹੀ ਕੋਈ ਸ਼ਬਦ ਸਜਾਤੀ ਨਹੀਂ ਹੋ ਜਾਂਦੇ।

ਟੇਕਰੀ ਦਾ ਪੁਲਿੰਗ ਰੂਪ ਟੇਕਰਾ ਹੈ ਤੇ ਇਸ ਦਾ ਅਰਥ ਕੋਸ਼ਾਂ ਮੁਤਾਬਕ ਵੀ ਤੇ ਆਮ ਸਮਝ ਮੁਤਾਬਕ ਵੀ ਟਿੱਲਾ ਹੈ। ਇਸ ਦਾ ਇੱਕ ਭੇਦ ਟੇਕੜੀ ਵੀ ਹੈ। ਟੇਕਰੀ ਸ਼ਬਦ ਪੰਜਾਬੀ ਜਾਂ ਕਿਸੇ ਹੋਰ ਆਰਿਆਈ ਭਾਸ਼ਾ ਵਿਚ ਟੋਕਰਾ ਜਾਂ ਟੋਕਰੀ ਦਾ ਅਰਥਾਵਾਂ ਸਿੱਧ ਨਹੀਂ ਹੁੰਦਾ। ਜਿੰਨੇ ਕੁ ਪੰਜਾਬੀ ਕੋਸ਼ ਮੇਰੇ ਹੱਥ ਲੱਗੇ ਹਨ ਸਭਨਾਂ ਵਿਚ ਇਸ ਦਾ ਇੱਕੋ ਇੱਕ ਅਰਥ ਟਿੱਲਾ, ਟਿੱਬਾ, ਛੋਟੀ ਪਹਾੜੀ ਹੀ ਮਿਲਦਾ ਹੈ। ਇਨ੍ਹਾਂ ਕੋਸ਼ਾਂ ਵਿਚ ਮਹਾਨ ਕੋਸ਼, ਮਈਆ ਸਿੰਘ ਦਾ ਪੰਜਾਬੀ-ਅੰਗਰੇਜ਼ੀ ਕੋਸ਼, ਭਾਸ਼ਾ ਵਿਭਾਗ ਦਾ ਪੰਜਾਬੀ-ਪੰਜਾਬੀ ਕੋਸ਼, ਪੰਜਾਬ ਯੂਨੀਵਰਸਿਟੀ ਦਾ ਪੰਜਾਬੀ-ਅੰਗਰੇਜ਼ੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਪੰਜਾਬੀ-ਅੰਗਰੇਜ਼ੀ ਕੋਸ਼ ਵਗੈਰਾ ਸ਼ਾਮਿਲ ਹਨ। ਇਹ ਸ਼ਬਦ ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਵੀ ਥੋੜ੍ਹੇ ਬਹੁਤੇ ਧੁਨੀ ਭੇਦ ਨਾਲ ਮਿਲਦਾ ਹੈ। ਲਿਲੀ ਟਰਨਰ ਦੇ ਹਿੰਦ-ਆਰਿਆਈ ਭਾਸ਼ਾਵਾਂ ਦੇ ਨਿਰੁਕਤ ਕੋਸ਼ ਵਿਚ ਟਿਸ ਸ਼ਬਦ ਦੀ ਮੁਢੀ *ਟੱਕ ਦਰਜ ਹੈ ਜਿਸ ਵਿਚ ਪਹਾੜੀ ਦਾ ਭਾਵ ਦਿੱਤਾ ਹੋਇਆ ਹੈ। ਇਹ ਸ਼ਬਦ ਸੰਸਕ੍ਰਿਤ ਵਿਚ ਮੈਨੂੰ ਨਹੀਂ ਮਿਲਿਆ ਇਸ ਲਈ ਟਰਨਰ ਨੇ ਇਸ ਦਾ ਕਾਲਪਨਿਕ ਧਾਤੂ ਪਹਾੜੀ ਦੇ ਭਾਵ ਵਾਲਾ *ਟੱਕ ਮਿਥ ਲਿਆ। ਉਸ ਅਨੁਸਾਰ ਇਹ ਸ਼ਬਦ ਔਸਟਰੋ-ਏਸ਼ਿਆਈ ਭਾਸ਼ਾ ਪਰਿਵਾਰ ਦੀ ਮੁੰਡਾ ਸ਼ਾਖਾ ਨਾਲ ਹੋ ਸਕਦਾ ਹੈ। ਇਸ ਦੇ ਹੋਰ ਭਾਸ਼ਾਵਾਂ ਵਿਚ ਕਈ ਭੇਦ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਕਰਦੇ ਹਾਂ, ਸਿੰਧੀ: ਟਕੁਰੁ = ਪਹਾੜ, ਟਕਿਰੀ = ਪਹਾੜੀ, ਟਾਕਰ= ਨੀਵੀਂ ਪਹਾੜੀ, ਟਿੱਬੀ, ਟਾਕਿਰ = ਪਰਬਤ ਆਰੋਹੀ, ਪਹਾੜ 'ਤੇ ਚੜ੍ਹਨ ਵਾਲਾ; ਨੈਪਾਲੀ: ਟਾਕੁਰੋ = ਟੀਸੀ, ਚੋਟੀ; ਉੜੀਆ: ਟਿਕਰ = ਉਚੀ ਜ਼ਮੀਨ, ਉਚਾਣ, ਰੇਤਲਾ ਕਿਨਾਰਾ, ਟਿਕਰਾ = ਵਰਮੀ, ਸਿਉਂਕ ਦੀ ਬਣਾਈ ਧੋੜੀ; ਮਰਾਠੀ: ਟੇਕ, ਟੇਕੜ, ਟੇਕੜੀ = ਪਹਾੜੀ, ਟਿੱਲਾ; ਹਿੰਦੀ: ਟੇਕਰ, ਟੇਕਰਾ = ਧੋੜੀ, ਢੇਰ, ਪਹਾੜੀ; ਗੁਜਰਾਤੀ: ਟੇਕਰੋ, ਟੇਕਰੀ = ਪਹਾੜ, ਪਹਾੜੀ, ਟਿੱਲਾ; ਪੰਜਾਬੀ ਟੇਕਰਾ, ਟੇਕਰੀ = ਚਟਾਨ, ਪਹਾੜੀ, ਟਿੱਲਾ।

ਟਰਨਰ ਨੇ ਇਸ ਸ਼ਬਦ ਦੇ ਟ, ਤ, ਦ, ਡ ਧੁਨੀਆਂ ਨਾਲ ਸ਼ੁਰੂ ਹੁੰਦੇ ਕਈ ਰੁਪਾਂਤਰ ਵੀ ਗਿਣਾਏ ਹਨ ਜਿਨ੍ਹਾਂ ਵਿਚ ਪਹਾੜੀ ਜਿਹੇ ਭਾਵ ਹੀ ਹਨ ਜਿਵੇਂ ਪੰਜਾਬੀ ਤੁੰਗ, ਹਿੰਦੀ ਡੂਗਰ = ਪਹਾੜੀ। ਇਸ ਪਾਸੇ ਫਿਰ ਕਦੇ ਆਵਾਂਗੇ, ਅੱਜ ਅਸੀਂ ਟ ਧੁਨੀ ਹੀ ਅਲਾਪਦੇ ਹਾਂ। ਅਮਰਵੰਤ ਸਿੰਘ ਦੇ ਕੋਸ਼ ਵਿਚ ਇਹ ਗੱਲ ਦਰਜ ਹੈ ਕਿ ਨੰਦੇੜ ਸਾਹਿਬ ਦੇ ਇੱਕ ਗੁਰਦੁਆਰੇ 'ਟੇਕਰੀ ਸਾਹਿਬ' ਦਾ ਇਹ ਨਾਂ ਇਸ ਲਈ ਪਿਆ ਕਿਉਂਕਿ ਗੁਰੂ ਸਾਹਿਬ ਨੇ ਏਥੇ ਟੋਕਰੀਆਂ ਭਰ ਭਰ ਕੇ ਆਪਣੇ ਫੌਜੀਆਂ ਨੂੰ ਤਨਖਾਹ ਦਿੱਤੀ ਸੀ। ਸਪੱਸ਼ਟ ਹੈ ਕਿ ਅਮਰਵੰਤ ਸਿੰਘ ਗੁਰਦੁਆਰੇ ਦੇ ਨਾਂ ਵਿਚਲੇ ਟੇਕਰੀ ਸ਼ਬਦ ਨੂੰ ਟੋਕਰੀ ਦਾ ਰੁਪਾਂਤਰ ਹੀ ਸਮਝਦੇ ਹਨ ਪਰ ਸਚਾਈ ਇਹ ਨਹੀਂ। ਸੰਖੇਪ ਵਿਚ ਇਸ ਸਥਾਨ ਬਾਰੇ ਦੰਦ ਕਥਾ ਜਾਣ ਲਈਏ। ਮਹਾਂਰਾਸ਼ਟਰ ਦੇ ਨੰਦੇੜ ਸ਼ਹਿਰ ਨੂੰ ਸਿੱਖ ਧਰਮ ਗ੍ਰੰਥਾਂ ਵਿਚ ਅਬਚਲ ਨਗਰ ਅਤੇ ਹਜ਼ੂਰ ਸਾਹਿਬ ਕਿਹਾ ਜਾਂਦਾ ਹੈ। ਇਸ ਸ਼ਹਿਰ ਤੋਂ ਤਿੰਨ ਕੁ ਮੀਲ ਦੂਰ ਨਾਂਦੇੜ-ਅਕੋਲਾ ਸੜਕ ਉਤੇ ਗੁਰਦੁਆਰਾ 'ਟੇਕਰੀ ਸਾਹਿਬ' ਸਥਿਤ ਹੈ ਜਿਸ ਨੂੰ 'ਗੁਰਦੁਆਰਾ ਮਾਲਟੇਕਰੀ/ਮਾਲਟੇਕੜੀ' ਵੀ ਕਿਹਾ ਜਾਂਦਾ ਹੈ। ਮਾਲ ਦਾ ਅਰਥ ਖਜ਼ਾਨਾ ਹੈ ਅਤੇ ਇਸ ਨਾਲ ਟੇਕਰੀ ਇਸ ਲਈ ਜੋੜਿਆ ਗਿਆ ਹੈ ਕਿ ਇਹ ਇੱਕ ਉਚੇ ਥਾਂ ਜਾਂ ਟਿੱਲੇ 'ਤੇ ਸਥਿਤ ਹੈ। ਮਾਨਤਾ ਹੈ ਕਿ ਗੁਰੂ ਨਾਨਕ ਦੇ ਸਮੇਂ ਏਥੇ ਗੁਪਤ ਖਜ਼ਾਨਾ ਦੱਬਿਆ ਪਿਆ ਸੀ। ਗੁਰੂ ਹਰਿਗੋਬਿੰਦ ਨੇ ਕਰਤਾਰਪੁਰੋਂ ਇੱਕ ਫਕੀਰ ਲੱਕੜਸ਼ਾਹ ਨੂੰ ਇਸ ਥਾਂ ਦੇ ਖਜ਼ਾਨੇ ਦੀ ਰਾਖੀ ਵਾਸਤੇ ਭੇਜਿਆ ਸੀ। ਇਹ ਫਕੀਰ ਦਸਵੇਂ ਗੁਰੂ ਜੀ ਦੇ ਆਉਣ ਤੱਕ ਖਜ਼ਾਨੇ ਦੀ ਰਾਖੀ ਕਰਦਾ ਰਿਹਾ। ਰੋਜ਼ਾਨਾ ਉਸ ਨੂੰ ਦੋ ਸੋਨੇ ਦੀਆਂ ਅਸ਼ਰਫੀਆਂ ਮਿਲਦੀਆਂ ਸਨ। ਗੁਰੂ ਗੋਬਿੰਦ ਸਿੰਘ ਜਦੋਂ ਨੰਦੇੜ ਆਏ ਤਾਂ ਉਨ੍ਹਾਂ ਦੇ ਨਾਲ ਸਿੱਖ ਫੌਜਾਂ ਵੀ ਆਈਆਂ ਸਨ। ਸਿੱਖ ਫੌਜਾਂ ਨੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਅਸੀਂ ਘਰ ਵਾਪਸ ਜਾਣਾ ਹੈ, ਸਾਨੂੰ ਤਨਖਾਹਾਂ ਦਿਓ। ਗੁਰੂ ਸਾਹਿਬ ਨੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਹੁਕਮ ਕੀਤਾ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਗੁਪਤ ਖਜ਼ਾਨਾ ਮਾਲਟੇਕੜੀ ਦੀ ਥਾਂ 'ਤੇ ਹੈ, ਉਹ ਖਜ਼ਾਨਾ ਲੈ ਕਰ ਆਓ। ਦੋਵੇਂ ਪਿਆਰਿਆਂ ਨੇ ਫੌਜਾਂ ਲੈ ਕੇ ਰੱਖੇ ਖਜ਼ਾਨੇ ਨੂੰ ਕੱਢਿਆ ਅਤੇ ਖੱਚਰਾਂ, ਬੈਲ ਗੱਡੀਆਂ ਵਿਚ ਭਰ ਕੇ ਗੁਰਦੁਆਰਾ ਸ਼੍ਰੀ ਸੰਗਤ ਸਾਹਿਬ ਵਾਲੀ ਥਾਂ 'ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲੈ ਆਂਦਾ। ਉਨ੍ਹਾਂ ਇਹ ਖਜ਼ਾਨਾ ਢਾਲਾਂ ਭਰ-ਭਰ ਫੌਜਾਂ ਨੂੰ ਵੰਡਿਆ। ਬਾਕੀ ਜੋ ਖਜ਼ਾਨਾ ਬਚ ਗਿਆ ਉਹ ਵਾਪਸ ਗੁਰਦੁਆਰਾ ਸ਼੍ਰੀ ਮਾਲਟੇਕੜੀ ਵਾਲੀ ਥਾਂ 'ਤੇ ਗੁਪਤ ਰੱਖ ਦਿੱਤਾ। ਰਵਾਇਤ ਹੈ ਕਿ ਇਸ ਸਥਾਨ ਨੂੰ ਪਹਿਲਾਂ 'ਮਾਲ ਟਿੱਲਾ' ਕਿਹਾ ਜਾਂਦਾ ਸੀ।

ਦੰਦ ਕਥਾਵਾਂ ਵਿਚ ਸ਼ਾਇਦ ਹੀ ਕਿਧਰੇ ਇਹ ਜ਼ਿਕਰ ਹੈ ਕਿ ਗੁਰੂ ਜੀ ਨੇ ਟੋਕਰੀਆਂ ਭਰ ਭਰ ਕੇ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਵੰਡੀ ਜਦ ਕਿ ਇਹ ਤੱਥ ਹੈ ਕਿ ਗੁਰਦੁਆਰਾ ਸਥਾਨ ਉਚੀ ਜਗਾਹ 'ਤੇ ਹੈ। ਮਹਾਰਾਸ਼ਟਰ ਦੀ ਭਾਸ਼ਾ ਮਰਾਠੀ ਵਿਚ ਟੇਕਰੀ ਲਈ ਟੇਕੜੀ ਸ਼ਬਦ ਹੈ ਇਸ ਲਈ ਇਸ ਧਾਰਮਿਕ ਅਸਥਾਨ ਦਾ ਬਹੁਤਾ ਪ੍ਰਚੱਲਤ ਨਾਂ 'ਗੁਰਦਵਾਰਾ ਮਾਲਟੇਕੜੀ' ਹੀ ਹੈ। 'ਮਹਾਨ ਕੋਸ਼' ਅਨੁਸਾਰ ਵੀ ਟੇਕਰੀ ਨੂੰ ਦੱਖਣੀ ਭਾਸ਼ਾ ਵਿਚ ਟੇਕੜੀ ਕਿਹਾ ਜਾਂਦਾ ਹੈ। ਏਥੇ ਹੀ ਬੱਸ ਨਹੀਂ, ਗੁਰੂ ਨਾਨਕ ਦੇਵ ਜੀ ਨਾਲ ਜੁੜੇ ਇੱਕ ਹੋਰ ਧਾਰਮਿਕ ਸਥਾਨ ਦਾ ਨਾਂ ਵੀ ਟੇਕਰੀ ਸਾਹਿਬ ਹੈ ਜੋ ਕਿ ਮੱਧ ਪ੍ਰਦੇਸ਼ ਦੇ ਭੋਪਾਲ ਸ਼ਹਿਰ ਵਿਚ ਹੈ। ਗੁਰੂ ਜੀ ਏਥੇ ਉਦਾਸੀਆਂ ਦੌਰਾਨ ਗਏ ਦੱਸੇ ਜਾਂਦੇ ਹਨ। ਗੁਰਦੁਆਰੇ ਦੇ ਬਾਹਰ ਲੱਗੇ ਬੋਰਡ ਵਿਚ ਇਸ ਦਾ 'ਇਤਿਹਾਸ' ਦੱਸਿਆ ਗਿਆ ਹੈ। ਇਸ ਅਨੁਸਾਰ ਰਾਜਾ ਭੋਜ ਦੇ ਦਰਬਾਰੀ ਗਣਪਤ ਨੂੰ ਕਿਸੇ ਵਿਭਚਾਰ ਕਾਰਨ ਕੋੜ੍ਹ ਹੋ ਗਿਆ ਜੋ ਤਮਾਮ ਉਪਚਾਰਾਂ ਉਪਰੰਤ ਵੀ ਠੀਕ ਨਾ ਹੋਇਆ। ਘਰੋਂ ਛੇਕਿਆ ਗਣਪਤ ਇੱਕ ਵੀਰਾਨ ਟਿੱਲੇ 'ਤੇ ਕੁਟੀਆ ਬਣਾ ਕੇ ਰਹਿਣ ਲੱਗ ਪਿਆ। ਜਲਾਲੂਦੀਨ ਨਾਂ ਦੇ ਪੀਰ ਦੇ ਕਹਿਣ 'ਤੇ ਉਹ ਗੁਰੂ ਨਾਨਕ ਦਾ ਨਾਂ ਧਿਆਉਣ ਲੱਗ ਪਿਆ ਤਾਂ ਆਖਰ ਗੁਰੂ ਜੀ ਪ੍ਰਗਟ ਹੋ ਗਏ। ਉਨ੍ਹਾਂ ਬਾਲੇ ਨੂੰ ਪਹਾੜੀ ਦੇ ਹੇਠੋਂ ਜਲ ਲਿਆਉਣ ਲਈ ਕਿਹਾ। ਗੁਰੂ ਜੀ ਨੇ ਇਹ ਜਲ ਕੋੜ੍ਹੀ ਗਣਪਤ 'ਤੇ ਛਿੜਕ ਦਿੱਤਾ। ਜਲ ਦੇ ਅਸਰ ਵਜੋਂ ਬਾਂਵਰਾ ਹੋਇਆ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਹੋਸ਼ ਆਈ ਤਾਂ ਉਸ ਦਾ ਕੋੜ੍ਹ ਤਾਂ ਠੀਕ ਹੋ ਚੁੱਕਾ ਸੀ ਪਰ ਗੁਰੂ ਜੀ ਉਥੋਂ ਅਲੋਪ ਸਨ। ਬਾਅਦ ਵਿਚ ਜਿਸ ਥਾਂ ਤੋਂ ਪਾਣੀ ਲਿਆਂਦਾ ਉਥੇ ਗੁਰਦੁਆਰਾ ਬਾਉਲੀ ਸਾਹਿਬ ਤੇ ਗਣਪਤ ਦੀ ਝੌਂਪੜੀ ਵਾਲੇ ਸਥਾਨ 'ਤੇ ਗੁਰਦੁਆਰਾ ਟੇਕਰੀ ਸਾਹਿਬ ਉਸਾਰਿਆ ਗਿਆ। ਇਸ 'ਇਤਿਹਾਸ' ਦੀ ਸਚਾਈ ਕੇਵਲ ਇਸੇ ਤੱਥ ਤੋਂ ਝੁਠਿਆਈ ਜਾ ਸਕਦੀ ਹੈ ਕਿ ਰਾਜਾ ਭੋਜ ਗਿਆਰ੍ਹਵੀਂ ਸਦੀ ਵਿਚ ਹੋਏ ਸਨ ਤੇ ਗੁਰੂ ਨਾਨਕ ਪੰਦਰਵੀਂ ਸਦੀ ਵਿਚ। ਖੈਰ ਸਾਡਾ ਮਕਸਦ ਏਥੇ ਇਹ ਦ੍ਰਿੜ੍ਹਾਉਣਾ ਹੈ ਕਿ ਇਹ ਗੁਰਦੁਆਰਾ ਉਚੇ ਸਥਾਨ 'ਤੇ ਹੈ ਤਦੇ ਇਸ ਦੇ ਨਾਂ ਵਿਚ ਟੇਕਰੀ/ਟੇਕੜੀ ਸ਼ਬਦ ਹੈ। ਭਾਰਤ ਵਿਚ ਵਿਭਿੰਨ ਧਰਮਾਂ ਨਾਲ ਸਬੰਧਤ ਬਹੁਤ ਸਾਰੀਆਂ ਟੇਕਰੀਆਂ ਹਨ ਜਿਵੇਂ ਹੈਦਰਾਬਾਦ ਵਿਚ ਹਨੂਮਾਨ ਟੇਕਰੀ, ਲਾਲ ਟੇਕਰੀ, ਮੂਸਾਰਾਮ ਟੇਕਰੀ। ਮੱਧ ਪ੍ਰਦੇਸ਼ ਵਿਚ ਜਾਵਰਾ ਦੇ ਸਥਾਨ 'ਤੇ ਇਕ ਹੁਸੈਨ ਟੇਕਰੀ ਹੈ ਜਿਥੇ ਲੋਕਾਂ ਨੂੰ ਕਰਬਲਾ ਦੇ ਸ਼ਹੀਦਾਂ ਦੀਆਂ ਰੂਹਾਂ ਜਿੰਨਾਂ ਭੂਤਾਂ ਦੇ ਰੂਪ ਵਿਚ ਦਿਸੀਆਂ ਸਨ। ਮਾਨਤਾ ਹੈ ਕਿ ਇਹ ਜਿੰਨ ਭੂਤ ਮਾਨਸਿਕ ਬੀਮਾਰੀਆਂ ਦੂਰ ਕਰ ਦਿੰਦੇ ਹਨ। ਭਾਰਤ ਵਿਚ ਤਪ ਦੇ ਚਾਹਵਾਨ ਆਮ ਤੌਰ 'ਤੇ ਉਚੇ ਸਥਾਨ ਹੀ ਚੁਣਦੇ ਸਨ। ਇਸ ਲਈ ਇਸ ਸ਼ਬਦ ਦਾ ਅਰਥ ਘਰ ਜਿਹਾ ਵੀ ਹੋ ਗਿਆ ਹੈ,"ਯਮੁਨਾ ਅਪਨੀ ਧੋਤੀ ਲੇਕਰ ਬਜਰੈ ਸੇ ਉਤਰੀ ਔਰ ਬਾਲੂ ਕੀ ਏਕ ਊਂਚੀ ਟੇਕਰੀ ਕੇ ਕੋਨੇ ਮੇਂ ਚਲੀ ਗਈ।"

ਟੋਕਰਾ ਸ਼ਬਦ ਦੀ ਵਿਉਤਪਤੀ ਹੋਰ ਪਾਸਿਓਂ ਹੈ। ਕੋਸ਼ਕਾਰ ਪਲੈਟਸ ਨੇ ਇਸ ਨੂੰ ਸੰਸਕ੍ਰਿਤ 'ਸਤੋਤ' ਤੋਂ ਬਣਿਆ ਦੱਸਿਆ ਹੈ ਜਿਸ ਵਿਚ ਅਲਪਤਾ, ਥੋੜਾਪਣ ਦਾ ਭਾਵ ਹੈ ਪਰ ਇਹ ਸਪੱਸ਼ਟ ਨਹੀਂ ਹੁੰਦਾ ਕਿ ਥੋੜੇਪਣ ਦਾ ਟੋਕਰੇ ਨਾਲ ਕੀ ਜੋੜ ਬੈਠਦਾ ਹੈ। ਹਾਂ ਇਹ ਗੱਲ ਜ਼ਰੂਰ ਹੈ ਕਿ 'ਥੋੜਾ' ਸ਼ਬਦ ਸਤੋਤ ਤੋਂ ਵਿਉਤਪਤ ਹੋਇਆ। ਇਸ ਪਾਸੇ ਫਿਰ ਆਵਾਂਗੇ। ਟਰਨਰ ਨੇ ਇਸ ਦੀ ਮੁਢੀ *ਟੋਕ ਦਰਸਾਈ ਹੈ ਜਿਸ ਵਿਚ ਟੋਕਰਾ ਦਾ ਭਾਵ ਹੈ। ਇਸ ਸ਼ਬਦ ਦਾ ਕੁਝ ਪਸਾਰਾ ਪੇਸ਼ ਕਰਦੇ ਹਾਂ। ਬੰਗਾਲੀ ਵਿਚ ਟੋਕਰੀਨੁਮਾ ਟੋਪੀ ਨੂੰ ਟੋਕਾ ਆਖਦੇ ਹਨ। ਹੋਰ ਭਾਸ਼ਾਵਾਂ ਵਿਚ ਟੋਕਰਾ/ਟੋਕਰੀ ਲਈ ਸ਼ਬਦ ਹਨ: ਉੜੀਆ, ਟੋਕਾਈ, ਮਰਾਠੀ ਟੋਕਵੀ, ਸਿੰਧੀ ਟੋਕਿਰੋ, ਹਿੰਦੀ, ਨੈਪਾਲੀ: ਟੋਕਰਾ/ਟੋਕਰੀ; ਪਹਾੜੀ ਟੁਕਰੂ ਜੋ ਛਿਟੀਆਂ ਅਤੇ ਚੀਕਣੀ ਮਿੱਟੀ ਦਾ ਬਣਿਆ ਹੁੰਦਾ ਹੈ। ਮਰਾਠੀ ਵਿਚ ਚਮੜੇ ਦੀ ਬਣੀ ਗੋਲ ਟੋਕਰੀ ਨੂੰ ਟੋਕਰ ਆਖਦੇ ਹਨ।

# ਕੈਨੇਡਾ ਜਾਣ ਦਾ ਚਾਅ...

ਗੁਰਤੇਜ ਸਿੰਘ ਕੱਟੂ
ਫੋਨ: 98155-94197

ਬਰੈਂਪਟਨ ਤੋਂ ਛੇ ਕੁ ਮਹੀਨੇ ਬਾਅਦ ਵਾਪਸ ਪੰਜਾਬ ਪਰਤੀ ਮੇਰੀ ਦੋਸਤ ਨੂੰ ਮਿਲਣ ਦਾ ਬੜਾ ਚਾਅ ਸੀ। ਮੇਰੇ ਮਨ ਵਿਚ ਬੇਚੈਨੀ ਸੀ, ਇੱਕ ਉਤਸੁਕਤਾ ਕਿ ਉਹ ਕਿਹੋ ਜਿਹਾ ਅਨੁਭਵ ਲੈ ਕੇ ਆਈ ਹੋਵੇਗੀ "ਸੁਪਨਿਆਂ ਦੀ ਧਰਤੀ" ਤੋਂ। ਕਿਉਂਕਿ ਮੈਂ ਵੀ ਕੈਨੇਡਾ ਜਾਣ ਦੀ ਇੱਛਾ ਰੱਖਦਾ ਸਾਂ, ਆਪਣੀ ਪੀੜ੍ਹੀ ਦੇ ਅਨੇਕਾਂ ਹੋਰ ਜਵਾਨਾਂ ਵਾਂਗ। ਸੁਪਨੇ ਅਤੇ ਉਮੀਦਾਂ, ਇਹ ਦੋਵੇਂ ਹੀ ਉਸ ਮੁਲਕ ਨਾਲ ਜੁੜੇ ਹੋਏ ਸਨ।

ਜਦੋਂ ਉਹ ਮੇਰੇ ਸਾਹਮਣੇ ਸਕੂਟੀ ਲੈ ਆਈ ਤੇ ਕਹਿੰਦੀ, "ਚੱਲ ਆਜਾ ਬਹਿਜਾ, ਆਪਾਂ 25 ਸੈਕਟਰ ਵਾਲੇ ਡੈਂਟਲ ਹਸਪਤਾਲ ਜਾਣਾ। ਕੈਨੇਡਾ ਜਾ ਕੇ ਮੇਰੇ ਦੰਦ ਦਾ ਕੈਪ ਲਹਿ ਗਿਆ ਸੀ, ਉਹ ਲਗਵਾਉਣਾ," ਮੈਂ ਝੱਟ-ਝੱਟੀ ਵਿਚ ਉਸ ਦੀ ਸਕੂਟੀ 'ਤੇ ਬੈਠ ਗਿਆ। ਰਾਹ ਦੌਰਾਨ ਮੇਰਾ ਮਨ ਤਿਆਰ ਨਹੀਂ ਹੋ ਰਿਹਾ ਸੀ ਕਿ ਕਿਹੜੇ ਸਵਾਲਾਂ ਨਾਲ ਗੱਲ ਸ਼ੁਰੂ ਕਰਾਂ। ਮੇਰੇ ਸੋਚਣ ਤੋਂ ਪਹਿਲਾਂ ਹੀ ਉਸ ਨੇ ਸਵਾਲ ਪੁੱਛ ਲਿਆ, "ਤੇਰੀ ਪੀਐਚ. ਡੀ. ਕਿਵੇਂ ਚੱਲ ਰਹੀ ਆ ਗੁਰਤੇਜ?" ਇਹ ਸਵਾਲ ਉਸ ਸਮੇਂ ਜਿਵੇਂ ਮੇਰੇ ਮਨ ਦੇ ਸੁਪਨਿਆਂ ਦੇ ਅੰਦਰ ਖਲਲ ਪਾ ਗਿਆ।

ਮੈਂ ਹੌਲੀ ਜਵਾਬ ਦਿੱਤਾ, "ਬਹੁਤ ਵਧੀਆ। ਅਗਲੇ ਸਾਲ ਕੰਪਲੀਟ ਕਰ ਦੇਵਾਂਗਾ।"

"ਤੂੰ ਦੱਸ ਕੈਨੇਡਾ ਬਾਰੇ, ਪੀ. ਐਚ. ਡੀ. ਤਾਂ ਚਲਦੀਆਂ ਰਹਿਣਗੀਆਂ!

ਐਨੇ 'ਚ ਡੈਂਟਲ ਹਸਪਤਾਲ ਆ ਗਿਆ, ਮੇਰੇ ਮਨ ਅੰਦਰ ਸਵਾਲ ਦਰ ਸਵਾਲ ਪੈਦਾ ਹੋ ਰਹੇ ਸੀ ਪਰ ਮੈਂ ਥੋੜ੍ਹਾ ਹੈਰਾਨ ਵੀ ਸਾਂ ਕਿ ਇਹ ਕੈਨੇਡਾ ਬਾਰੇ ਉਸ ਚਾਅ ਨਾਲ ਕਿਉਂ ਨੀ ਗੱਲ ਕਰ ਰਹੀ ਜਿਸ ਚਾਅ ਨਾਲ ਮੈਂ ਸਵਾਲ ਕਰ ਰਿਹਾਂ! ਫਿਰ ਸੋਚਿਆ ਸ਼ਾਇਦ ਉਸਦੇ ਦੰਦ ਦੀ ਤਕਲੀਫ਼ ਜ਼ਿਆਦਾ ਹੋਣੀ ਏ।

ਫਿਰ ਓਥੇ ਹਸਪਤਾਲ 'ਚ ਅੱਧਾ ਕੁ ਘੰਟਾ ਅਸੀਂ ਆਮ ਗੱਲਬਾਤ ਕੀਤੀ ਤੇ ਵਾਪਸ ਯੂਨੀਵਰਸਿਟੀ ਪਰਤ ਆਏ। ਵਾਪਸ ਆ ਕੇ ਰੋਜ਼ ਗਾਰਡਨ 'ਚ ਬੈਠ ਗਏ, ਤੇ ਆਖਰਕਾਰ ਉਸਨੇ ਕੈਨੇਡਾ ਬਾਰੇ ਗੱਲਬਾਤ ਸ਼ੁਰੂ ਕੀਤੀ ਤੇ ਮੈਂ ਆਪਣੇ ਸਵਾਲ..."ਤੂੰ ਵਾਪਿਸ ਕਦੋਂ ਜਾਣਾ ਹੁਣ ਕੈਨੇਡਾ?"

"ਮੈਂ ਦੋ ਕੁ ਮਹੀਨਿਆਂ ਬਾਅਦ ਜਾਣਾ...!"

ਉਸਨੇ ਤੁਰੰਤ ਜਵਾਬ ਦਿੱਤਾ। "ਓਕੇ, ਗੁੱਡ!" ਸੁਭਾਵਕ ਹੀ ਮੇਰੇ ਮੂੰਹੋਂ ਨਿਕਲਿਆ।

"ਕੀ ਕੰਮ ਕਰਦੀ ਹੁੰਦੀ ਸੀ ਕੈਨੇਡਾ 'ਚ...?"

"ਕੁਝ ਨਹੀਂ," ਉਸ ਨੇ ਇੱਕ ਠੰਢੇ ਜਵਾਬ ਵਿਚ ਕਿਹਾ। ਉਹ ਵਾਰਤਾ ਜਿਵੇਂ ਕੈਨੇਡਾ ਦੇ ਰੰਗੇ ਸੁਪਨਿਆਂ ਨੂੰ ਥੋੜ੍ਹਾ-ਥੋੜ੍ਹਾ ਕਮਜ਼ੋਰ ਕਰ ਰਹੀ ਸੀ।

ਉਹ ਦੱਸਣ ਲੱਗੀ ਕਿ "ਜਦ ਸਨੋਅ ਪੈਂਦੀ ਸੀ, ਉਹ ਘਰ ਦੀ ਚਾਰਦਿਵਾਰੀ ਅੰਦਰ ਕੈਦ ਹੋ ਜਾਂਦੀ, ਕੁਦਰਤ ਦਾ ਸੋਹਣਾ ਰੰਗ ਵੀ ਬੰਦ ਕਮਰੇ ਦੀ ਨੀਰਸਤਾ ਵਿਚ ਬਦਲ ਜਾਂਦਾ। ਜਦੋਂ ਮੌਸਮ ਠੀਕ ਹੁੰਦਾ ਤਾਂ ਘੁੰਮਣ ਚਲੀ ਜਾਂਦੀ। ਜਿੱਥੇ ਮੈਂ ਰਹਿੰਦੀ ਸੀ ਗੁਰਤੇਜ, ਓਥੇ ਲਗਭਗ ਛੇ ਮਹੀਨੇ ਸਨੋਅ ਪੈਂਦੀ ਏ ਤੇ ਉਹ ਛੇ ਮਹੀਨੇ ਬੰਦੇ ਨੂੰ ਜ਼ਿਆਦਾ ਸਮਾਂ ਅੰਦਰ ਹੀ ਰਹਿਣਾ ਪੈਂਦਾ, ਚਾਰਦੀਵਾਰੀ ਅੰਦਰ। ਜ਼ਿੰਦਗੀ ਐਨੀ ਸੌਖੀ ਨਹੀਂ ਜਿੰਨੀ ਅਸੀਂ ਏਥੇ ਸੋਚਦੇ ਹਾਂ।"

ਜਦੋਂ ਉਹ ਅਜਿਹੀਆਂ ਗੱਲਾਂ ਕਰ ਰਹੀਂ ਸੀ ਤਾਂ ਮੇਰੇ ਮਨ ਅੰਦਰ ਸਿਰਜੇ ਕੈਨੇਡਾ ਦੀ ਚਮਕ ਥੋੜ੍ਹੀ ਧੁੰਦਲੀ ਪੈ ਰਹੀ ਸੀ।

"ਹਾਂ ਪਰ ਸਰਕਾਰ, ਪ੍ਰਬੰਧ, ਸਹੂਲਤਾਂ ਪੱਖੋਂ ਤਾਂ ਬਾ-ਕਮਾਲ ਆ ਕੈਨੇਡਾ।" ਇਹ ਗੱਲ ਉਸ ਨੇ ਥੋੜ੍ਹੇ ਚਾਅ ਨਾਲ ਬਾਅਦ 'ਚ ਕਹੀ। "ਇਕ ਦਿਨ ਮੈਂ ਓਥੇ ਆਪਣੇ ਘਰ ਦੇ ਬਾਹਰ ਖੜ੍ਹੀ ਸਾਂ ਤੇ ਮੇਰਾ ਫੋਨ ਮੇਰੀ ਜੇਬ 'ਚ ਸੀ। ਪਤਾ ਨੀ ਕਿਸ ਤਰ੍ਹਾਂ ਉਸ ਤੋਂ ਕੈਨੇਡੀਅਨ ਐਮਰਜੈਂਸੀ ਨੰਬਰ ਡਾਇਲ ਹੋ ਗਿਆ। ਫਿਰ ਮੈਨੂੰ ਜਦੋਂ ਬੈਕ ਕਾਲ ਆਈ ਤਾਂ ਫੋਨ 'ਤੇ ਗੋਰੇ ਔਫਿਸਰ ਨੇ ਪੁੱਛਿਆ, "ਇਸ ਸਮੇਂ ਤੁਸੀਂ ਕਿਥੇ ਹੋ, ਤੁਸੀਂ ਸਾਨੂੰ ਕਾਲ ਕੀਤੀ ਸੀ, ਕੀ ਤੁਸੀਂ ਸੇਫ ਹੋ?" ਸਵਾਲ 'ਤੇ ਸਵਾਲ ਤੇ ਮੈਂ ਕਿਹਾ "ਸਰ ਗਲਤੀ ਨਾਲ ਲੱਗ ਗਿਆ ਸੀ।" ਪਰ ਗੋਰੇ ਨੂੰ ਲੱਗਦਾ ਸੀ ਕਿ ਮੇਰੇ ਤੋਂ ਕੋਈ ਫੋਰਸ ਨਾਲ ਇਹ ਗੱਲ ਕਹਾ ਰਿਹਾ ਹੈ। ਫਿਰ ਉਨ੍ਹਾਂ ਕਿਹਾ "ਸਾਨੂੰ ਤੁਸੀਂ ਦੱਸੋ ਹੁਣ ਕਿਥੇ ਹੋ?" ਤਾਂ ਮੈਂ ਆਪਣਾ ਐਡਰੈਸ ਦਿੱਤਾ ਤੇ ਦੋ ਕੁ ਮਿੰਟਾਂ ਬਾਅਦ ਉਹ ਮੈਨੂੰ ਮਿਲ ਕੇ ਗਏ ਤੇ ਜਾਂਦੇ ਜਾਂਦੇ ਪਿਆਰੀ ਜਿਹੀ ਸਮਾਈਲ ਦੇ ਗਏ।"

ਇਹ ਸੁਣਦਿਆਂ ਇਕ ਵਾਰ ਫਿਰ ਕੈਨੇਡਾ ਦੀ ਚਮਕ ਬਰਕਰਾਰ ਹੋ ਗਈ। ਇਸ ਗੱਲ ਤੋਂ ਬਾਅਦ ਉਹ ਇਕਦਮ ਚੁੱਪ ਹੋ ਗਈ। ਉਸਨੇ ਲੰਮਾ ਸਾਹ ਲਿਆ ਤੇ ਕਿਹਾ, "ਪਰ...ਜਿਹੜੀ ਮਿੱਟੀ ਦੀ ਮਿਠਾਸ ਸਾਡੇ ਪੰਜਾਬ ਦੀ ਧਰਤੀ 'ਚ ਹੈ, ਹੋਰ ਕਿਸੇ ਵੀ ਦੇਸ਼ 'ਚ ਨਹੀ। ਕੈਨੇਡੇ ਦੀ ਮਿੱਟੀ 'ਚ ਸਹੂਲਤਾਂ ਹਨ ਪਰ ਦਿਲ ਦੇ ਜਜ਼ਬਾਤਾਂ ਨੂੰ ਨਿਰਵਾਣ ਕਰਨ ਵਾਲੀ ਸ਼ਕਤੀ ਇੱਥੇ ਹੀ ਹੈ।"

"ਯਾਰ...ਸੱਚ ਦੱਸਾਂ ਤਾਂ ਸਾਡੇ ਪੰਜਾਬ, ਭਾਰਤ ਦੀ ਧਰਤੀ ਵਰਗੀ ਧਰਤੀ ਨਹੀਂ ਉਥੇ, ਜੋ ਕੁਝ ਇਹ ਧਰਤੀ ਪੈਦਾ ਕਰ ਸਕਦੀ ਆ ਉਹ ਸ਼ਾਇਦ ਹੀ ਕਿਸੇ ਦੇਸ਼ ਦੀ ਧਰਤੀ ਪੈਦਾ ਕਰ ਸਕਦੀ ਹੋਵੇ...ਪਰ ਏਥੋਂ ਦੀਆਂ ਸਰਕਾਰਾਂ ਨੇ ਇਸਦਾ ਨਾਸ ਮਾਰ ਦਿੱਤਾ ਤੇ ਸਾਡੀ ਮਜਬੂਰੀ ਬਣਾ ਦਿੱਤੀ, ਇਥੋਂ ਨਿੱਕਲ ਜਾਣ ਦੀ। ਕੈਨੇਡੇ 'ਚ ਸਭ ਸੁੱਖ ਸਹੂਲਤਾਂ ਨੇ ਪਰ ਓਥੋਂ ਦੀ ਮਿਟੀ 'ਚ ਉਹ ਮਿਠਾਸ ਤੇ ਸ਼ਕਤੀ ਨਹੀਂ ਜੋ ਭਾਰਤ/ਪੰਜਾਬ ਦੀ ਮਿੱਟੀ 'ਚ ਆ।"

ਉਸਦੀ ਕਹਾਣੀ ਨੇ ਮੇਰੇ ਸੁਪਨਿਆਂ ਵਿਚ ਕਸ਼ਮਕਸ਼ ਪੈਦਾ ਕਰ ਦਿੱਤੀ, ਤੇ ਮਨ 'ਚ ਸਵਾਲ ਉਠਿਆ ਕਿ "ਕੀ ਇਨ੍ਹਾਂ ਸਹੂਲਤਾਂ ਦੇ ਬਦਲੇ ਆਪਣੀਆਂ ਜੜ੍ਹਾਂ ਨੂੰ ਖੋ ਦੇਣਾ ਸਹੀ ਹੈ?"

ਉਹ ਸਵਾਲਾਂ ਦੀਆਂ ਗੂੰਜਾਂ ਛੱਡ ਕੇ ਚੁੱਪ ਹੋ ਗਈ, ਤੇ ਅਸੀਂ ਦੋਵੇਂ ਆਪਣੇ-ਆਪਣੇ ਹੋਸਟਲ ਵੱਲ ਚਲ ਪਏ ਪਰ ਉਹ ਗੱਲਾਂ ਅਜੇ ਵੀ ਮੇਰੇ ਦਿਲ ਅਤੇ ਦਿਮਾਗ ਵਿਚ ਗੂੰਜਦੀਆਂ ਹਨ। ਕੈਨੇਡਾ ਦੀ ਚਮਕ ਅਤੇ ਪੰਜਾਬ ਦੀ ਮਿੱਟੀ ਦੀ ਮਿਠਾਸ ਦੇ ਦਰਮਿਆਨ ਫਸਿਆ ਮੈਂ ਸੋਚਦਾ ਰਹਿ ਗਿਆ...।

# ਧਰਮਾਂ ਦੀਆਂ ਵਲਗਣਾਂ ਦੇ ਆਰ-ਪਾਰ

***ਆਪਣੇ ਤੋਂ ਇਲਾਵਾ ਹੋਰਨਾਂ ਧਰਮਾਂ ਪ੍ਰਤੀ ਸਤਿਕਾਰ ਦੂਜੇ ਧਰਮਾਂ ਦੇ ਲੋਕਾਂ ਨਾਲ ਮੇਲ-ਮਿਲਾਪ ਦੀ ਚਾਹਤ ਪੈਦਾ ਕਰਦਾ ਹੈ ਪਰ ਗਾਂਧੀ ਲਈ ਇਹ ਮਾਮਲਾ ਕੋਈ ਨਿੱਜੀ ਚੋਣ ਮਾਤਰ ਨਹੀਂ ਸੀ ਸਗੋਂ ਸਿਆਸੀ ਕਰਮ ਵੀ ਸੀ। 1941 ਵਿਚ ਗਾਂਧੀ ਨੇ ਤੀਹ ਪੰਨਿਆਂ ਦਾ ਕਿਤਾਬਚਾ ਛਾਪਿਆ ਜਿਸ ਵਿਚ 'ਉਸਾਰੂ ਪ੍ਰੋਗਰਾਮ' ਦਾ ਵਰਣਨ ਕੀਤਾ ਗਿਆ ਸੀ ਜਿਸ ਨੂੰ ਕਾਂਗਰਸ ਪਾਰਟੀ ਦੇ ਹਰੇਕ ਮੈਂਬਰ ਲਈ ਅਪਣਾਉਣਾ ਜ਼ਰੂਰੀ ਸੀ। ਇਸ ਵਿਚ ਜੋ ਵਿਸ਼ੇ ਦਰਜ ਕੀਤੇ ਗਏ ਸਨ ਉਨ੍ਹਾਂ ਵਿਚ ਛੂਆਛਾਤ ਦਾ ਖਾਤਮਾ, ਖਾਦੀ ਨੂੰ ਹੱਲਾਸ਼ੇਰੀ, ਔਰਤਾਂ ਦਾ ਉਥਾਨ ਅਤੇ ਆਰਥਿਕ ਸਮਾਨਤਾ ਦੀ ਪੈਰਵੀ ਸ਼ਾਮਿਲ ਸਨ।***

ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇੱਕ ਇਹ ਹੈ ਕਿ ਵੱਖ-ਵੱਖ ਧਰਮਾਂ ਦੇ ਲੋਕ ਆਪਸ ਵਿਚ ਮਿਲ-ਜੁਲ ਕੇ ਸ਼ਾਂਤੀ ਨਾਲ ਕਿਵੇਂ ਰਹਿਣ। ਮੱਧ ਪੂਰਬ ਅਤੇ ਦੱਖਣੀ ਏਸ਼ੀਆ ਵਿਚ ਧਾਰਮਿਕ ਬਹੁਗਿਣਤੀਵਾਦ ਦੇ ਸਿਧਾਂਤ 'ਤੇ ਰਾਸ਼ਟਰੀ ਰਾਜ ਦੇ ਗਠਨ ਅਤੇ ਗ਼ੈਰ-ਇਸਾਈ ਆਬਾਦੀ ਦੇ ਯੂਰਪ ਅਤੇ ਉੱਤਰੀ ਅਮਰੀਕਾ ਦੇ ਦੇਸ਼ਾਂ ਵੱਲ ਪਰਵਾਸ ਨਾਲ ਵੈਰ-ਭਾਵੀ ਅਤੇ ਧਰਮ ਦੇ ਆਧਾਰ 'ਤੇ ਹਿੰਸਕ ਟਕਰਾਅ ਪੈਦਾ ਹੋਏ। ਹੰਕਾਰ ਅਤੇ ਸਰਬਸ਼੍ਰੇਸ਼ਠਤਾ ਦੀ ਭਾਵਨਾ ਅਕਸਰ ਸਹਿਣਸ਼ੀਲਤਾ ਅਤੇ ਆਪਸੀ ਸਮਝ-ਬੂਝ ਉੱਪਰ ਹਾਵੀ ਹੋ ਜਾਂਦੀ ਹੈ।

ਅਮਰੀਕੀ ਵਿਦਵਾਨ ਥਾਮਸ ਅਲਬਰਟ ਹਾਵਰਡ ਨੇ ਆਪਣੀ ਕਿਤਾਬ 'ਦਿ ਫੇਥਸ ਆਫ ਅਦਰਜ਼: ਏ ਹਿਸਟਰੀ ਆਫ ਇੰਟਰਰਿਲੀਜੀਅਸ



ਡਾਇਲਾਗ' ਵਿਚ ਵਡੇਰੀ ਅੰਤਰ-ਧਰਮੀ ਸਮਝ-ਬੂਝ ਬਾਰੇ ਕਾਫ਼ੀ ਸ਼ਿੱਦਤ ਨਾਲ ਲਿਖਿਆ ਹੈ। ਹਾਵਰਡ ਦੀ ਕਿਤਾਬ ਦਾ ਵੱਡਾ ਹਿੱਸਾ ਇਸਾਈਅਤ 'ਤੇ ਆਧਾਰਿਤ ਹੈ ਜਿਸ

**ਰਾਮਚੰਦਰ ਗੁਹਾ**

ਨਾਲ ਉਸ ਦੀ ਬਹੁਤੀ ਜਾਣ-ਪਛਾਣ ਸੀ। ਇਸਾਈ ਧਰਮ ਸ਼ਾਸਤਰੀ ਕਿਸੇ ਸਮੇਂ ਇਸ ਗੱਲ ਦੇ ਬਹੁਤ ਜ਼ਿਆਦਾ ਕਾਇਲ ਸਨ ਕਿ ਉਨ੍ਹਾਂ ਦਾ ਧਰਮ ਹੀ ਸੱਚਾ ਧਰਮ ਹੈ। ਵੀਹਵੀਂ ਸਦੀ ਵਿਚ ਇਹ ਧਾਰਨਾ ਬਦਲਣੀ ਸ਼ੁਰੂ ਹੋਈ। ਕਿਸੇ ਵੇਲੇ ਆਪਣੇ ਅਧਿਆਤਮਿਕ ਗੁਮਾਨ ਲਈ ਜਾਣੇ ਜਾਂਦੇ ਕੈਥੋਲਿਕ ਚਰਚ ਨੇ 1960 ਵਿਚ ਦੂਜੇ ਧਰਮਾਂ ਨੂੰ ਮਾਨਤਾ ਦੇਣ ਦੀ ਸਹਿਜ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਅਗਸਤ 1964 ਦੇ ਇੱਕ ਬਿਆਨ ਵਿਚ ਪੋਪ ਨੇ ਕਿਹਾ ਸੀ ਕਿ ਉਨ੍ਹਾਂ ਦਾ ਚਰਚ ਵੱਖ-ਵੱਖ 'ਗ਼ੈਰ-ਇਸਾਈ ਧਰਮਾਂ ਦੀਆਂ ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਮਾਨਤਾ ਤੇ ਸਤਿਕਾਰ ਦੇਵੇਗਾ...।' ਪੱਚੀ ਸਾਲਾਂ ਬਾਅਦ ਇੱਕ ਹੋਰ ਪੋਪ ਨੇ ਅਗਾਂਹ ਆਖਿਆ ਕਿ 'ਸੰਵਾਦ ਪੈਂਤੜੇਵਾਦੀ ਸਰੋਕਾਰਾਂ ਅਤੇ ਸਵੈ ਹਿੱਤ 'ਚੋਂ ਨਹੀਂ ਉਪਜਦਾ ਸਗੋਂ ਇਹ ਅਜਿਹੀ ਸਰਗਰਮੀ ਹੈ ਜਿਸ ਦੇ ਰਾਹ ਦਰਸਾਊ ਸਿਧਾਂਤ, ਲੋੜਾਂ ਅਤੇ ਆਤਮ-ਸਨਮਾਨ ਹੁੰਦਾ ਹੈ।'

ਹਾਵਰਡ ਦੇ ਅਧਿਐਨ ਵਿਚ ਅੰਤਰ-ਧਰਮੀ ਸੰਵਾਦ ਦੇ ਦੋ ਭਾਰਤੀ ਪੈਰਵੀਕਾਰਾਂ ਦਾ ਵੀ ਜ਼ਿਕਰ ਆਉਂਦਾ ਹੈ। ਇਨ੍ਹਾਂ 'ਚੋਂ ਇੱਕ ਹੈ ਮੁਗ਼ਲ ਸਮਰਾਟ ਅਕਬਰ ਜਿਸ ਦੇ ਮੁਤੱਲਕ ਉਸ ਨੇ ਬਹੁਤੀ ਸੇਧ 1952 ਵਿਚ ਮੱਖਣ ਲਾਲ ਰਾਏ ਚੌਧਰੀ ਦੀ ਲਿਖੀ ਕਿਤਾਬ 'ਦੀਨ-ਏ-ਇਲਾਹੀ' 'ਚੋਂ ਲਈ ਸੀ। ਖ਼ਾਸ ਤੌਰ 'ਤੇ ਮੇਰੀ ਨਜ਼ਰ ਇੱਕ ਖ਼ਤ ਉੱਪਰ ਅਟਕ ਗਈ ਜੋ ਬਾਦਸ਼ਾਹ ਅਕਬਰ ਨੇ ਆਪਣੇ ਸਮਕਾਲੀ ਸਪੇਨ ਦੇ ਬਾਦਸ਼ਾਹ ਕਿੰਗ ਫਿਲਿਪ ਦੋਇਮ ਨੂੰ ਲਿਖਿਆ ਸੀ। ਯਹੂਦੀਆਂ ਅਤੇ ਮੁਸਲਮਾਨਾਂ ਦੇ ਦੇਸ਼ ਨਿਕਾਲੇ ਤੋਂ ਬਾਅਦ ਸਪੇਨ ਦੇ ਕੈਥੋਲਿਕ ਧਰਮ ਵਿਚ ਕੱਟੜਪੁਣਾ ਵਧ ਰਿਹਾ ਸੀ। ਅਕਬਰ ਨੇ ਆਪਣੇ ਹਮਰੁਤਬਾ ਬਾਦਸ਼ਾਹ ਨੂੰ ਹਿੰਦੋਸਤਾਨ ਤੋਂ ਸਬਕ ਲੈਣ ਲਈ ਕਿਹਾ ਜਿੱਥੇ 'ਹਰ ਕੋਈ ਆਪਣੀਆਂ ਦਲੀਲਾਂ ਅਤੇ ਕਾਰਨਾਂ ਦੀ ਤਸਦੀਕ ਕਰਵਾਏ ਬਿਨਾਂ, ਆਪਣੇ ਧਰਮ ਦੀ ਪਾਲਣਾ ਕਰਦਾ ਰਹਿੰਦਾ ਹੈ ਜਿਸ ਵਿਚ ਉਹ ਪੈਦਾ ਹੋ ਕੇ ਅਤੇ ਪੜ੍ਹ ਲਿਖ ਕੇ ਵੱਡਾ ਹੋਇਆ ਸੀ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਸਚਾਈ ਦਾ ਪਤਾ ਲਗਾਉਣ ਦੀ ਸੰਭਾਵਨਾ ਤੋਂ ਬਾਹਰ ਰੱਖਦਾ ਹੈ ਜੋ ਮਨੁੱਖੀ ਲਿਆਕਤ ਦਾ ਸਭ ਤੋਂ ਉੱਤਮ ਉਦੇਸ਼ ਹੈ। ਇਸ ਤਰ੍ਹਾਂ ਅਸੀਂ (ਹਿੰਦੁਸਤਾਨ ਵਿਚ) ਸੁਵਿਧਾਜਨਕ ਰੁੱਤਾਂ ਵਿਚ ਸਾਰੇ ਧਰਮਾਂ ਦੇ ਸਾਰੇ ਵਿਦਵਾਨਾਂ ਦੀ ਸੰਗਤ ਕਰਦੇ ਹਾਂ, ਇਸ ਤਰ੍ਹਾਂ ਉਨ੍ਹਾਂ ਦੇ ਸ਼ਾਨਦਾਰ ਪ੍ਰਵਚਨਾਂ ਅਤੇ ਉੱਚੀਆਂ ਸ਼ੁਭ ਕਾਮਨਾਵਾਂ ਤੋਂ ਲਾਭ ਪ੍ਰਾਪਤ ਕਰਦੇ ਹਾਂ'।

ਭਾਰਤ ਦੀ ਦੂਜੀ ਮਿਸਾਲ ਜਿਸ ਨੂੰ ਹਾਵਰਡ ਕੁਝ ਹੱਦ ਤੱਕ ਤਵੱਜੋ ਦਿੰਦਾ ਹੈ, ਉਹ ਸੀ ਸਵਾਮੀ ਵਿਵੇਕਾਨੰਦ ਜੋ ਅਕਬਰ ਤੋਂ ਕਈ ਸਦੀਆਂ ਬਾਅਦ ਹੋਇਆ। ਹੋਰਨਾਂ ਟਿੱਪਣੀਕਾਰਾਂ ਵਾਂਗ ਹੀ ਉਸ ਨੇ 1893 ਵਿਚ ਸ਼ਿਕਾਗੋ ਵਿਚ ਹੋਈ ਵਿਸ਼ਵ ਧਰਮ ਸੰਸਦ ਮੌਕੇ ਵਿਵੇਕਾਨੰਦ ਦੇ ਭਾਸ਼ਣ ਨੂੰ ਦਰਸਾਇਆ ਹੈ। ਉਨ੍ਹਾਂ ਪਹਿਲੀ ਵਾਰ ਸਾਨੂੰ ਇਸ ਸੰਸਦ ਦੇ ਆਦਰਸ਼ਾਂ ਤੋਂ ਜਾਣੂ ਕਰਾਇਆ ਹੈ ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਦੋਸਤਾਨਾ ਇਕੱਤਰਤਾਵਾਂ ਅਤੇ ਆਪਸੀ ਸਮਝ-ਬੂਝ ਪੈਦਾ ਕਰ ਕੇ ਵੱਖ-ਵੱਖ ਧਰਮਾਂ ਦੇ ਲੋਕਾਂ ਦਰਮਿਆਨ ਮਾਨਵੀ ਭਾਈਚਾਰੇ ਦੀ ਭਾਵਨਾ ਨੂੰ ਹੱਲਾਸ਼ੇਰੀ ਦੇਣਾ ਅਤੇ ਗਹਿਰਾ ਕਰਨਾ; ਅਤੇ ਸਥਾਈ ਕੌਮਾਂਤਰੀ

ਸ਼ਾਂਤੀ ਸਥਾਪਿਤ ਕਰਨ ਦੀ ਆਸ ਨਾਲ ਦੁਨੀਆ ਦੇ ਦੇਸ਼ਾਂ ਦਰਮਿਆਨ ਦੋਸਤਾਨਾ ਸਾਂਝ ਪੈਦਾ ਕਰਨਾ ਸ਼ਾਮਿਲ ਹਨ।'

ਹਾਵਰਡ ਫਿਰ ਸ਼ਿਕਾਗੋ ਵਿਚ ਸਵਾਮੀ ਵਿਵੇਕਾਨੰਦ ਦੇ ਭਾਸ਼ਣ ਦੇ ਕੁਝ ਅੰਸ਼ਾਂ ਦਾ ਜ਼ਿਕਰ ਕਰਦਾ ਹੈ। ਇਨ੍ਹਾਂ 'ਚੋਂ ਇੱਕ ਵਿਚ ਸਵਾਮੀ ਦੀ ਇਹ ਨਿਸ਼ਚਾ ਦਰਜ ਸੀ ਕਿ 'ਉਸ ਨੂੰ ਫਖ਼ਰ ਹੈ ਕਿ ਉਹ ਇੱਕ ਅਜਿਹੇ ਧਰਮ ਨਾਲ ਸਬੰਧ ਰੱਖਦਾ ਹੈ ਜਿਸ ਨੇ ਦੁਨੀਆ ਨੂੰ ਸਹਿਣਸ਼ੀਲਤਾ ਅਤੇ ਸਰਬਵਿਆਪੀ ਪ੍ਰਵਾਨਗੀ ਦਾ ਪਾਠ ਪੜ੍ਹਾਇਆ ਹੈ; ਤੇ ਨਾਲ ਹੀ ਉਸ ਨੂੰ ਇਹ ਵੀ ਮਾਣ ਹੈ ਕਿ ਉਹ ਇੱਕ ਅਜਿਹੇ ਦੇਸ਼ ਨਾਲ ਸਬੰਧ ਰੱਖਦਾ ਹੈ ਜੋ ਦੁਨੀਆ ਦੇ ਸਾਰੇ ਧਰਮਾਂ ਅਤੇ ਸਾਰੇ ਦੇਸ਼ਾਂ ਦੇ ਸਤਾਏ ਹੋਏ ਅਤੇ ਸ਼ਰਨਾਰਥੀ ਲੋਕਾਂ ਨੂੰ ਪਨਾਹ ਦਿੰਦਾ ਹੈ।' ਵਿਵੇਕਾਨੰਦ ਦਾ ਦੂਜਾ ਕਥਨ ਸ਼ਾਇਦ ਹੋਰ ਵੀ ਢੁਕਵਾਂ ਹੈ ਜੋ ਇਉਂ ਹੈ: 'ਤੰਗਨਜ਼ਰੀ, ਕੱਟੜਪੁਣਾ ਅਤੇ ਇਸ ਦੇ ਖੌਫਨਾਕ ਵੰਸ਼ਜ ਮੂਲਵਾਦ ਨੇ ਲੰਮੇ ਅਰਸੇ ਤੋਂ ਇਸ ਖ਼ੂਬਸੂਰਤ ਧਰਤੀ 'ਤੇ ਜੱਫਾ ਮਾਰਿਆ ਹੋਇਆ ਹੈ... ਪਰ ਇਸ ਦਾ ਅੰਤ ਆ ਗਿਆ ਹੈ ਅਤੇ ਮੈਨੂੰ ਪੁਰਜ਼ੋਰ ਆਸ ਹੈ ਕਿ ਇਹ ਸਵੇਰ ਘੰਟੀ (ਸੰਸਦ ਦੀ ਸ਼ੁਰੂਆਤ ਵੇਲੇ) ਵੱਜਣ ਸਾਰ ਹਰ ਤਰ੍ਹਾਂ ਦੇ



ਕੱਟੜਪੁਣੇ ਦਾ ਖਾਤਮਾ ਹੋ ਜਾਵੇਗਾ।'

ਹਾਵਰਡ ਨੇ ਗਾਂਧੀ ਦਾ ਜ਼ਿਕਰ ਕੁਝ ਹੋਰ ਪ੍ਰਸੰਗਾਂ ਵਿਚ ਕੀਤਾ ਹੈ ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਧਾਰਮਿਕ ਸੋਚ ਬਾਰੇ ਗਹਿਰਾਈ ਨਾਲ ਵਿਚਾਰ ਨਹੀਂ ਕੀਤਾ। ਦਰਅਸਲ, ਗਾਂਧੀ ਗਹਿਨਤਾ ਅਤੇ ਸ਼ਿੱਦਤ ਦੇ ਲਿਹਾਜ਼ ਤੋਂ ਅਕਬਰ ਅਤੇ ਵਿਵੇਕਾਨੰਦ ਨਾਲੋਂ ਵੀ ਵੱਡਾ ਧਾਰਮਿਕ ਬਹੁਲਤਾਵਾਦੀ ਸੀ। ਉਸ ਨੇ ਅੰਤਰ-ਧਰਮੀ ਸੰਵਾਦ ਦੀ ਪੈਰਵੀ ਕੀਤੀ ਅਤੇ ਇਸ ਨੂੰ ਅੰਤਰ-ਧਰਮੀ ਸਮਾਜਿਕ ਕਾਰਜ ਦੇ ਤੌਰ 'ਤੇ ਅਮਲ ਵਿਚ ਵੀ ਲਿਆਂਦਾ।

ਦੱਖਣੀ ਅਫਰੀਕਾ ਹੋਵੇ ਜਾਂ ਹਿੰਦੁਸਤਾਨ, ਉਨ੍ਹਾਂ ਦੇ ਸਤਿਆਗ੍ਰਹਿ ਦੁਨੀਆ ਦੇ ਸਾਰੇ ਧਰਮਾਂ ਦੇ ਲੋਕਾਂ ਨੂੰ ਕਲਾਵੇ ਵਿਚ ਲੈਣ ਦੀ ਤਲਬ ਰੱਖਦੇ ਸਨ। ਉਨ੍ਹਾਂ ਦੇ ਆਸ਼ਰਮਾਂ ਵਿਚ ਵੱਖ-ਵੱਖ ਧਰਮਾਂ ਦੇ ਲੋਕ ਇਕੱਠੇ ਰਹਿੰਦੇ ਸਨ ਜਿਸ ਸਦਕਾ ਉਨ੍ਹਾਂ ਦਰਮਿਆਨ ਆਪਸੀ ਸਤਿਕਾਰ ਅਤੇ ਸਮਝ-ਬੂਝ ਪੈਦਾ ਹੁੰਦੀ ਸੀ। ਉਨ੍ਹਾਂ ਦੀਆਂ ਅੰਤਰ-ਧਰਮੀ ਪ੍ਰਾਰਥਨਾਵਾਂ ਵਿਚ ਵੱਖ-ਵੱਖ ਧਰਮਾਂ ਦੇ ਵਚਨ ਅਤੇ ਸ਼ਬਦ ਗਾਏ ਜਾਂਦੇ ਸਨ ਅਤੇ ਇਹ ਸਾਡੇ ਸੰਤਾਪੇ ਸਮਿਆਂ ਦੀ ਇੱਕ ਯਾਦ ਰੱਖਣ ਲਾਇਕ ਬੇਮਿਸਾਲ ਕਾਢ ਸੀ।

ਨਾਸਤਿਕਾਂ ਦੇ ਉਲਟ ਗਾਂਧੀ ਇਹ ਸਵੀਕਾਰ ਕਰਨ ਲਈ ਤਿਆਰ ਸਨ ਕਿ ਕੋਈ ਅਜਿਹੀ ਸ਼ਕਤੀ ਜਾਂ ਆਤਮਾ ਹੈ ਜੋ ਮਨੁੱਖੀ ਗਿਆਨ ਤੋਂ ਪਰ੍ਹੇ ਹੈ। ਆਸਤਿਕਾਂ ਤੋਂ ਉਲਟ ਉਹ ਇਹ ਵਿਸ਼ਵਾਸ ਨਹੀਂ ਕਰਦੇ ਸਨ ਕਿ ਉਨ੍ਹਾਂ ਦਾ ਧਰਮ ਰੱਬ ਤੱਕ ਅੱਪੜਨ ਦਾ ਕੋਈ ਖਾਸ ਅਤੇ ਉੱਤਮ ਰਾਹ ਮੁਹੱਈਆ ਕਰਾਉਂਦਾ ਹੈ। ਸਤੰਬਰ 1924 ਵਿਚ ਉਨ੍ਹਾਂ ਇੱਕ ਲੇਖ 'ਗੌਡ ਇਜ਼ ਵਨ' (ਪਰਮਾਤਮਾ ਇੱਕ ਹੈ) ਲਿਖਿਆ ਜਿਸ ਵਿਚ ਉਨ੍ਹਾਂ ਕਿਹਾ: 'ਹਿੰਦੁਸਤਾਨ 'ਚੋਂ ਇਸਲਾਮ, ਇਸਾਈਅਤ ਜਾਂ ਯਹੂਦੀਅਤ ਨਿਕਲ ਜਾਣ ਦੀ ਖਾਹਿਸ਼ ਉਵੇਂ ਦਾ ਹੀ ਫਜ਼ੂਲ ਸੁਪਨਾ ਹੈ ਜਿਵੇਂ ਮੁਸਲਮਾਨਾਂ ਦੀ ਕਲਪਨਾ ਹੈ ਕਿ ਦੁਨੀਆ 'ਚ ਸਿਰਫ ਇਸਲਾਮ ਦਾ ਰਾਜ ਹੋਵੇਗਾ... ਸੱਚ ਕਿਸੇ ਇੱਕ ਧਰਮ ਪੁਸਤਕ ਦੀ ਸੰਪਤੀ ਨਹੀਂ ਹੈ।'

ਇਸ ਤਰ੍ਹਾਂ ਦੇ ਤਸਦੀਕੀਕਰਨ ਨੂੰ ਰੱਦ ਕਰ ਕੇ ਗਾਂਧੀ ਧਰਮ ਪਰਿਵਰਤਨ ਦੇ ਕਾਰਜਾਂ ਦੇ ਆਲੋਚਕ ਬਣ ਗਏ ਸਨ ਜੋ ਭਾਵੇਂ ਹਿੰਦੂ ਕਰਨ ਜਾਂ ਫਿਰ ਮੁਸਲਮਾਨਾਂ ਜਾਂ ਇਸਾਈਆਂ ਵੱਲੋਂ ਕੀਤੇ ਜਾਂਦੇ ਹੋਣ। ਇੱਕ ਵਾਰ ਉਨ੍ਹਾਂ ਲਿਖਿਆ ਸੀ: 'ਮਿਸ਼ਨਰੀ ਕਾਰਜਾਂ ਦੀ ਜੜ੍ਹ ਵਿਚ ਇਹ ਧਾਰਨਾ ਵੀ ਪਈ ਹੁੰਦੀ ਹੈ ਕਿ ਕਿਸੇ ਵਿਅਕਤੀ ਦਾ ਆਪਣਾ ਵਿਸ਼ਵਾਸ ਨਾ ਕੇਵਲ ਉਸ ਲਈ ਸੱਚ ਹੁੰਦਾ ਹੈ ਸਗੋਂ ਸਮੁੱਚੇ ਜਗਤ ਲਈ ਵੀ ਸੱਚ ਹੁੰਦਾ ਹੈ; ਸਚਾਈ ਇਹ ਹੈ ਕਿ ਰੱਬ ਲੱਖਾਂ ਰੂਪਾਂ ਵਿਚ ਸਾਡੇ ਤੱਕ ਅੱਪੜਦਾ ਹੈ ਜਿਨ੍ਹਾਂ ਦੀ ਸਾਨੂੰ ਕੋਈ ਸਮਝ ਨਹੀਂ ਹੁੰਦੀ'। ਆਪਣੀ ਗੱਲ ਕਰਦਿਆਂ ਗਾਂਧੀ ਨੇ ਕਿਹਾ ਕਿ 'ਮੇਰੀ ਅਜਿਹੀ ਕੋਈ ਭਾਵਨਾ ਨਹੀਂ ਹੈ ਕਿ ਅਧਿਆਤਮਿਕ ਤੌਰ 'ਤੇ ਮੈਂ ਕਿਸੇ ਕਥਿਤ ਵਹਿਸ਼ੀ ਨਾਲੋਂ ਲਾਜ਼ਮੀ ਤੌਰ 'ਤੇ ਜ਼ਿਆਦਾ ਸ਼੍ਰੇਸ਼ਠ ਹਾਂ ਤੇ ਅਧਿਆਤਮਿਕ ਸ਼੍ਰੇਸ਼ਠਤਾ ਖਤਰਨਾਕ ਅਹਿਸਾਸ ਹੁੰਦੀ ਹੈ।'

ਆਪਣੇ ਤੋਂ ਇਲਾਵਾ ਹੋਰਨਾਂ ਧਰਮਾਂ ਪ੍ਰਤੀ ਸਤਿਕਾਰ ਦੂਜੇ ਧਰਮਾਂ ਦੇ ਲੋਕਾਂ ਨਾਲ ਮੇਲ-ਮਿਲਾਪ ਦੀ ਚਾਹਤ ਪੈਦਾ ਕਰਦਾ ਹੈ ਪਰ ਗਾਂਧੀ ਲਈ ਇਹ ਮਾਮਲਾ ਕੋਈ ਨਿੱਜੀ ਚੋਣ ਮਾਤਰ ਨਹੀਂ ਸੀ ਸਗੋਂ ਸਿਆਸੀ ਕਰਮ ਵੀ ਸੀ। 1941 ਵਿਚ ਗਾਂਧੀ ਨੇ ਤੀਹ ਪੰਨਿਆਂ ਦਾ ਕਿਤਾਬਚਾ ਛਾਪਿਆ ਜਿਸ ਵਿਚ 'ਉਸਾਰੂ ਪ੍ਰੋਗਰਾਮ' ਦਾ ਵਰਣਨ ਕੀਤਾ ਗਿਆ ਸੀ ਜਿਸ ਨੂੰ ਕਾਂਗਰਸ ਪਾਰਟੀ ਦੇ ਹਰੇਕ ਮੈਂਬਰ ਲਈ ਅਪਣਾਉਣਾ ਜ਼ਰੂਰੀ ਸੀ। ਇਸ ਵਿਚ ਜੋ ਵਿਸ਼ੇ ਦਰਜ ਕੀਤੇ ਗਏ ਸਨ ਉਨ੍ਹਾਂ ਵਿਚ ਛੂਆਛਾਤ ਦਾ ਖਾਤਮਾ, ਖਾਦੀ ਨੂੰ ਹੱਲਾਸ਼ੇਰੀ, ਔਰਤਾਂ ਦਾ ਉਥਾਨ ਅਤੇ ਆਰਥਿਕ ਸਮਾਨਤਾ ਦੀ ਪੈਰਵੀ ਸ਼ਾਮਿਲ ਸਨ।

ਅਹਿਮ ਗੱਲ ਇਹ ਸੀ ਕਿ ਪ੍ਰੋਗਰਾਮ ਦਾ ਪਹਿਲਾ ਤੱਤ ਫਿਰਕੂ ਸਦਭਾਵਨਾ ਸੀ। ਗਾਂਧੀ ਨੇ ਲਿਖਿਆ ਕਿ 'ਫਿਰਕੂ ਏਕਤਾ ਹਾਸਿਲ ਕਰਨ ਲਈ ਪਹਿਲੀ ਜ਼ਰੂਰੀ ਚੀਜ਼ ਇਹ ਹੈ ਕਿ ਹਰੇਕ ਕਾਂਗਰਸੀ ਭਾਵੇਂ ਉਸ ਦਾ ਕੋਈ ਵੀ ਧਰਮ ਹੋਵੇ, ਉਹ ਨਿੱਜੀ ਤੌਰ 'ਤੇ ਹਿੰਦੂ, ਮੁਸਲਿਮ, ਇਸਾਈ, ਪਾਰਸੀ, ਯਹੂਦੀ ਆਦਿ ਸੰਖੇਪ ਵਿਚ ਹਰੇਕ ਹਿੰਦੂ ਤੇ ਗੈਰ-ਹਿੰਦੂ ਦੀ ਨੁਮਾਇੰਦਗੀ ਕਰੇ। ਉਸ ਨੂੰ ਹਿੰਦੁਸਤਾਨ ਦੇ ਕਰੋੜਾਂ ਲੋਕਾਂ 'ਚੋਂ ਹਰੇਕ ਨਾਲ ਇਕਮਿਕ ਹੋਣ ਦਾ ਅਹਿਸਾਸ ਹੋਣਾ ਜ਼ਰੂਰੀ ਹੈ। ਇਹ ਅਹਿਸਾਸ ਜਗਾਉਣ ਲਈ ਹਰੇਕ ਕਾਂਗਰਸੀ ਨੂੰ ਆਪਣੇ ਧਰਮ ਤੋਂ ਜੁਦਾ ਹੋਰਨਾਂ ਧਰਮਾਂ ਦੇ ਲੋਕਾਂ ਨਾਲ ਨਿੱਜੀ ਦੋਸਤੀਆਂ ਪਾਉਣ ਦੀ ਲੋੜ ਹੋਵੇਗੀ। ਉਸ ਨੂੰ ਹੋਰਨਾਂ ਧਰਮਾਂ ਪ੍ਰਤੀ ਉਹੋ ਜਿਹਾ ਭਾਵ ਰੱਖਣਾ ਪਵੇਗਾ ਜੋ ਆਪਣੇ ਧਰਮ ਲਈ ਰੱਖਦਾ ਹੈ।'

ਇਹ ਅਸੂਲ ਗਾਂਧੀ ਨੇ ਖੁਦ ਘੜਿਆ ਸੀ। ਗਾਂਧੀ ਦੇ ਗੈਰ-ਹਿੰਦੂ ਕਰੀਬੀ ਦੋਸਤਾਂ ਅਤੇ ਸਾਥੀਆਂ ਦੀ ਬਹੁਤ ਹੀ ਅੰਸ਼ਕ ਜਿਹੀ ਸੂਚੀ ਇਸ ਪ੍ਰਕਾਰ ਹੈ:

ਮੁਸਲਿਮ ਅਬਦੁਲ ਕਾਦਿਰ ਬਾਵਾਜ਼ੀਰ, ਏ.ਐਮ. ਕਚਾਲੀਆ, ਅਬੁਲ ਕਲਾਮ ਆਜ਼ਾਦ, ਜ਼ਾਕਿਰ ਹੁਸੈਨ, ਆਸਫ਼ ਅਲੀ ਅਤੇ ਰਾਇਹਾਨਾ ਤਈਅਬਜੀ; ਇਸਾਈ ਜੋਸੀਆ ਓਲਡਫੀਲਡ, ਜੋਸਫ ਡੋਕ, ਸੀ.ਐਫ. ਐਂਡ੍ਰਿਊਜ਼, ਜੇ.ਸੀ. ਕੁਮਾਰੱਪਾ, ਮੁਰੀਅਲ ਲੈਸਟਰ ਅਤੇ ਰਾਜਕੁਮਾਰੀ ਅੰਮ੍ਰਿਤ ਕੌਰ; ਪਾਰਸੀ ਦਾਦਾਭਾਈ ਨਾਰੋਜੀ, ਜੀਵਨਜੀ ਗੋਰਕੂਦੂ ਰੁਸਤਮਜੀ ਅਤੇ ਖੁਰਸ਼ੀਦ ਨਾਰੋਜੀ; ਯਹੂਦੀ ਹਰਮਨ ਕੈਲਨਬਾਖ, ਸੋਨੀਆ ਸਲੈਸਿਨ, ਹੈਨਰੀ ਪੋਲਕ ਅਤੇ ਐਲ ਡਬਲਯੂ ਰਿਚ; ਜੈਨ ਪ੍ਰਾਨਜੀਵਨ ਮਹਿਤਾ ਅਤੇ ਰਾਇਚੰਦ; ਨਾਸਤਿਕ ਜੀ ਰਾਮਚੰਦਰ ਰਾਓ (ਗੋਰਾ)।

ਇਸ ਲੰਮੀ-ਚੌੜੀ ਸੂਚੀ ਵਿਚ ਇੱਕ ਘਾਟ ਹੈ। ਸੰਭਵ ਹੈ ਕਿ ਪੰਜਾਬ ਨਾਲ ਉਨ੍ਹਾਂ ਦੇ ਸਰੋਕਾਰ ਘੱਟ ਸਨ, ਗਾਂਧੀ ਦਾ ਕੋਈ ਕਰੀਬੀ ਸਿੱਖ ਦੋਸਤ ਨਹੀਂ ਸੀ (ਭਾਵੇਂ ਅੰਮ੍ਰਿਤ ਕੌਰ ਦਾ ਪਰਿਵਾਰ ਮੂਲ ਰੂਪ 'ਚ ਸਿੱਖ ਸੀ)। ਫਿਰ ਵੀ ਇਹ ਨਿਗੂਣਾ ਜਿਹਾ ਔਗੁਣ ਸੀ, ਖਾਸ ਤੌਰ 'ਤੇ ਜਦੋਂ ਗਾਂਧੀ ਨੂੰ ਉਨ੍ਹਾਂ ਦੇ ਮਹਾਨ ਪੱਛਮੀ ਸਮਕਾਲੀਆਂ ਨਾਲ ਮਿਲਾ ਕੇ ਦੇਖਿਆ ਜਾਵੇ ਚਰਚਿਲ, ਰੂਜ਼ਵੈਲਟ, ਡੀ ਗਾੱਲ ਆਦਿ, ਜਿਨ੍ਹਾਂ ਦੇ ਮਿੱਤਰ ਜੇਕਰ ਸਾਰੇ ਨਹੀਂ ਤਾਂ ਬਹੁਤੇ ਉਨ੍ਹਾਂ ਦੇ ਆਪਣੇ ਇਸਾਈ ਮਤ ਵਿਚੋਂ ਹੀ ਸਨ।

ਪਹਿਲੀ ਨਜ਼ਰੇ ਜਾਪਦਾ ਹੈ ਕਿ ਗਾਂਧੀ ਧਾਰਮਿਕ ਬਹੁਵਾਦ ਦੇ ਆਪਣੇ ਟੀਚੇ ਦੀ ਪੂਰਤੀ ਵਿਚ ਨਾਕਾਮ ਹੋ ਗਏ। ਇਸ ਨੇ ਇਸਲਾਮਿਕ ਮੁਲਕ ਪਾਕਿਸਤਾਨ ਬਣਨ ਤੋਂ ਨਹੀਂ ਰੋਕਿਆ ਅਤੇ ਜਿਹੜਾ ਭਾਰਤ ਬਚਿਆ, ਉਸ ਵਿਚ ਉਸ (ਗਾਂਧੀ) ਦੇ ਸਿਆਸੀ ਜਾਂਨਸ਼ੀਨ ਜਵਾਹਰਲਾਲ ਨਹਿਰੂ ਨੇ ਜਿਹੜੀ ਅੰਤਰ-ਧਰਮ ਸਹਿਣਸ਼ੀਲਤਾ ਦੀ ਪ੍ਰਥਾ ਚਲਾਈ, ਉਹ ਲੰਮਾ ਸਮਾਂ ਪਹਿਲਾਂ ਰਾਖ ਦਾ ਢੇਰ ਹੋ ਗਈ। ਹਿੰਦੂਤਵ ਜਿਹੜਾ ਹਿੰਦੂ ਪਾਕਿਸਤਾਨ ਬਣਾਉਣਾ ਚਾਹੁੰਦਾ ਹੈ, ਜੇ ਹਾਵੀ ਨਹੀਂ ਤਾਂ ਪ੍ਰਭਾਵੀ ਜ਼ਰੂਰ ਹੈ।

ਦੂਜੇ ਪਾਸੇ, ਇਹ ਸ਼ਾਇਦ ਗਾਂਧੀ ਦੀ ਪ੍ਰਤੱਖ ਹਾਰ ਹੀ ਹੈ ਜੋ ਉਸ ਦੀ ਵਿਰਾਸਤ ਦੇ ਨਵੀਨੀਕਰਨ ਨੂੰ ਭਾਰਤ ਤੇ ਭਾਰਤੀਆਂ ਲਈ ਹੋਰ ਜ਼ਿਆਦਾ ਲਾਜ਼ਮੀ ਬਣਾ ਰਹੀ ਹੈ। ਇਸਲਾਮਿਕ ਬਹੁਗਿਣਤੀਵਾਦ ਦੇ ਦਾਅਵੇ ਨਾਲ ਪਾਕਿਸਤਾਨ ਦੇ ਲੋਕ ਜ਼ਿਆਦਾ ਖੁਸ਼ਹਾਲ ਜਾਂ ਸ਼ਾਂਤੀਪੂਰਨ ਨਹੀਂ ਬਣ ਸਕੇ। ਨਾ ਹੀ ਬੋਧੀ ਬਹੁਗਿਣਤੀਵਾਦ ਸ੍ਰੀਲੰਕਾ ਵਿਚ ਕੋਈ ਖੁਸ਼ੀ ਲਿਆ ਸਕਿਆ ਹੈ। ਇਸ ਲਈ ਸਿਆਸਤਦਾਨਾਂ ਦੇ ਨਾਲ-ਨਾਲ ਆਮ ਆਦਮੀ ਲਈ ਵੀ ਸ਼ਾਇਦ ਇਹ ਜ਼ਰੂਰੀ ਹੈ ਕਿ ਉਹ ਸਰਹੱਦਾਂ ਦੇ ਪਾਰ ਮਿੱਤਰਤਾ ਵਧਾਏ ਜੋ ਕਿ ਗਣਰਾਜ ਦੀ ਤੰਦਰੁਸਤੀ ਬਹਾਲ ਕਰਨ ਵੱਲ ਪਹਿਲਾ ਕਦਮ ਹੋ ਸਕਦਾ ਹੈ।

# ਪੰਜਾਬ 'ਚ ਯੂਰਪੀ ਸ਼ਹਿਰ

**ਸ ਸ ਛੀਨਾ**

ਸਾਡਾ ਪਰਿਵਾਰ 1947 ਵਿਚ ਪਾਕਿਸਤਾਨ ਦੇ ਸਰਗੋਧਾ ਜ਼ਿਲ੍ਹੇ ਤੋਂ ਰਫਿਊਜੀਆਂ ਵਜੋਂ ਧਾਰੀਵਾਲ ਸ਼ਹਿਰ ਦੇ ਨਜ਼ਦੀਕ ਆਇਆ। 1950 ਵਿਚ ਮੈਂ ਮਿਸ਼ਨ ਸਕੂਲ ਧਾਰੀਵਾਲ ਵਿਚ ਦਾਖ਼ਲ ਹੋਇਆ ਜਿਸ ਨੂੰ ਮਿਸ਼ਨਰੀ ਸੁਸਾਇਟੀ ਚਲਾ ਰਹੀ ਸੀ। ਅਸੀਂ ਉਸ ਸਮੇਂ ਸ਼ਹਿਰ ਵਿਚ ਕਈ ਅੰਗਰੇਜ਼ ਔਰਤਾਂ ਨੂੰ ਘੋੜਿਆਂ 'ਤੇ ਚੜ੍ਹੇ ਹੋਏ ਦੇਖਦੇ ਹੁੰਦੇ ਸਾਂ। ਅੰਗਰੇਜ਼ ਲੜਕੇ ਸਰਦੀਆਂ ਦੇ ਦਿਨਾਂ 'ਚ ਸਕੂਲ ਦੇ ਨਾਲ ਦੀਆਂ ਗਰਾਊਂਡਾਂ 'ਚ ਫੁਟਬਾਲ ਖੇਡਦੇ। ਕਈ ਅੰਗਰੇਜ਼ ਔਰਤਾਂ ਆਪਣੇ ਬੱਚਿਆਂ ਨੂੰ ਪਰੈਮ ਵਿਚ ਸੈਰ ਕਰਵਾਉਂਦੀਆਂ ਪਰ ਉਹ ਕਿਸੇ ਨਾਲ ਵੀ ਗੱਲ ਨਹੀਂ ਸਨ ਕਰਦੀਆਂ। ਜਾਣਕਾਰੀ ਵਿਚ ਜਿਉਂ-ਜਿਉਂ ਵਾਧਾ ਹੁੰਦਾ ਗਿਆ ਤਾਂ ਪਤਾ ਲੱਗਿਆ ਕਿ ਇੰਗਲੈਂਡ ਤੋਂ ਆਏ ਅੰਗਰੇਜ਼ਾਂ ਨੇ ਇਸ ਸ਼ਹਿਰ ਨੂੰ ਇੰਗਲੈਂਡ ਦੇ ਸ਼ਹਿਰਾਂ ਵਾਂਗ ਵਿਕਸਤ ਕੀਤਾ ਸੀ।

1849 ਵਿਚ ਪੰਜਾਬ ਨੂੰ ਛੱਡ ਕੇ ਬਾਕੀ ਸਾਰਾ ਭਾਰਤ ਅੰਗਰੇਜ਼ਾਂ ਦੇ ਕਬਜ਼ੇ ਵਿਚ ਸੀ ਅਤੇ ਇੰਗਲੈਂਡ ਦੀਆਂ ਕਈ ਕੰਪਨੀਆਂ ਨੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਕਈ ਕਾਰਖਾਨੇ ਤਾਂ ਲਾਏ ਸਨ ਪਰ ਪੰਜਾਬ ਉਨ੍ਹਾਂ ਦੇ ਅਧਿਕਾਰ ਤੋਂ ਬਾਹਰ ਹੋਣ ਕਰ ਕੇ ਇੱਥੇ ਉਨ੍ਹਾਂ ਦਾ ਕੋਈ ਕਾਰੋਬਾਰ ਨਹੀਂ ਸੀ। 1849 ਵਿਚ ਦੂਸਰੀ ਐਂਗਲੋ-ਸਿੱਖ ਜੰਗ ਤੋਂ ਬਾਅਦ ਪੰਜਾਬ ਵੀ ਅੰਗਰੇਜ਼ਾਂ ਅਧੀਨ ਆ ਗਿਆ ਅਤੇ ਉਸ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਵਿਚ ਵੀ ਕਈ ਕਾਰੋਬਾਰ ਸ਼ੁਰੂ ਕੀਤੇ।

ਸਾਡਾ ਸ਼ਹਿਰ ਧਾਰੀਵਾਲ ਛੋਟਾ ਜਿਹਾ ਪਿੰਡ ਹੀ ਸੀ ਜਿਸ ਦੇ ਨਾਲ ਅੱਪਰ ਬਾਰੀ ਦੁਆਬ ਨਹਿਰ ਵਗਦੀ ਸੀ। ਵੱਖ-ਵੱਖ ਖੇਤਰਾਂ ਦੀ ਸਿੰਜਾਈ ਲਈ ਨਹਿਰ ਦੇ ਕਈ ਰਜਵਾਹ ਵੀ ਇੱਥੋਂ ਹੀ ਨਿਕਲਦੇ ਸਨ। ਬ੍ਰਿਟਿਸ਼ ਇੰਡੀਆ ਕਾਰਪੋਰੇਸ਼ਨ ਭਾਰਤ ਦੇ ਹੋਰ ਕਈ ਸ਼ਹਿਰਾਂ ਵਿਚ ਕਾਰੋਬਾਰ ਕਰ ਰਹੀ ਸੀ। 1880 ਵਿਚ ਉਨ੍ਹਾਂ ਦੀ ਨਜ਼ਰ ਧਾਰੀਵਾਲ 'ਤੇ ਪਈ ਅਤੇ ਉਨ੍ਹਾਂ ਨੇ ਇੱਥੇ ਗਰਮ ਕੱਪੜੇ ਦੀ ਮਿੱਲ ਲਾਉਣੀ ਸ਼ੁਰੂ ਕਰ ਦਿੱਤੀ। ਇਸ ਖੇਤਰ 'ਚ ਉੱਨ ਨਹੀਂ ਸੀ ਮਿਲਦੀ, ਮਿੱਲ ਨੇ ਆਸਟਰੇਲੀਆ ਤੇ ਨਿਊਜ਼ੀਲੈਂਡ ਤੋਂ ਉੱਨ ਮੰਗਵਾ ਕੇ ਗਰਮ ਕੱਪੜੇ ਜਿਵੇਂ ਲੋਈਆਂ, ਜਰਸੀਆਂ, ਸਵੈਟਰਾਂ, ਕੰਬਲ ਆਦਿ ਬਣਾ ਕੇ ਦੁਨੀਆ ਭਰ ਵਿਚ ਵੇਚਣੇ ਸ਼ੁਰੂ ਕਰ ਦਿੱਤੇ। ਇਉਂ ਧਾਰੀਵਾਲ ਦਾ ਨਾਂ ਉਸ ਮਿੱਲ ਕਰ ਕੇ ਹਰ ਥਾਂ ਪ੍ਰਸਿੱਧ ਹੋ ਗਿਆ।

ਮਿੱਲ ਵਿਚ ਅਤੇ ਇਰਦ-ਗਿਰਦ ਖੇਤਰ ਨੂੰ ਇੰਗਲੈਂਡ ਦੇ ਕਿਸੇ ਸ਼ਹਿਰ ਵਾਂਗ ਵਿਕਸਤ ਕੀਤਾ ਗਿਆ। ਕਰਮਚਾਰੀਆਂ ਲਈ ਯੋਜਨਾਬੰਦ ਢੰਗ ਨਾਲ ਕੁਆਰਟਰ ਬਣਾਏ, ਮਿੱਲ ਦੇ ਅਫਸਰਾਂ ਲਈ ਵੱਡੀਆਂ ਕੋਠੀਆਂ। ਕਈ ਤਰ੍ਹਾਂ ਦੇ ਦਰੱਖ਼ਤ ਇੰਗਲੈਂਡ ਤੋਂ ਲਿਆ ਕੇ ਸ਼ਹਿਰ ਨੂੰ ਹਰਿਆ-ਭਰਿਆ ਕਰ ਦਿੱਤਾ। ਸ਼ਹਿਰ ਦੇ ਇਰਦ-ਗਿਰਦ ਇਲਾਕੇ ਦੇ ਲੋਕਾਂ ਦੇ ਖੇਡਣ ਲਈ ਖੁੱਲ੍ਹੀਆਂ ਗਰਾਊਂਡਾਂ ਅਤੇ ਗੋਲਫ ਗਰਾਊਂਡ ਜਿਹੜੀ ਉਸ ਵਕਤ ਜਾਂ ਧਾਰੀਵਾਲ ਹੁੰਦੀ ਸੀ ਜਾਂ ਲਾਹੌਰ। ਇਸ ਗੋਲਫ ਗਰਾਊਂਡ ਵਿਚ ਮਿੱਲ ਵਿਚ ਲੱਗੇ ਅੰਗਰੇਜ਼ ਅਫਸਰ ਖੇਡਦੇ ਸਨ। ਮਿੱਲ 'ਚ ਕਲੱਬ ਜਿਸ 'ਚ ਹਰ ਆਧੁਨਿਕ ਖੇਡ ਜਿਵੇਂ ਬੈਡਮਿੰਟਨ, ਟੈਨਿਸ, ਸਕੁਐਸ਼, ਬਿਲੀਅਰਡ ਆਦਿ ਸਭ ਕੁਝ ਸੀ।

ਇੱਕ ਹੋਰ ਮਿਸ਼ਨਰੀ ਸਾਲਵੇਸ਼ਨ ਆਰਮੀ ਨੇ ਧਾਰੀਵਾਲ ਵਿਚ ਆਧੁਨਿਕ ਸਹੂਲਤਾਂ ਵਾਲਾ ਮੈਕਰਾਬਰਟ ਹਸਪਤਾਲ ਬਣਾ ਦਿੱਤਾ ਜਿਸ ਦੇ ਡਾਕਟਰ ਅਤੇ ਨਰਸਾਂ ਅੰਗਰੇਜ਼ ਸਨ। 1904 ਵਿਚ ਲੜਕੇ ਤੇ ਲੜਕੀਆਂ ਦਾ ਸਕੂਲ ਅਤੇ ਸਕੂਲ ਨਾਲ ਹੋਸਟਲ ਦੀ ਸਹੂਲਤ ਵੀ ਹੋ ਗਈ। ਸ਼ਹਿਰ ਵਿਚ ਸੈਰ ਕਰਨ ਲਈ ਫੁੱਟਪਾਥ ਬਣਾਇਆ; ਸ਼ਾਇਦ ਪੰਜਾਬ ਵਿਚ ਇਹ ਇੱਕੋ ਸ਼ਹਿਰ ਸੀ ਜਿੱਥੇ ਉਸ ਵਕਤ ਤੁਰਨ ਲਈ ਵੱਖਰਾ ਫੁੱਟਪਾਥ ਸੀ।

ਸਭ ਤੋਂ ਵੱਡੀ ਗੱਲ, ਉਸ ਖੇਤਰ ਦੇ ਕੋਈ 6000 ਕਰਮਚਾਰੀ ਮਿੱਲ ਵਿਚ ਨੌਕਰੀ ਕਰਦੇ ਸਨ ਜਿਸ ਨੇ ਇਸ ਖੇਤਰ ਦੀ ਆਰਥਿਕਤਾ ਨੂੰ ਬੜੀ ਮਜ਼ਬੂਤੀ ਦਿੱਤੀ। ਸਕੂਲ ਦੇ ਅਧਿਆਪਕਾਂ ਨੂੰ ਮਿਸ਼ਨਰੀ ਭਾਵਨਾ ਨਾਲ ਅਤੇ ਹਸਪਤਾਲ ਦੇ ਡਾਕਟਰਾਂ, ਨਰਸਾਂ ਨੂੰ ਹਰ ਵਕਤ ਮਨੁੱਖਤਾ ਦੀ ਸੇਵਾ ਦਾ ਪਾਠ ਪੜ੍ਹਾਇਆ ਜਾਂਦਾ ਸੀ। ਉਸ ਵਕਤ ਦਾ ਧਾਰੀਵਾਲ ਸ਼ਹਿਰ ਕਿਸੇ ਯੂਰੋਪੀਅਨ ਸ਼ਹਿਰ ਦਾ ਭੁਲੇਖਾ ਪਾਉਂਦਾ ਸੀ।

# ਸੂਹੇ ਰੰਗਾਂ ਦਾ ਜਲੌਅ 'ਜ਼ਰਦ ਰੰਗਾਂ ਦਾ ਮੌਸਮ'

**ਕੈਨੇਡਾ ਦੇ ਸ਼ਹਿਰ ਸਰੀ ਵਿਚ ਵੱਸਦੀ ਉਘੀ ਲੇਖਕਾ ਅਤੇ ਕਾਰਕੁਨ ਪਰਮਿੰਦਰ ਕੌਰ ਸਵੈਚ ਦਾ ਨਵਾਂ ਕਾਵਿ ਸੰਗ੍ਰਹਿ 'ਜ਼ਰਦ ਰੰਗਾਂ ਦਾ ਮੌਸਮ' ਅਤੇ ਲੇਖ ਸੰਗ੍ਰਹਿ 'ਜਾਗਦੀ ਅੱਖ ਦਾ ਹਲਫਨਾਮਾ' ਹਾਲ ਹੀ ਵਿਚ ਛਪੇ ਹਨ। ਇਨ੍ਹਾਂ ਕਿਤਾਬਾਂ ਤੋਂ ਉਨ੍ਹਾਂ ਦੇ ਸਰੋਕਾਰਾਂ ਦੀ ਝਲਕ ਪੈਂਦੀ ਹੈ। ਇਨ੍ਹੀਂ ਦਿਨੀਂ ਉਹ ਪੰਜਾਬ ਦੌਰੇ 'ਤੇ ਹਨ। ਇਹ ਲੇਖ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਜ਼ਰਦ ਰੰਗਾਂ ਦਾ ਮੌਸਮ' ਅਤੇ ਸਮੁੱਚੀ ਕਵਿਤਾ ਬਾਰੇ ਉਨ੍ਹਾਂ ਦਾ ਨਜ਼ਰੀਆ ਪੇਸ਼ ਕਰਦਾ ਹੈ।**

## ਕਲਾ ਪਰਿਕਰਮਾ

ਲੇਖਕ ਦਾ ਕਰਮ ਹੁੰਦਾ ਹੈ, ਕਲਮ ਨਾਲ ਵਾਹੀ ਕਰਨਾ, ਸਫ਼ਿਆਂ 'ਤੇ ਸ਼ਬਦਾਂ ਦਾ ਬੀਜ ਬੀਜਣਾ, ਪਾਲਣਾ, ਸਮੇਂ-ਸਮੇਂ 'ਤੇ ਪਾਣੀ ਲਾਉਣਾ, ਤੁਛ ਬੁੱਧੀ ਮੁਤਾਬਕ ਮੋਥਿਆਂ ਨਦੀਨਾਂ ਦੀ ਸਾਫ਼-ਸਫ਼ਾਈ ਕਰਨਾ ਅਤੇ ਅੰਤ ਪੱਕੀ ਫ਼ਸਲ ਦੇ ਇੱਕ-ਇੱਕ ਦਾਣੇ ਨੂੰ ਤੁਹਾਡੀ ਕਚਹਿਰੀ ਵਿਚ ਢੇਰ ਕਰ ਦੇਣਾ ਤਾਂ ਕਿ ਤੁਸੀਂ ਉਸ ਦਾ ਕੋਈ ਮੁੱਲ ਪਾ ਸਕੋਂ। ਇਸ ਸੰਦਰਭ ਵਿਚ ਹੀ ਮੈਂ 'ਮਖੌਟਿਆਂ ਦੇ ਆਰ-ਪਾਰ' ਅਤੇ 'ਲਹਿਰਾਂ ਦੀ ਵੇਦਨਾ' ਤੋਂ ਬਾਅਦ ਤੀਜਾ ਕਾਵਿ ਸੰਗ੍ਰਹਿ 'ਜ਼ਰਦ ਰੰਗਾਂ ਦਾ ਮੌਸਮ' ਲੈ ਕੇ ਤੁਹਾਡੇ ਸਨਮੁੱਖ ਹਾਜ਼ਰ ਹੋਈ ਹਾਂ। ਮੈਂ ਇਕੱਲੀ ਕਵਿਤਾ ਨਹੀਂ ਸਗੋਂ ਨਾਟਕ, ਲੇਖ, ਕਹਾਣੀ ਵੀ ਲਿਖਦੀ ਹਾਂ ਪਰ ਮੇਰੇ ਕਾਵਿ ਸੰਗ੍ਰਹਿ 6-7 ਸਾਲਾਂ ਦੇ ਦੌਰਾਨ ਜੋ ਵੀ ਘਟਨਾਵਾਂ ਮੇਰੇ ਆਲ਼ੇ-ਦੁਆਲ਼ੇ ਜਾਂ ਗਲੋਬਲੀ ਪੱਧਰ 'ਤੇ ਘਟੀਆਂ ਹਨ ਜਿਨ੍ਹਾਂ ਨੇ ਮੇਰੀ ਚੇਤਨਾ ਨੂੰ ਸੱਟ ਮਾਰੀ, ਉਹ ਅਚਨਚੇਤ ਹੀ ਕਵਿਤਾ ਦੇ ਰੂਪ ਵਿਚ ਲਿਖੀਆਂ ਜਾਂਦੀਆਂ ਰਹੀਆਂ। ਮੇਰੀ ਕਵਿਤਾ ਦਾ ਘੇਰਾ ਬੇਸ਼ੱਕ ਦੂਰ ਵਿਸ਼ਾਲ ਸੰਸਾਰ ਤੱਕ ਫੈਲਿਆ ਹੋਇਆ ਹੈ ਜਿੱਥੇ ਵੀ ਮਨੁੱਖ ਸਾਹ ਲੈਂਦਾ ਹੈ, ਫਿਰ ਵੀ ਮੇਰੀ ਕਰਮ ਭੂਮੀ ਤੇ ਜਨਮ ਭੂਮੀ ਦੀਆਂ ਸਾਂਝਾ ਹਰ ਵਕਤ ਸਿਰ 'ਤੇ ਸਵਾਰ ਰਹਿੰਦੀਆਂ ਹਨ। ਇਹਨਾਂ ਦੀ ਪਰਿਕਰਮਾ ਕਰਦਿਆਂ ਇਹਨਾਂ ਵਿਚ ਹੋ ਰਹੇ ਜਬਰ ਜ਼ੁਲਮ, ਵਿਤਕਰੇ, ਉਤਪੀੜਨ, ਬੇਇਨਸਾਫ਼ੀ, ਸ਼ੋਸ਼ਣ, ਦਮਨ ਤੇ ਨਾ-ਬਰਾਬਰੀ ਵਰਗੀਆਂ ਅਲਾਮਤਾਂ ਜਿਹੜੀਆਂ ਪ੍ਰਕਿਰਤੀ ਦੇ ਜੀਣ ਨੂੰ ਦੁੱਭਰ ਕਰ ਰਹੀਆਂ ਹਨ, ਉਹਨਾਂ 'ਤੇ ਉਂਗਲ ਰੱਖਣਾ ਮੇਰਾ ਆਪਣਾ ਧਰਮ ਹੈ; ਉਹ ਸਿਸਟਮ ਜਿਸ ਵਿਚੋਂ ਇਹ ਦੁਸ਼ਵਾਰੀਆਂ ਦਾ ਆਗਾਜ਼ ਹੁੰਦਾ ਹੈ।

**ਪਰਮਿੰਦਰ ਕੌਰ ਸਵੈਚ**
**ਫੋਨ: +1-604-760-4794**

ਬੀਤੇ ਸਾਲਾਂ ਦੌਰਾਨ ਕਰੋਨੇ ਵਰਗੀਆਂ ਮਹਾਮਾਰੀਆਂ ਵਿਚ ਆਉਣ ਵਾਲੀਆਂ ਦੁਸ਼ਵਾਰੀਆਂ, ਸਰਕਾਰਾਂ ਦਾ ਰੋਲ, ਵਿਸ਼ਵ ਦਾ ਗੈਂਗਵਾਰਾਂ ਜਾਂ ਡਰੱਗਾਂ ਵਿਚ ਗ੍ਰਸਤ ਹੋਣਾ, ਲੋਕਾਂ ਦਾ ਨਿੱਜ ਪ੍ਰਸਤੀ ਵੱਲ ਨੂੰ ਜਾਣਾ, ਧਰਮਾਂ, ਜਾਤਾਂ ਤੇ ਨਸਲਾਂ ਦੇ ਵਖਰੇਵੇਂ, ਗੰਦੀ ਰਾਜਨੀਤੀ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਸੰਕਟ, ਮੰਡੀ ਦੀ ਆਪੋ ਧਾਪ ਆਦਿ ਵਿਸ਼ਿਆਂ ਨੂੰ ਆਪਣੇ ਨਜ਼ਰੀਏ ਤੋਂ ਛੋਹਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਹੀ ਕਿਸਾਨੀ ਸੰਘਰਸ਼ ਦੇ ਚੜ੍ਹਦੇ ਸੂਰਜ ਨੂੰ ਆਗਮਨ ਹੁੰਦਿਆਂ ਦੇਖ ਕੇ ਚਾਨਣ ਦੇ ਦੀਵਿਆਂ ਵਿਚ ਤੇਲ ਪਾਉਣ ਦੀ ਆਸ ਵੀ ਪ੍ਰਗਟਾਈ ਹੈ।

ਉਪਭੋਗਤਾ ਦੀ ਮੰਡੀ ਵਿਚ ਮਨੁੱਖਤਾ ਦੀ ਪੈ ਰਹੀ ਕੀਮਤ ਜੋ ਕੌਡੀਆਂ ਭਾਅ ਹੋ ਰਹੀ ਹੈ। ਉਹਦੇ ਬਾਰੇ ਸੁਚੇਤ ਕਰਨ ਲਈ ਨਿੱਕਾ ਉਪਰਾਲਾ ਵੀ ਹੈ। ਜਿਹੜੇ ਲੋਕ ਸਿਰਫ਼ ਜੀਣ ਲਈ ਕੰਮ ਕਰ ਕੇ ਸਿਰਫ਼ ਆਪਣਾ ਤੋਰੀ ਫੁਲਕਾ ਤੋਰਨ ਲਈ ਸਾਰੀ ਜ਼ਿੰਦਗੀ ਲਟਾਪੀਂਘ ਹੁੰਦੇ ਰਹਿੰਦੇ ਹਨ ਜਿਨ੍ਹਾਂ ਕੋਲ ਇਹੋ ਜਿਹੇ ਗੰਭੀਰ ਮੁੱਦਿਆਂ ਬਾਰੇ ਸੋਚਣ ਦਾ ਸਮਾਂ ਹੀ ਨਹੀਂ। ਉਹਨਾਂ ਦੀ ਜ਼ਿੰਦਗੀ ਨੂੰ ਸੁਖਾਲ਼ੀ ਕਰਨ ਲਈ ਜਾਗਰੂਕਤਾ ਵਿਚ ਵਾਧਾ ਕਰਨ ਦੀ, ਉਹਨਾਂ ਦੀ ਸਰਲ ਤੇ ਸਾਦਾ ਭਾਸ਼ਾ ਵਿਚ ਜ਼ਰਾ ਜਿੰਨੀ ਕੋਸ਼ਿਸ਼ ਹੈ ਕਿ ਉਹ ਕਿਸੇ ਤਰੀਕੇ ਆਪਣੇ ਹੱਕਾਂ ਤੇ ਫਰਜ਼ਾਂ ਦਾ ਮੁਤਾਲਿਆ ਕਰ ਸਕਣ।

ਮੇਰੀ ਕਵਿਤਾ ਰਾਜਨੀਤੀ ਦੀ ਕਵਿਤਾ ਹੈ, ਮੈਨੂੰ ਲੱਗਦੈ ਕਿ ਇਸ ਕਵਿਤਾ ਦੀ ਬਹੁਤ ਲੋੜ ਹੈ। ਜਦੋਂ ਅਸੀਂ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਨੂੰ ਜਗਾਉਣਾ ਸੀ ਤਾਂ 'ਚੰਡੀ ਦੀ ਵਾਰ' ਲਿਖੀ ਤੇ ਸਾਡੇ ਗ਼ਦਰੀ ਬਾਬਿਆਂ ਨੇ ਲੋਕਾਂ ਨੂੰ ਆਜ਼ਾਦੀ ਦੀ ਟੁੰਬ ਲਾਉਣ ਲਈ ਗ਼ਦਰ ਦੀ ਕਵਿਤਾ ਲਿਖੀ। ਉਹ ਕਵਿਤਾ ਹੋ ਸਕਦੈ ਕਿ ਕਵਿਤਾ ਦੇ ਤੱਤਾਂ ਤੋਂ ਊਣੀ ਹੋਵੇ ਪਰ ਉਹ ਜਾਗਣ ਦਾ ਹੋਕਾ ਸੀ ਤੇ ਲੋਕ ਸਮੇਂ-ਸਮੇਂ 'ਤੇ ਜਾਗੇ ਵੀ, ਇਤਿਹਾਸ ਗਵਾਹ ਹੈ। ਮੈਂ ਵੀ ਚਾਹੁੰਦੀ ਹਾਂ ਕਿ ਉਹਨਾਂ ਦੇ ਨਕਸ਼ ਕਦਮਾਂ 'ਤੇ ਚਲਦੀ ਹੋਈ ਰਾਜਸੀ ਤੇ ਸਮਾਜਿਕ ਤਬਦੀਲੀ ਲਈ ਅਜਿਹੀ ਹੀ ਕਵਿਤਾ ਲਿਖਾਂ। ਮੈਂ ਹੀ ਕਿਉਂ? ਸਭ ਕਵੀ ਆਪਣੀ ਤੀਸਰੀ ਅੱਖ ਨਾਲ ਦੇਖ ਕੇ ਇਹੋ ਜਿਹੀ ਕਵਿਤਾ ਲਿਖਣ; ਖਾਸ ਕਰ ਕੇ ਸਭ ਔਰਤਾਂ ਤਾਂ ਅਜਿਹੀ ਹੀ ਕਵਿਤਾ ਲਿਖਣ ਤਾਂ ਕਿ ਅਸੀਂ ਆਪਣੇ ਹੱਕ ਲੈ ਸਕੀਏ ਜੋ ਸਾਨੂੰ ਨਿਮਾਣੀ-ਨਿਤਾਣੀ ਕਹਿ ਕੇ ਹਾਸ਼ੀਏ 'ਤੇ ਰੱਖਿਆ ਜਾਂਦਾ ਹੈ।


ਮੈਂ ਆਪਣੀਆਂ ਰਚਨਾਵਾਂ ਨੂੰ ਕਵਿਤਾ ਕਹਾਂ ਜਾਂ ਮਨ ਦੇ ਵਲਵਲੇ ਜਿਹੜੇ ਦਿਨ ਰਾਤ ਮੇਰੇ ਮਨ ਵਿਚ ਖੌਰੂ ਪਾਉਂਦੇ ਹਨ ਕਿ ਮਨੁੱਖਤਾ ਦੀ ਬਿਹਤਰੀ ਕਿਵੇਂ ਹੋਵੇ। ਮੈਂ ਤਾਂ ਕਲਮ ਹੀ ਚੁੱਕਦੀ ਹਾਂ ਤੇ ਮੋਤੀ ਇਕੱਠੇ ਕਰਦੀ ਹਾਂ ਪਰ ਉਹਨਾਂ ਨੂੰ ਇੱਕ-ਇੱਕ ਮੋਤੀ ਨੂੰ ਹਾਰ ਬਣਾਉਣ ਵਿਚ ਮੇਰਾ ਇਕੱਲੀ ਦਾ ਯੋਗਦਾਨ ਨਹੀਂ ਹੈ, ਇਸ ਵਿਚ ਮੇਰਾ ਬਹੁਤ ਵੱਡਾ ਵਿਸ਼ਾਲ ਘੇਰਾ ਹੈ ਜਿਸ ਦਾ ਮੈਂ ਹਰ ਵਕਤ ਤਨੋ-ਮਨੋ ਧੰਨਵਾਦ ਕਰਦੀ ਹੈ ਕਿ ਜੇ ਉਹ ਸਾਰੇ ਮੇਰੇ ਆਲ਼ੇ ਦੁਆਲ਼ੇ ਨਾ ਹੋਣ ਤਾਂ ਮੈਂ ਇਹ ਕਿਰਤ ਤੁਹਾਡੇ ਹੱਥਾਂ ਵਿਚ ਕਦੇ ਨਾ ਦੇ ਸਕਦੀ। ਇਹਨਾਂ ਵਿਚ ਪਹਿਲਾਂ ਮੇਰਾ ਜੀਵਨ ਸਾਥੀ ਮਲਕੀਤ ਤੇ ਮੇਰੇ ਚਾਰੇ ਬੱਚੇ ਜਾਸਮਿਨ, ਸੁਹੇਲ, ਸ਼ਾਨ ਤੇ ਅਨਮੋਲ ਜੋ ਮੇਰੀਆਂ ਰਚਨਾਵਾਂ ਦੀ ਅਲੋਚਨਾ ਵੀ ਕਰਦੇ ਹਨ, ਸੁਝਾਅ ਵੀ ਦਿੰਦੇ ਹਨ, ਆਪਣਾ ਕੀਮਤੀ ਸਮਾਂ, ਮਾਲੀ ਮਦਦ ਤੇ ਕੰਪਿਊਟਰ ਦੀਆਂ ਬੇਸ਼ਕੀਮਤੀ ਸੇਵਾਵਾਂ ਦੇ ਕੇ ਮੇਰਾ ਹੌਸਲਾ ਬੁਲੰਦ ਕਰਦੇ ਹਨ। ਜਸਵੀਰ ਮੰਗੂਵਾਲ ਜਿਸ ਦੇ ਸੁਝਾਵਾਂ ਤੋਂ ਬਿਨਾਂ ਮੇਰਾ ਇੱਕ ਅੱਖਰ ਵੀ ਪਾਸ ਨਹੀਂ ਹੋ ਸਕਦਾ। ਉਸ ਦਾ ਸਮਾਂ, ਉਸ ਦੀ ਹਰ ਤਰ੍ਹਾਂ ਦੀ ਮਦਦ, ਹੌਸਲਾ ਮੇਰੀਆਂ ਲਿਖਤਾਂ ਵਿਚ ਮੇਰੇ ਵਿਚਾਰਾਂ ਦੀ ਪ੍ਰਪੱਕਤਾ ਨੂੰ ਹੋਰ ਦੂਣ ਸਵਾਇਆ ਕਰਦਾ ਹੈ। ਲੇਖਕ ਮੰਚ, ਕੇਂਦਰੀ ਲਿਖਾਰੀ ਸਭਾ ਉੱਤਰੀ ਅਮਰੀਕਾ, ਸਾਹਿਤ ਸਭਾ ਸਰੀ ਆਦਿ ਜੋ ਮੇਰੀਆਂ ਰਚਨਾਵਾਂ ਸੁਣਨ ਲਈ ਮੈਨੂੰ ਪਲੈਟਫਾਰਮ ਦਿੰਦੇ ਹਨ ਜਿੱਥੇ ਮੈਂ ਆਪਣੀਆਂ ਗਲਤੀਆਂ ਵਿਚ ਸੋਧਾਂ ਕਰ ਸਕਦੀ ਹਾਂ। ਤਰਕਸ਼ੀਲ ਸੁਸਾਇਟੀ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਮੈਂਬਰਾਂ ਵਲੋਂ ਦਿੱਤੇ ਸੁਝਾਵਾਂ ਨੂੰ ਵੀ ਮੈਂ ਅੱਖੋਂ-ਪਰੋਖੇ ਨਹੀਂ ਕਰ ਸਕਦੀ।

ਡਾ. ਕਮਲਜੀਤ ਢਿੱਲੋਂ, ਡਾ. ਸੁਖਦੇਵ ਸਿਰਸਾ, ਅਜਮੇਰ ਸਿੱਧੂ, ਨਿਰਮਲ ਕਿੰਗਰਾ ਹੋਰਾਂ ਦੀ ਵੀ ਮੈਂ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਇਹ ਕਿਤਾਬ ਦਾ ਖਰੜਾ ਪੜ੍ਹ ਕੇ ਹੱਲਾਸ਼ੇਰੀ ਦਿੱਤੀ, ਸੁਝਾਅ ਵੀ ਦਿੱਤੇ ਤੇ ਇਸ ਪੁਸਤਕ ਨੂੰ ਛਪਣ ਦੇ ਯੋਗ ਵੀ ਕਿਹਾ ਹੈ। ਇਸ ਪੁਸਤਕ ਬਾਰੇ ਆਪਣੇ ਲਿਖਤੀ ਵਿਚਾਰ ਵੀ ਸ਼ਾਮਲ ਕੀਤੇ ਹਨ।


ਆਖਿਰ ਵਿਚ ਸਪਤਰਿਸ਼ੀ ਪਬਲੀਕੇਸ਼ਨ ਦੇ ਬਲਦੇਵ ਹੋਰਾਂ ਦੀ ਮੈਂ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਇਸ ਖਰੜੇ ਨੂੰ ਕਿਤਾਬੀ ਰੂਪ ਦਿੱਤਾ ਹੈ ਜਿਸ ਵਜ੍ਹਾ ਕਰ ਕੇ ਹੀ ਇਹ ਕਿਤਾਬ ਤੁਹਾਡੇ ਹੱਥਾਂ ਵਿਚ ਪਹੁੰਚੀ ਹੈ। ਮੈਂ ਸਾਰਿਆਂ ਦੀ ਬਹੁਤ ਬਹੁਤ ਧੰਨਵਾਦੀ ਹਾਂ। ਹੁਣ ਇਹ ਤੁਹਾਡੀ ਕਚਹਿਰੀ ਵਿਚ ਹੈ ਇਸ ਬਾਰੇ ਤੁਹਾਡੇ ਸੁਝਾਵਾਂ ਤੇ ਸਹਿਯੋਗ ਦੀ ਉਡੀਕ ਰਹੇਗੀ...।



*ਕੈਨੇਡਾ ਵੱਸਦੀ ਲੇਖਕ ਤੇ ਕਾਰਕੁਨ ਪਰਮਿੰਦਰ ਕੌਰ ਸਵੈਚ।*




*ਪਰਮਿੰਦਰ ਕੌਰ ਸਵੈਚ ਦੇ ਕਾਵਿ ਸੰਗ੍ਰਹਿ ਦਾ ਸਰਵਰਕ।*




*ਪਰਮਿੰਦਰ ਕੌਰ ਸਵੈਚ ਦਾ ਲੇਖ ਸੰਗ੍ਰਹਿ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਦਸੰਬਰ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-668



*ਹਾਣ ਨੂੰ ਹਾਣ ਪਿਆਰਾ ਦੁਨੀਆਂ ਸੱਚ ਆਖੇ,*
*ਦੇਖਾਂ ਤਸਵੀਰ ਯਾਰਾਂ ਦੀ ਤਾਂ ਪੂਰਾ ਸੱਚ ਜਾਪੇ।*
*ਇੱਕ ਪੰਥ ਦੋ ਕਾਜ ਉਹ ਸਾਰੇ ਕਰ ਆਏ,*
*ਦਿਲ ਖੁਸ਼ ਹੋਏ ਮਿਲ ਕੇ ਤੇ ਸਿਜਦਾ ਕਰ ਆਏ।*

## ਕੈਪਸ਼ਨ ਮੁਕਾਬਲਾ-666



ਹਮਰਾਹੀ ਮੇਰੇ ਹਮਸਫ਼ਰ ਏ ਤਰਲਾ!
ਅਧਵਾਟੇ ਨਾ ਛੱਡ ਜਾਵੀਂ ਮੈਨੂੰ।
ਦਿਲ ਵਿਚ ਨੀ ਵਸਦੀ ਮਹਿਰਮੇ,
ਨਾ ਅਣਹੋਣੀ ਕੋਈ ਸੁਣਾਵੀਂ ਮੈਨੂੰ।
ਸੋਚ ਸੋਚ ਹੌਲ ਪੈਣ ਪਿਆਰੇ,
ਇਕੱਲਿਆਂ ਨਾ ਛਡ ਜਾਵੀਂ ਮੈਨੂੰ।
ਪਹਿਲੀ ਵਾਰ ਸੀ ਜਿੱਕਣ ਫੜਿਆ,
ਓਵੇਂ ਹੱਥ ਫੜ ਲੈ ਜਾਵੀਂ ਮੈਨੂੰ।
ਬਾਝ ਤੇਰੇ ਕੀ ਜਿਉਣਾ ਸੱਜਣੀ,
ਹੱਥੀਂ ਜ਼ਹਿਰ ਦੇ ਜਾਵੀਂ ਮੈਨੂੰ।
ਰੱਬਾ! 'ਨਾਕਾਮ' ਹੋਰ ਹੋਊ ਨਿਕੰਮਾ,
ਨਾ ਬੇ-ਕਦਰਾਂ ਵੱਸ ਪਾਵੀਂ ਮੈਨੂੰ।
***-ਗੁਰਬਖਸ਼ ਸਿੰਘ 'ਨਾਕਾਮ'***
***+1 864 318 5500***

---

ਹਰ ਕਿਸੇ 'ਤੇ ਆਈ ਇਹ ਤਾਂ
ਆਪਾਂ ਵੀ ਕੱਟ ਜਾਵਾਂਗੇ।
ਲੱਗਦੈ ਹੁਣ ਤੂੰ ਰੁੱਸ ਚੱਲੀ ਏਂ
ਪਰ ਕੀਤੇ ਬੋਲ ਪੁਗਾਵਾਂਗੇ।
ਜਿਹੜੇ ਹੱਥ ਨਾਲ ਬਾਂਹ ਫੜੀ ਸੀ
ਓੜਕ ਤਾਈਂ ਨਿਭਾਵਾਂਗੇ।
***-ਜਗਮੀਤ ਸਿੰਘ ਪੰਧੇਰ***

---

ਉਮਰਾਂ ਦੀਏ ਸਾਥਣੇਂ ਨੀਂ,
ਜਾਨ ਤੋਂ ਪਿਆਰੀਏ,
ਪਲ ਪਲ ਇਕੱਠਿਆਂ ਨੇ,
ਜ਼ਿੰਦਗੀ ਗੁਜ਼ਾਰੀ ਏ।
ਆਖਰੀ ਸਾਹ 'ਤੇ ਆਈ,
ਜਾਪੇ ਮੈਨੂੰ ਜਿੰਦ ਤੇਰੀ,
ਬਖਸ਼ ਦੇਵੀਂ ਡਾਢਿਆ ਵੇ,
ਸੁਣੀ ਅਰਦਾਸ ਮੇਰੀ!
***-ਸੇਵਾ ਸਿੰਘ ਨੂਰਪੁਰੀ***

---

ਜੀਵਨ ਦਾ ਸਾਥ ਨਿਭਾਉਣ ਵਾਲੇ
ਬਣ ਜਾਂਦੇ ਜੀਵਨ ਸਾਥੀ।
ਇਕ ਦੂਸਰੇ ਬਿਨ ਜੀਅ ਨਹੀਂ ਲੱਗਦਾ
ਭਾਵੇਂ ਵੱਖਰੇ ਸੁਭਾਅ ਹੋਣ ਕਰਕੇ
ਕਈ ਵਾਰ ਹੁੰਦੇ ਆਕੀ।
ਭਿੰਨਤਾ ਬਣਾਈ ਰੱਬ ਨੇ
ਚੰਗਾ ਲੱਗਣ ਲਈ।
ਵਿਛੋੜਾ ਆਖਰੀ ਸਟੇਜ ਦਾ
ਅਸਹਿ ਹੁੰਦਾ।
ਅੰਦਰ ਹੀ ਅੰਦਰ ਰੋ ਕੇ ਵੀ,
ਪੈਂਡਾ ਤਹਿ ਨਾ ਹੁੰਦਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਇੰਝ ਹੀ ਝੁਕ ਕੇ
ਮੰਗਿਆ ਸੀ ਤੇਰਾ ਹੱਥ
ਫਿਰ ਦੁਨੀਆ ਜਿੱਤੀ
ਲੈ ਕੇ ਹੱਥਾਂ ਵਿਚ ਹੱਥ।
ਇਹ ਤੇਰਾ ਮੇਰੇ ਹੱਥਾਂ ਵਿਚ ਹੱਥ
ਕੰਬ ਰਹੇ ਹਨ ਆਪਣੇ ਹੱਥ।
ਨਾ ਕੁਝ ਤੇਰੇ ਹੱਥ
ਨਾ ਕੁਝ ਮੇਰੇ ਹੱਥ।
ਪਤਾ ਨਹੀਂ ਕਦੋਂ ਛੁੱਟ ਜਾਏ
ਮੇਰਾ ਹੱਥ ਜਾਂ ਤੇਰਾ ਹੱਥ।
ਸਭ ਉਸ ਦਾਤਾ ਦੇ ਹੱਥ
ਅਰਜ਼ ਕਰਾਂ ਜੋੜ ਕੇ ਹੱਥ
ਰੱਖ ਲਈਂ ਪ੍ਰਭੂ ਦੇ ਕੇ ਹੱਥ।
***-ਭਰਪੂਰ ਸਿੰਘ ਮਿਨੀਸੋਟਾ***
***ਫੋਨ: 651-210-2109***

### 'ਆਓ ਪੰਜਾਬ ਤੇ ਪੰਜਾਬੀ ਦੀ ਗੱਲ ਕਰੀਏ'

# ਲਾਹੌਰ ਵਿਚ ਦੂਸਰੀ ਕੌਮਾਂਤਰੀ ਪੰਜਾਬੀ ਕਾਨਫਰੰਸ ਦੀਆਂ ਰੌਣਕਾਂ ਤੇ ਅਹਿਮੀਅਤ

**ਗੁਰਚਰਨ ਕੌਰ ਥਿੰਦ**
**ਫੋਨ: 403-402-9635**

ਪੀਪੀਟੀਵੀ ਵਾਲੇ ਅਹਿਮਦ ਰਜ਼ਾ, ਪੰਜਾਬੀ ਲਹਿਰ ਦੇ ਨਾਸਿਰ ਢਿਲੋਂ ਵਲੋਂ ਪਿਲਾਕ (ਪੰਜਾਬੀ ਇੰਸਟੀਚਿਊਟ ਆਫ ਲੈਂਗੂਏਜ਼ ਐਂਡ ਕਰਾਫਟ) ਸੰਸਥਾ ਦੇ ਸਹਿਯੋਗ ਨਾਲ ਲਾਹੌਰ ਵਿਚ 18 ਤੋਂ 20 ਨਵੰਬਰ ਤੱਕ ਦੂਸਰੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਕਰਵਾਈ ਗਈ। 15 ਕਰੋੜ ਅਬਾਦੀ ਵਾਲੇ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਤਾਂ ਜਾਂਦੀ ਹੈ ਪਰ ਪੰਜਾਬੀ ਪੜ੍ਹਨ ਤੇ ਪੜ੍ਹਾਉਣ ਪੱਖੋਂ ਪੰਜਾਬੀ ਗੂੰਗੇ-ਬੋਲ਼ੇ ਹਨ, ਕਿਉਂਕਿ ਸਕੂਲਾਂ ਵਿਚ ਮਾਂ-ਬੋਲੀ ਪੜ੍ਹਾਈ ਨਹੀਂ ਜਾਂਦੀ। ਸੁਚੇਤ ਪੰਜਾਬੀ ਪਿਆਰਿਆਂ ਦੇ ਯਤਨਾਂ ਸਦਕਾ ਪੰਜਾਬੀ ਬੋਲੀ ਦੇ ਹੱਕ ਵਿਚ ਲੋਕ ਨਿੱਤਰ ਰਹੇ ਹਨ। ਦੂਜੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਦਾ ਨਾਹਰਾ 'ਆਓ ਪੰਜਾਬ ਤੇ ਪੰਜਾਬੀ ਦੀ ਗੱਲ ਕਰੀਏ' ਇਸੇ ਸੋਚ ਦਾ ਅਮਲ ਹੋ ਨਿਬੜਦੀ ਹੈ।

ਸੰਨ 2022 ਵਿਚ ਲਹਿੰਦੇ ਪੰਜਾਬ ਵਿਚ ਜਾ ਕੇ ਚੌਦਾਂ ਦਿਨ ਗੁਜ਼ਾਰਨ ਦਾ ਸਬੱਬ ਬਣਿਆ ਅਤੇ ਇੱਥੋਂ ਦੇ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਨਾਲ-ਨਾਲ ਪਿੰਡਾਂ ਵਿਚ ਜਾ ਕੇ ਵੀ ਵੇਖਿਆ ਪਰ 2023 ਵਿਚ ਪਹਿਲੀ ਪੰਜਾਬੀ ਕਾਨਫਰੰਸ ਦਾ ਸੱਦਾ ਕਬੂਲ ਨਾ ਕਰਨ ਦੀ ਮਜਬੂਰੀ ਹੋ ਗਈ। ਐਤਕੀਂ ਜਿਉਂ ਹੀ ਲਾਹੌਰ ਵਿਚ ਨਵੰਬਰ ਮਹੀਨੇ ਹੋਣ ਵਾਲੀ ਕਾਨਫਰੰਸ ਦੀ ਕਨਸੋਅ ਕੰਨੀਂ ਪਈ ਤਾਂ ਉਨ੍ਹਾਂ ਤਰੀਕਾਂ ਦੇ ਆਸ-ਪਾਸ ਲੁਧਿਆਣੇ ਆਪਣੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਕਾਨਫਰੰਸ 18-19-20 ਨਵੰਬਰ ਦੀ ਸੀ ਅਤੇ ਅਸੀਂ 15 ਨਵੰਬਰ ਨੂੰ ਲੁਧਿਆਣਾ ਪਹੁੰਚਣਾ ਸੀ। ਇੱਕ ਵਾਰ ਤਾਂ ਲਗਾ ਕਿ ਕਿਤੇ ਜਾਣਾ ਠੁੱਸ ਹੀ ਨਾ ਹੋ ਜਾਵੇ। ਲੰਮਾ ਸਫ਼ਰ, ਰਾਹ ਵਿਚ ਆਉਣ ਵਾਲੀਆਂ ਅੜਚਨਾਂ ਦਾ ਕੀ ਪਤਾ ਹੁੰਦਾ। ਖ਼ੈਰ! ਰੱਬ ਦੀ ਮਿਹਰ ਰਹੀ ਤੇ ਅਸੀਂ ਸੁਖੀ ਸਾਂਦੀ 15 ਨਵੰਬਰ ਨੂੰ ਦੁਪਹਿਰ ਵੇਲੇ ਘਰ ਪਹੁੰਚ ਗਏ। ਵਿਚਾਲੇ ਇੱਕ ਦਿਨ ਸੀ। ਫੋਨਾਂ ਵਿਚ ਸਿਮ ਪੁਆਉਣੇ ਸਨ, ਘੁਮਾਰ ਮੰਡੀ ਜਾ ਕੇ ਕੁੱਝ ਜ਼ਰੂਰੀ ਖਰੀਦਦਾਰੀ ਕਰਨੀ ਸੀ ਤੇ ਉਪਰੋਂ ਸਫ਼ਰ ਵਿਚ ਗੁਜ਼ਾਰੇ ਡੇਢ ਦਿਨ ਦੀ ਥਕਾਵਟ, ਦਿਲ ਕਰੇ ਕਿਹੜਾ ਵੇਲਾ ਹੋਵੇ ਮੰਜੇ 'ਤੇ ਪਈਏ। ਭੱਜ-ਭਜਾ ਕੇ ਸਭ ਕੁੱਝ ਨੇਪਰੇ ਚਾੜ੍ਹਿਆ ਅਤੇ 17 ਨਵੰਬਰ ਨੂੰ 9 ਕੁ ਵਜੇ ਟੈਕਸੀ 'ਤੇ ਸਵਾਰ ਹੋ ਅਟਾਰੀ ਬਾਰਡਰ ਨੂੰ ਰਵਾਨਾ ਹੋ ਗਏ। 12 ਵਜੇ ਅਟਾਰੀ ਵਾਲੇ ਪਾਸਿਓਂ ਬਾਰਡਰ ਕਰਾਸ ਕਰਨ ਲਈ ਗੇਟ ਦੇ ਬਾਹਰ ਖੜ੍ਹੇ ਸਾਂ। ਇੰਡੀਆ ਵਾਲੇ ਪਾਸਿਓਂ ਕਾਨਫਰੰਸ ਵਿਚ ਸ਼ਾਮਲ ਹੋਣ ਵਾਲੇ ਡੈਲੀਗੇਟਾਂ ਦੀ ਚੋਖੀ ਹਲਚਲ ਸੀ। ਇਸ ਪਾਸਿਓਂ ਸਹਿਜਪ੍ਰੀਤ ਸਿੰਘ ਮਾਂਗਟ ਦੀ ਦੇਖ-ਰੇਖ ਹੇਠ ਦੋ ਕੁ ਦਰਜਨ ਭਾਰਤੀ ਡੈਲੀਗੇਟਾਂ ਦਾ ਜੱਥਾ ਜਾ ਰਿਹਾ ਸੀ। ਉਨ੍ਹਾਂ ਦੀ ਐਂਟਰੀ ਗਰੁੱਪ ਵਿਚ ਹੋਣੀ ਸੀ। ਅਸੀਂ ਕੈਨੇਡਾ ਤੋਂ ਜਾਣ ਵਾਲੇ ਸਾਂ ਸੋ ਸਾਡਾ ਇਮੀਗ੍ਰੇਸ਼ਨ ਥੋੜ੍ਹਾ ਸੌਖਾ ਹੋ ਗਿਆ ਅਤੇ ਅਸੀਂ ਸਭ ਤੋਂ ਪਹਿਲਾਂ ਬਾਰਡਰ ਪਾਰ ਕਰ ਵਾਹਗਾ ਵਾਲੇ ਪਾਸੇ ਪਹੁੰਚ ਗਏ।

ਉੱਥੇ ਅਹਿਮਦ ਰਜ਼ਾ, ਨਾਸਿਰ ਢਿਲੋਂ, ਸਰਵਰ ਭੁੱਟਾ, ਤੇ ਫੈਸਲ ਹੁਰੀਂ ਫੁੱਲਾਂ ਦੇ ਹਾਰ ਫੜੀ ਸੁਆਗਤ ਲਈ ਖੜ੍ਹੇ ਸਨ। ਗੁਲਾਬ ਦੇ ਫੁੱਲਾਂ ਦੀ ਖ਼ੁਸ਼ਬੂ ਦੇ ਨਾਲ ਨਿੱਘੀਆਂ ਗਲਵੱਕੜੀਆਂ ਦਾ ਆਦਾਨ-ਪ੍ਰਦਾਨ ਹੋਇਆ। ਵਿੰਹਦਿਆਂ ਵਿਹੰਦਿਆਂ ਜਸਵੰਤ ਜ਼ਫ਼ਰ, ਮਲਕੀਤ ਰੌਣੀ, ਗੁਰਪ੍ਰੀਤ ਕੌਰ ਭੰਗੂ, ਸਵਰਨ ਸਿੰਘ ਟਹਿਣਾ, ਹਰਮਨ ਥਿੰਦ ਤੇ ਹੋਰ ਜਾਣੀਆਂ-ਪਛਾਣੀਆਂ ਹਸਤੀਆਂ ਦਾ ਜਮਘਟਾ ਲਗ ਗਿਆ। ਹਰ ਕੋਈ ਚਾਅ ਨਾਲ ਮਿਲ ਗਿਲ ਰਿਹਾ ਸੀ। ਇਧਰੋਂ ਦੀ ਐਂਟਰੀ ਪੁਆ ਕੇ ਵਿਹਲੇ ਹੋਏ ਤਾਂ ਅਹਿਮਦ ਰਜ਼ਾ ਨੇ ਕਿਹਾ ਕਿ ਤੁਹਾਡੇ ਲਈ ਬਾਹਰ ਸਰਵਰ ਭੁੱਟਾ ਕਾਰ ਲਈ ਖੜ੍ਹਾ ਹੈ ਤੁਸੀਂ ਜਾ ਕੇ ਬੈਠੋ। ਸਾਡੇ ਨਾਲ ਯੂ.ਕੇ. ਤੋਂ ਆਏ ਬੱਲ ਸਿੱਧੂ ਤੇ ਉਨ੍ਹਾਂ ਦੀ ਪਤਨੀ ਬੈਠ ਗਏ ਅਤੇ ਅੱਧੇ ਕੁ ਘੰਟੇ ਵਿਚ ਪਹਿਲਾਂ ਲੰਘੇ ਰਾਹਾਂ 'ਤੇ ਤੇਜ਼ ਚਾਲ ਦੌੜਦੀ ਕਾਰ ਸਾਨੂੰ ਇੰਡੀਗੋ ਹੋਟਲ ਜਾ ਉਤਾਰਿਆ। ਇਥੇ ਬਾਹਰੋਂ ਆਏ ਸਾਰੇ ਡੈਲੀਗੇਟਾਂ ਦੀ ਠਾਹਰ ਸੀ। ਮੈਨੂੰ ਅੰਮ੍ਰਿਤਾ ਪ੍ਰੀਤਮ ਦੀ ਆਖੀ-ਲਿਖੀ ਗੱਲ ਵਾਰ-ਵਾਰ ਚੇਤੇ ਆ ਰਹੀ ਸੀ, 'ਕੋਈ ਵੀ ਜਗ੍ਹਾ ਪਹਿਲੀ ਵਾਰ ਅਜਨਬੀ ਹੁੰਦੀ ਹੈ, ਅਗਲੀ ਫੇਰੀ 'ਤੇ ਆਪਣੀ ਹੀ ਲਗਦੀ ਹੈ।' ਇਸ ਵਾਰ ਵਾਹਗਿਓਂ ਆਉਂਦੀ ਸੜਕ, ਆਲੇ-ਦੁਆਲੇ ਦੇ ਪਿੰਡ, ਘਰ, ਪੈਲੀਆਂ, ਲਾਹੌਰ ਨਹਿਰ ਤੇ ਸ਼ਹਿਰ ਦੇ ਰਸਤੇ ਜਿਵੇਂ ਗਲ਼ੇ ਮਿਲਦੇ ਲਗੇ। ਪਹਿਲੀ ਵਾਰ ਆਇਆਂ ਨੂੰ ਅਸੀਂ ਇਥੋਂ ਦੇ ਡੂੰਘੇ ਜਾਣਕਾਰ ਲਗਦੇ ਸਾਂ।

ਸਵੇਰੇ ਡਾਈਨਿੰਗ ਹਾਲ ਵਿਚ ਬ੍ਰੇਕਫਾਸਟ ਕਰਦੇ ਹੋਟਲ ਵਿਚ ਠਹਿਰੇ ਹੋਰ ਪ੍ਰਾਹੁਣਿਆਂ ਨਾਲ ਰਲਗੱਡ ਹੋਏ ਦੋਵਾਂ ਪੰਜਾਬਾਂ ਦੇ ਲੋਕਾਂ ਦਾ ਇਕੱਠ ਸਾਂਝਾ ਪੰਜਾਬ ਬਣਿਆ ਹੋਇਆ ਸੀ। ਕੋਈ ਵਖਰੇਵਾਂ ਜਾਂ ਤੇਰ-ਮੇਰ ਹੈ ਹੀ ਨਹੀਂ ਸੀ। ਹੋਟਲ ਦਾ ਸਟਾਫ਼ ਜੀ ਆਇਆਂ ਕਹਿੰਦਾ ਰਤਾ ਵੀ ਓਪਰਾ ਨਹੀਂ ਸੀ ਲਗਦਾ। ਇਕੋ ਜ਼ੁਬਾਨ, ਇਕੋ ਲਹਿਜ਼ਾ ਤੇ ਇਕੋ ਹੀ ਸਲੀਕਾ। ਸਾਂਝੀ ਕਾਨਫਰੰਸ ਦਾ ਚਾਅ ਤੇ ਹੁਲਾਸ ਹਰੇਕ ਦੇ ਚਿਹਰੇ 'ਤੇ ਵੇਖਿਆਂ ਬਣਦਾ ਸੀ। ਹੋਟਲ ਦੇ ਬਾਹਰ ਖੜ੍ਹੀਆਂ ਕਾਰਾਂ ਤੇ ਬੱਸਾਂ ਨੇ ਡੈਲੀਗੇਟਾਂ ਨੂੰ ਕਾਨਫਰੰਸ ਹਾਲ ਪੁਚਾਇਆ ਤਾਂ ਕਾਨਫਰੰਸ ਦੇ ਪਹਿਲੇ ਦਿਨ ਦਾ ਆਗਾਜ਼ ਹੋ ਗਿਆ। ਕਾਨਫਰੰਸ ਦਾ ਸਥਾਨ ਪਿਲਾਕ (ਪੰਜਾਬੀ ਲੈਂਗੁਏਜ਼ ਐਂਡ ਕਰਾਫਟ) ਦਾ ਵੱਡਾ ਤੇ ਖੁੱਲ੍ਹਾ-ਡੁੱਲ੍ਹਾ ਸਟੇਡੀਅਮ ਸੀ। ਸਟੇਡੀਅਮ ਦੇ ਬਾਹਰ ਦਾ ਨਜ਼ਾਰਾ ਵੇਖਿਆਂ ਬਣਦਾ ਸੀ। ਕੰਧਾਂ ਉਪਰ ਕਾਨਫਰੰਸ ਦੇ ਲੱਗੇ ਵੱਡੇ-ਵੱਡੇ ਪੋਸਟਰ, ਪੈਨਲ ਡਿਸਕਸ਼ਨ ਵਿਚ ਭਾਗ ਲੈਣ ਵਾਲੇ ਦੋਵਾਂ ਪਾਸਿਆਂ ਦੇ ਪੈਨਲਿਸਟਾਂ ਦੀਆਂ ਤਸਵੀਰਾਂ ਦੇ ਪੋਸਟਰ, ਪੰਜਾਬੀ ਦੇ ਵਿਦਵਾਨਾਂ ਤੇ ਪੰਜਾਬੀ ਪਿਆਰਿਆਂ ਦੇ ਪੋਸਟਰ ਮਾਂ ਬੋਲੀ ਪੰਜਾਬੀ ਦੇ ਪਿਆਰਿਆਂ ਨੂੰ ਵਿਸ਼ੇਸ਼ ਸੱਦਾ ਦੇਂਦੇ ਤੇ ਸੁਆਗਤ ਕਰਦੇ ਮਨ ਮੋਹ ਰਹੇ ਸਨ। ਬਾਹਰ ਜੋ ਵੀ ਮਿਲਦਾ, 'ਕਿਥੋਂ ਆਏ? ਉਧਰ ਕਿੱਥੇ ਰਹਿੰਦੇ ਹੋ?" ਸੁਆਲ ਜ਼ਰੂਰ ਸਾਂਝੇ ਕਰਦਾ ਤੇ ਬਹੁਤੇ ਆਪਣੇ ਵੱਡਿਆਂ ਦੀਆਂ ਉਧਰ ਰਹਿ ਗਈਆਂ ਜੰਮਣ-ਭੋਆਂ ਦੀ ਸਾਂਝ ਵੀ ਪਾਉਂਦੇ।

ਇੰਜ ਮਿਲਦੇ ਮਿਲਾਉਂਦੇ ਹਾਲ ਅੰਦਰ ਪਹੁੰਚੇ। 'ਆਓ ਪੰਜਾਬ ਤੇ ਪੰਜਾਬੀ ਦੀ ਗੱਲ ਕਰੀਏ' ਪੋਸਟਰਾਂ ਨਾਲ ਸਟੇਜ ਬੜੇ ਸਲੀਕੇ ਨਾਲ ਸਜਾਈ ਹੋਈ ਸੀ। ਵਿਦੇਸ਼ੀ ਪ੍ਰਾਹੁਣਿਆਂ ਲਈ ਮੂਹਰਲੀਆਂ ਕਤਾਰਾਂ ਸਨ। ਅਸੀਂ ਵੀ ਦੱਸੇ ਅਨੁਸਾਰ ਪਹਿਲੀ ਕਤਾਰ ਵਿਚ ਜਾ ਬੈਠੇ। ਹਾਲ ਵਿਚ ਹਾਜ਼ਰੀ ਅਜੇ ਵਿਰਲੀ ਸੀ। ਛੇਤੀ ਹੀ ਮੂਹਰਲੀਆਂ ਕਤਾਰਾਂ ਭਰ ਗਈਆਂ ਤੇ ਅੱਧੇ ਪੌਣੇ ਘੰਟੇ ਵਿਚ ਕੋਈ ਵੀ ਕੁਰਸੀ ਖਾਲੀ ਨਹੀਂ ਸੀ ਰਹੀ। ਜਦੋਂ ਪੰਜਾਬੀ ਦੇ ਮਸ਼ਹੂਰ ਕਵੀ ਅਫ਼ਜ਼ਲ ਸਾਹਿਰ ਨੇ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਮਾਈਕ ਸੰਭਾਲਿਆ ਤਾਂ ਹਾਲ ਖਚਾਖੱਚ ਭਰ ਚੁੱਕਾ ਸੀ ਅਤੇ ਪਹਿਲੀ ਕਤਾਰ ਦੇ ਹੇਠਾਂ ਬੈਠਣ ਵਾਲਿਆਂ ਦੀ ਕਤਾਰ ਪਲ-ਪਲ ਸੰਘਣੀ ਹੋ ਰਹੀ ਸੀ। ਜਿਸਨੂੰ ਥਾਂ ਨਾ ਮਿਲੀ ਉਹ ਰਸਤਿਆਂ ਦੇ ਦੋਵੇਂ ਪਾਸੇ ਖੜ੍ਹੇ ਸਨ। ਰੰਗ-ਬਰੰਗੇ ਪੰਜਾਬੀ ਪਹਿਰਾਵੇ ਵਿਚ ਸਜੇ ਪੰਜਾਬੀ ਲਗਦਾ ਸੀ ਜਿਵੇਂ ਕਿਤੇ ਵਿਆਹ ਵਿਚ ਆਏ ਹੋਣ। ਲਹਿੰਦੇ ਪੰਜਾਬ ਦੇ ਲਗਪਗ ਸਾਰੇ ਮਰਦ ਸਲਵਾਰ ਕਮੀਜ਼ ਪਹਿਨੀ ਅਤੇ ਕਈ ਉਧਰਲੇ ਅੰਦਾਜ਼ ਵਾਲੀ ਤੁਰਲੇ ਵਾਲੀ ਪੱਗ ਬੰਨ੍ਹੀ ਖੁਸ਼ੀ ਨਾਲ ਫੁੱਲੇ ਨਹੀਂ ਸੀ ਸਮਾਉਂਦੇ। ਬਾਹਰੋਂ ਗਏ ਕੋਟ ਪੈਂਟਾਂ ਵਾਲੇ ਅਤੇ ਔਰਤਾਂ ਸੂਹਣੇ ਸਲਵਾਰ ਕਮੀਜ਼ ਜਾਂ ਫਬਵੇਂ ਪਾਕਿਸਤਾਨੀ ਪਹਿਰਾਵੇ ਵਿਚ ਹਸੂੰ-ਹਸੂੰ ਕਰ ਰਹੇ ਸਨ।

ਪੰਜਾਬ ਦੀ ਚੀਫ਼ ਮਨਿਸਟਰ 'ਮਰੀਅਮ ਸਾਹਿਬਾ' ਨੇ ਕਾਨਫਰੰਸ ਦਾ ਆਗਾਜ਼ ਕਰਨ ਆਉਣਾ ਸੀ ਪਰ ਸਿਹਤ ਦਾ ਕੋਈ ਇਸ਼ੂ ਹੋਣ ਕਰਕੇ ਪਹੁੰਚ ਨਾ ਸਕੇ ਤਾਂ ਪਿਲਾਕ ਦੀ ਡਾਇਰੈਕਟਰ ਜਨਰਲ ਬੈਨਿਸ਼ ਫਾਤਿਮਾ ਸਾਹੀ ਨੇ ਸਭ ਨੂੰ ਜੀ ਆਇਆਂ ਆਖ ਕਾਨਫਰੰਸ ਬਾਰੇ ਸੰਖੇਪ ਜਾਣਕਾਰੀ ਦੇ ਕੇ ਪਹਿਲੇ ਦਿਨ ਦੀ ਕਾਰਵਾਈ ਦੀ ਸ਼ੁਰੂਆਤ ਕੀਤੀ। ਕਾਨਫਰੰਸ ਦੇ ਚੀਫ਼ ਆਰਗੇਨਾਈਜ਼ਰ ਅਹਿਮਦ ਰਜ਼ਾ ਤੇ ਅਮਰੀਕਾ ਤੋਂ ਆਏ ਅਸ਼ੋਕ ਭੌਰਾ ਜੀ ਨੇ ਸੁਆਗਤੀ ਬੋਲ ਸਾਂਝੇ ਕੀਤੇ।

ਸੂਫ਼ੀ ਗਾਇਕ ਜ਼ਹੂਰ ਸਾਈਂ ਹੁਰਾਂ ਬਾਬਾ ਬੁਲ੍ਹੇ ਸ਼ਾਹ ਦੇ ਬੋਲਾਂ 'ਨਾ ਹੀਰ ਕਹੋ ਮੈਨੂੰ ਮੈਂ ਰਾਂਝਣ ਦੀ ਕੰਜਰੀ ਆਂ, ਮੈਂ ਕੋਠੇ ਦੀ ਨਹੀਂ ਆਪਣੇ ਪੀਰ ਦੀ ਕੰਜਰੀ ਆਂ ਤੇ ਦਮਾ ਦਮ ਮਸਤ ਕਲੰਦਰ ਅਲੀ ਦਮ ਦਮ ਦੇ ਅੰਦਰ' ਨੂੰ ਵਜਦ ਵਿਚ ਗਾ ਕੇ ਸਭ ਨੂੰ ਝੂਮਣ ਲਾ ਦਿੱਤਾ। ਗਾਇਕ ਬੀਰ ਸਿੰਘ ਦੀ ਸ਼ਖਸੀਅਤ ਤੇ ਆਵਾਜ਼ ਦਾ ਜਾਦੂ ਹੀ ਵੱਖਰਾ ਸੀ। ਦਰਮਿਆਨਾ ਕੱਦ, ਭਰਵੀਂ ਖੁਲ੍ਹੀ ਦਾੜ੍ਹੀ ਤੇ ਮੁਖਾਰਬਿੰਦ 'ਚੋਂ ਉਚਾਰੇ ਸੰਗੀਤਮਈ ਬੋਲ 'ਨਾਨਕ ਦਾ ਪੁੱਤ ਆਂ ਤੇਰਾਂ ਤੇਰਾਂ ਤੋਲਾਂਗਾ' ਨੇ ਤਾਂ ਵਾਹ ਵਾਹ ਕਰਾਤੀ। ਅਗਲੀ ਪੇਸ਼ਕਾਰੀ ਅਸ਼ੋਕ ਭੌਰਾ ਦੇ ਲਿਖੇ ਗੀਤ 'ਬੁਰਕੀ' ਦੀ ਗਾਇਕਾ ਫ਼ਲਕ ਇਜ਼ਾਜ਼ ਵਲੋਂ ਸੀ। 'ਮਾਹੀ ਮੇਰਾ ਅੜ੍ਹਬ ਸੁਭਾਅ ਦਾ ਕੀ ਕੀ ਮੈਂ ਸੁਣਾਵਾਂ, ਕੱਲ੍ਹ ਦਾ ਰੁਸਿਆ ਫਿਰੇ ਕੀ ਚੌਲਾਂ ਦੀ ਬੁਰਕੀ' ਨੇ ਤਾਂ ਰੰਗ ਹੀ ਬੰਨ੍ਹ ਦਿੱਤਾ। ਵਿਚ ਵਿਚ ਅਫ਼ਜ਼ਲ ਸਾਹਿਰ ਦੀਆਂ ਲਾਇਲਪੁਰੀ ਗੱਲਾਂ ਦੇ ਚਟਖਾਰਿਆਂ ਦਾ ਵੱਖਰਾ ਹੀ ਆਨੰਦ ਸੀ।

ਇੰਨੀਆਂ ਕੁ ਸਭਿਆਚਾਰਕ ਆਈਟਮਾਂ ਬਾਅਦ 1:30 ਵਜੇ ਪੈਨਲ ਡਿਸਕਸ਼ਨਜ਼ ਸ਼ੁਰੂ ਹੋ ਗਏ। ਇਹ ਕਾਨਫਰੰਸ ਦਾ ਅਸਲ ਮਕਸਦ ਸਨ ਇਨ੍ਹਾਂ ਵਿਚ ਪੰਜਾਬ, ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨਾਲ ਸਬੰਧਤ ਮੁੱਦੇ ਤੇ ਚੁਣੌਤੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਣਾ ਸੀ ਅਤੇ ਕਾਨਫਰੰਸ ਦੇ ਸਲੋਗਨ 'ਆਓ ਪੰਜਾਬ ਤੇ ਪੰਜਾਬੀ ਦੀ ਗੱਲ ਕਰੀਏ' ਦੇ ਨਤੀਜੇ 'ਤੇ ਪਹੁੰਚਣਾ ਸੀ। ਅੱਜ ਪੰਜ ਪੈਨਲ ਡਿਸਕਸ਼ਨ ਹੋਏ। ਪਹਿਲਾ 'ਪੰਜਾਬੀਆਂ ਦੀ ਕੌਮੀ ਚੇਤਨਾ' ਦੂਜਾ 'ਨਵੀਂ ਟੈਕਨੌਲੌਜੀ ਦਾ ਪਸਾਰ ਤੇ ਪੰਜਾਬੀ ਜ਼ੁਬਾਨ' ਤੀਜਾ 'ਮਾਂ ਬੋਲੀ ਰਾਹੀਂ ਸਿੱਖਿਆ' ਚੌਥਾ 'ਪੰਜਾਬੀ ਸੁਆਣੀ ਤੇ ਨਾਬਰੀ ਦੀ ਰੀਤ' ਅਤੇ ਪੰਜਵਾਂ 'ਪੰਜਾਬੀਆਂ ਦੀਆਂ ਕਾਮਯਾਬੀਆਂ'। ਹਰ ਡਿਸਕਸ਼ਨ ਵਿਚ ਵੱਖ-ਵੱਖ ਮਾਹਿਰਾਂ ਨੇ ਭਾਗ ਲਿਆ ਜਿਨ੍ਹਾਂ ਵਿਚ ਲਹਿੰਦੇ ਪੰਜਾਬ ਦੇ ਵਿਦਵਾਨ ਸੁਹੇਲ ਵੜੈਚ, ਫਾਰੂਖ ਸੋਹੇਲ ਗੋਇੰਦੀ, ਲੇਖਕ ਨੈਨ ਸੁੱਖ, ਡਾ: ਮੁਹੰਮਦ ਅਨੀਸ, ਜਮੀਲ ਪਾਲ, ਪ੍ਰਵੀਨ ਮਲਿਕ ਅਤੇ ਅਮਰੀਕਾ ਤੋਂ ਪਹੁੰਚੇ ਮਸ਼ਹੂਰ ਪੱਤਰਕਾਰ ਅਸ਼ੋਕ ਭੌਰਾ ਜੀ, ਕੈਨੇਡਾ ਤੋਂ ਸੁੱਖੀ ਬਾਠ ਜੀ ਤੇ ਚੜ੍ਹਦੇ ਪੰਜਾਬ ਦੇ ਨਾਮਵਰ ਕਵੀ ਜਸਵੰਤ ਜਫ਼ਰ ਸ਼ਾਮਲ ਹੋਏ। ਇੱਕ ਪੈਨਲ 'ਪੰਜਾਬੀ ਸੁਆਣੀ ਤੇ ਨਾਬਰੀ ਦੀ ਰੀਤ' ਵਿਚ ਮੈਨੂੰ ਵੀ ਹੋਰ ਤਿੰਨ ਪੈਨਾਲਿਸਟਾਂ ਡਾ. ਸ਼ਬਮਨ ਇਸ਼ਾਕ, ਸ਼ਮਸਾ ਹੁਸੈਨ ਤੇ ਰੁਬੀਨਾ ਜਮੀਲ ਨਾਲ ਸ਼ਾਮਲ ਹੋ ਵਿਚਾਰ-ਵਟਾਂਦਰਾਂ ਕਰਨ ਦਾ ਮਾਣ ਪ੍ਰਾਪਤ ਹੋਇਆ। ਹਰੇਕ ਸੈਸ਼ਨ ਨੂੰ ਇੱਕ ਇੱਕ ਮੌਡਰੇਟਰ ਬੜੀ ਸੁਚੱਜਤਾ ਨਾਲ ਚਲਾ ਰਿਹਾ ਸੀ। ਖੁਸ਼ੀ ਤੇ ਸੰਤੁਸ਼ਟੀ ਦੀ ਗੱਲ ਇਹ ਵੇਖੀ ਕਿ ਜਿੰਨੇ ਸੌਕ ਨਾਲ ਹਾਜ਼ਰੀਨ ਨੇ ਕਲਚਰਲ ਆਈਟਮ ਦਾ ਆਨੰਦ ਮਾਣਿਆ ਉਦੋਂ ਕਿਤੇ ਸੰਜੀਦਗੀ ਤੇ ਰੂਹ ਨਾਲ ਇਨ੍ਹਾਂ ਵਿਚਾਰ-ਵਟਾਂਦਰਿਆਂ ਨੂੰ ਸੁਣਿਆ। ਇਹ ਹਾਲ ਵਿਚ ਭਰਵੀਂ ਹਾਜ਼ਰੀ ਤੇ ਹਾਲ ਤੋਂ ਬਾਹਰ ਲਗੇ ਵੱਡੇ ਸਕਰੀਨ ਸਾਹਮਣੇ ਕੁਰਸੀਆਂ 'ਤੇ ਬੈਠੇ ਲੋਕਾਂ ਦੀ ਹਾਜ਼ਰੀ ਤੋਂ ਪ੍ਰਤੱਖ ਜ਼ਾਹਿਰ ਸੀ। ਦੁਪਹਿਰ ਦੀ ਰੋਟੀ ਲਈ ਜਦੋਂ ਹਾਲ ਤੋਂ ਬਾਹਰ ਨਿਕਲੇ ਤਾਂ ਕਿੰਨੇ ਸਾਰੇ ਟੀ.ਵੀ. ਚੈਨਲ ਵਾਲੇ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਵਿਦੇਸ਼ੀ ਡੈਲੀਗੇਟਾਂ ਤੋਂ ਦੋ-ਦੋ ਚਾਰ-ਚਾਰ ਮਿੰਟ ਦੀ ਇੰਟਰਵਿਊ ਲਈ।



ਹਾਲ-1 ਦੇ ਨਾਲੋ ਨਾਲ ਹਾਲ-2 ਵਿਚ 'ਪੰਜਾਬੀ ਲੋਕਾਂ ਦਾ ਪੰਜਾਬੀ ਸਾਹਿਤ ਨਾਲ ਲਗਾਓ' ਵਿਸ਼ੇ 'ਤੇ ਪੈਨਲ ਡਿਸਕਸ਼ਨ ਹੋ ਰਿਹਾ ਸੀ, ਖੋਜ ਪੱਤਰ ਪੜ੍ਹੇ ਜਾ ਰਹੇ ਸਨ, ਨਵੀਆਂ ਛਪੀਆਂ ਕਿਤਾਬਾਂ ਬਾਰੇ ਗੱਲ ਹੋ ਰਹੀ ਸੀ ਅਤੇ ਕਿਤਾਬਾਂ ਰਿਲੀਜ਼ ਕੀਤੀਆਂ ਜਾ ਰਹੀਆਂ ਸਨ। ਛੇ ਵਜੇ ਹਾਲ-1 ਵਿਚ 'ਮਾਸ ਫਾਊਂਡੇਸ਼ਨ' ਵਲੋਂ ਆਜ਼ਾਦੀ ਦੇ ਨਾਂ 'ਤੇ ਹੋਈ ਪੰਜਾਬ ਦੀ ਵੰਡ ਦੀ ਕਤਲੋਗਾਰਤ ਅਤੇ ਪਰਮੇਸ਼ਰ ਸਿੰਘ ਵਰਗੇ ਸੁਹਿਰਦ ਦੀ ਮਨੁੱਖੀ ਸੁਹਿਰਦਤਾ ਦੇ ਕਤਲ ਦੀ ਪੌਣੇ ਘੰਟੇ ਦੀ ਇਸ ਸਟੇਜ ਪੇਸ਼ਕਾਰੀ ਨੇ ਸਭ ਦੀਆਂ ਅੱਖਾਂ ਸੇਜਲ ਕਰ ਦਿੱਤੀਆਂ। ਸਾਈਂ ਜ਼ਹੂਰ ਤੇ ਫਲਕ ਇਜਾਜ਼ ਦੀਆਂ ਪੇਸ਼ਕਾਰੀਆਂ ਨੇ ਮੁੜ ਸਟੇਜ 'ਤੇ ਰੌਣਕ ਲਾ ਦਿੱਤੀ। ਉਪਰੰਤ ਕਾਨਫਰੰਸ ਦਾ ਅੱਜ ਦਾ ਦਿਨ ਕਾਮਯਾਬੀ ਨਾਲ ਸਮਾਪਤ ਹੋ ਗਿਆ।

ਕਾਨਫਰੰਸ ਦੇ ਦੂਜੇ ਦਿਨ ਮੈਂ ਤੇ ਥਿੰਦ ਸਾਹਿਬ ਵੱਡੇ ਹਾਲ ਦੇ ਸਾਹਮਣੇ ਪਹੁੰਚੇ ਹੀ ਸਾਂ ਕਿ ਇੱਕ ਮਾੜਚੂ ਜਿਹਾ ਬੰਦਾ ਜਿਹਦੇ ਮੱਥੇ 'ਤੇ ਨਵੀਂ ਬੰਨ੍ਹੀ ਪੱਟੀ ਦਾ ਕਰਾਸ ਬਣਿਆ ਸੀ, ਔਹਲ ਕੇ ਸਾਡੇ ਵੱਲ ਹੋਇਆ ਅਤੇ ਬੋਲਿਆ, 'ਇੱਥੇ ਕਨੇਡਾ ਤੋਂ ਥਿੰਦ ਆਏ ਨੇ ਮੈਂ ਉਨ੍ਹਾਂ ਨੂੰ ਮਿਲਣਾ ਜੀ"। ਮੈਂ ਕਿਹਾ ਕਿ, 'ਇੱਕ ਥਿੰਦ ਤਾਂ ਅਸੀਂ ਹਾਂ, ਹੋਰ ਕਿਸੇ ਦਾ ਤਾਂ ਪਤਾ ਨਹੀਂ। ਤੁਸੀਂ ਕਿਸ ਸਿਲਸਲੇ ਵਿਚ ਮਿਲਣਾ ਹੈ?' ਉਸ ਨੇ ਸ਼ਾਹਮੁਖੀ ਦੀ ਇੱਕ ਕਿਤਾਬ ਮੇਰੇ ਸਾਹਮਣੇ ਕਰ ਦਿੱਤੀ ਜਿਸ ਵਿਚ ਕੈਲਗਰੀ ਦੇ ਮੰਨੇ-ਪ੍ਰਮੰਨੇ ਸ਼ਾਇਰ 'ਕੇਸਰ ਸਿੰਘ ਨੀਰ' ਜੀ ਦੀ ਫੋਟੋ ਵੇਖ ਮੈਂ ਕਿਹਾ, ਭਾਈ ਤੂੰ ਠੀਕ ਬੰਦੇ ਪਛਾਣੇ, ਅਸੀਂ ਹੀ ਉਹ ਥਿੰਦ ਹਾਂ, ਅਤੇ ਅਸੀਂ ਇੱਕ ਪਾਸੇ ਬੈਂਚ 'ਤੇ ਬੈਠ ਗਏ। ਉਹ ਪੰਜਾਬੀ ਵਿਚ ਬਾਲ-ਕਵਿਤਾਵਾਂ ਲਿਖਣ ਵਾਲਾ ਕਵੀ ਸੀ। ਉਸ ਆਪਣੀ ਕਿਤਾਬ ਮੈਨੂੰ ਵਿਖਾਈ। ਮੈਂ ਕਿਤਾਬ ਉਲਟ ਪਲਟ ਕੇ ਵੇਖੀ, ਸ਼ਾਹਮੁਖੀ ਵਿਚ ਹੋਣ ਕਰਕੇ ਪੜ੍ਹੀ ਤਾਂ ਜਾਣੀ ਨਹੀਂ ਸੀ। ਸੋ ਉਹਦਾ ਹਾਲ ਚਾਲ ਪੁੱਛਿਆ। ਉਸ ਦੱਸਿਆ ਕਿ ਉਹਦਾ ਨਾ ਹਫ਼ੀਜ਼ ਜ਼ਾਹਿਦ ਹੈ ਅਤੇ ਉਹ ਕਬਾੜ ਦਾ ਕੰਮ ਕਰਦਾ ਹੈ। ਕੱਲ੍ਹ ਉਹਦਾ ਐਕਸੀਡੈਂਟ ਹੋ ਗਿਆ ਸੀ ਜਿਸ ਕਰਕੇ ਮੱਥੇ 'ਤੇ ਸੱਟ ਲਗ ਗਈ ਸੀ। ਅਸਲ ਵਿਚ ਜਾਣ ਤੋਂ ਪਹਿਲਾਂ ਸ੍ਰ: ਕੇਸਰ ਸਿੰਘ ਨੀਰ ਜੀ ਦੀ ਪਤਨੀ ਨੇ ਮੈਨੂੰ ਇਸ ਬੰਦੇ ਦੀ ਮਦਦ ਲਈ ਕੁੱਝ ਡਾਲਰ ਦਿੱਤੇ ਸੀ ਅਤੇ ਕਿਹਾ ਸੀ ਕਿ ਜੇ ਮਿਲ ਗਿਆ ਤਾਂ ਉਸ ਨੂੰ ਦੇ ਦੇਣੇ। ਉਹਦਾ ਅਤਿ ਗਰੀਬੜਾ ਜਿਹੀ ਹਾਲ ਵੇਖ ਕੇ ਪੰਜਾਬੀ ਬੋਲੀ ਦੇ ਸ਼ਾਇਰਾਂ ਦੇ ਸਿਰੜ ਅੱਗੇ ਸਿਰ ਝੁਕ ਗਿਆ।

ਕਾਨਫਰੰਸ ਦਾ ਦੂਜਾ ਦਿਨ ਵੀ ਪਹਿਲੇ ਦਿਨ ਵਾਂਗ ਅਮਰੀਕਾ ਤੋਂ ਆਏ ਮੁਅਜ਼ਜ਼ ਮਹਿਮਾਨ ਸ੍ਰ: ਸੁਰਿੰਦਰ ਸਿੰਘ ਗਿੱਲ ਅਤੇ ਪੰਜਾਬੀ ਪ੍ਰਚਾਰ ਦੇ ਫਰਹਾਦ ਇਕਬਾਲ ਹੁਰਾਂ ਦੇ ਸੁਆਗਤੀ ਸੰਬੋਧਨ ਨਾਲ ਸ਼ੁਰੂ ਹੋਇਆ। ਫਿਰ ਪਹਿਲਾਂ ਪੰਜਾਬ ਕਾਲਜ ਫੈਸਲਾਬਾਦ ਦੇ ਮੁੰਡਿਆਂ ਦੇ ਭੰਗੜੇ ਤੇ ਫਿਰ ਕੁੜੀਆਂ ਦੇ ਗਿੱਧੇ ਦਾ ਸ਼ਾਨਦਾਰ ਪ੍ਰਦਰਸ਼ਨ ਹੋਇਆ। ਸਟੇਜ ਤੋਂ ਹੋਈ ਅਨਾਊਂਸਮੈਂਟ ਤੋਂ ਪਤਾ ਲਗਾ ਕਿ 1986 ਤੋਂ ਇਸ ਤਰ੍ਹਾਂ ਦੇ ਪੰਜਾਬੀ ਸਭਿਆਚਾਰਕ ਗਾਉਣ ਨੱਚਣ 'ਤੇ ਪਾਬੰਦੀ ਲੱਗ ਗਈ ਸੀ। ਹੁਣ ਇਹ ਰੋਕਾਂ ਹਟ ਰਹੀਆਂ ਹਨ। ਉਪਰੰਤ ਪੰਜ ਪੈਨਲ ਡਿਸਕਸ਼ਨ—ਫਰੀਦ, ਨਾਨਕ, ਬੁੱਲ੍ਹਾ ਤੇ ਅਜੋਕਾ ਸਮਾਜ, ਪੰਜਾਬੀ ਸਿਨੇਮਾ ਦੇ ਬਦਲਦੇ ਰੂਪ, ਪੰਜਾਬੀ ਸਿਆਸਤਦਾਨ ਤੇ ਪੰਜਾਬ, ਪੰਜਾਬ ਦੇ ਮੁੱਖ ਮੁੱਦੇ, ਸੁਰ-ਸੰਗੀਤ ਤੇ ਪੰਜਾਬੀ ਦੇ ਮਹਾਨ ਗਾਇਕ ਅਤੇ ਵਿਦਿਆਰਥੀਆਂ ਨੂੰ ਸੁਚੇਤ ਕਰ ਪੰਜਾਬੀ ਨੈਸ਼ਨਲਿਜ਼ਮ ਨੂੰ ਉਭਾਰਨਾ—ਵਿਸ਼ਿਆਂ 'ਤੇ ਹੋਏ। ਵਿਸ਼ੇ ਮਾਹਿਰਾਂ ਦੇ ਵਿਚਾਰਾਂ ਨੂੰ ਸ੍ਰੋਤਿਆਂ ਨੇ ਨਿੱਠ ਕੇ ਸੁਣਿਆ ਤੇ ਮਾਣਿਆ।

ਅੱਜ ਦੇ ਦਿਨ ਦਾ ਸਭ ਦਾ ਵੱਡਾ ਹਾਸਲ ਸਵੀਡਨ ਤੋਂ ਆਏ ਰਾਜਨੀਤਕ ਵਿਗਿਆਨੀ ਡਾ: ਇਸ਼ਤਿਆਕ ਅਹਿਮਦ ਦਾ ਕੁੰਜੀਵਤ ਭਾਸ਼ਨ ਸੀ ਜੋ ਉਨ੍ਹਾਂ ਆਪਣੇ ਤਿੰਨ ਦਹਾਕਿਆਂ ਦੇ ਪ੍ਰਵਾਸੀ ਜੀਵਨ ਵਿਚ ਕੀਤੇ ਖੋਜ ਕਾਰਜਾਂ ਵਿਚੋਂ ਇੱਕ ਖੋਜ ਕਾਰਜ 'ਤੇ ਲਿਖੇ ਥੀਸਜ਼ 'ਪੰਜਾਬ ਮਾਈਗ੍ਰੇਸ਼ਨ—ਪੋਸਟ ਐਂਡ ਪਰੀਪਾਰਟੀਸ਼ਨ ਜੈਨੋਸਾਈਡ' 'ਤੇ ਆਧਾਰਤ ਸੀ। ਇਸਦਾ ਪੰਜਾਬੀ ਵਿਚ ਉਲੱਥਾ 'ਵੱਢਿਆ ਟੁੱਕਿਆ ਪੰਜਾਬ' ਨਾਂ ਹੇਠ ਹੋ ਚੁੱਕਾ ਹੈ। ਉਨ੍ਹਾਂ ਆਪਣੇ ਭਾਸ਼ਨ ਵਿਚ 1926 ਤੋਂ ਲੈ ਕੇ 1947 ਤੱਕ ਮੁਸਲਿਮ ਤੇ ਹਿੰਦੂ ਨੇਤਾਵਾਂ ਵਲੋਂ ਕੀਤੀਆਂ ਰਾਜਨੀਤਕ ਚੁਸਤੀਆਂ ਚਲਾਕੀਆਂ ਨੂੰ ਬਿਨਾ ਕਿਸੇ ਲਗ ਲਬੇੜ ਦੇ ਬਿਆਨਿਆ। ਹਾਲ ਨੰਬਰ 2 ਵਿਚ ਖੋਜ ਪੱਤਰ ਪੜ੍ਹਨ ਉਪਰੰਤ ਚਾਰ ਵਜੇ ਦੋ ਕਿਤਾਬਾਂ ਬਾਰੇ ਵਿਚਾਰ-ਚਰਚਾ ਉਪਰੰਤ ਕਿਤਾਬਾਂ ਰੀਲੀਜ਼ ਕੀਤੀਆਂ ਗਈਆਂ। ਇਨ੍ਹਾਂ ਵਿਚ ਮੇਰੀ ਨਵੀਂ ਛਪੀ ਕਿਤਾਬ 'ਲਹਿੰਦੇ ਪੰਜਾਬ 'ਚ 14 ਦਿਨ' ਦਾ ਸ਼ਾਹਮੁਖੀ ਵਿਚ ਉਲੱਥਾ ਵਾਲੀ ਕਿਤਾਬ ਸ਼ਾਮਲ ਸੀ। ਭਰਵੀਂ ਵਿਚਾਰ-ਚਰਚਾ ਬਾਅਦ ਕਿਤਾਬ ਰਿਲੀਜ਼ ਹੋਈ। ਦੂਸਰਾ ਰਿਦਾ ਫਾਤਿਮਾ ਦਾ ਕਾਵਿ-ਸੰਗ੍ਰਿਹ 'ਰੰਨ ਰਾਗ' ਸੀ। ਇਸ ਤੋਂ ਬਾਅਦ ਨੌਜੁਆਨ ਕਵੀਆਂ ਦਾ ਮੁਸ਼ਾਇਰਾ ਹੋਣਾ ਸੀ। ਉਧਰ ਹਾਲ ਨੰਬਰ 1 ਵਿਚ 7:00 ਵਜੇ ਬਾਬਾ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਤੇ ਧਮਾਲ ਅਤੇ ਲਾਲ ਬੈਂਡ ਵਲੋਂ ਸਭਿਆਚਾਰਕ ਪ੍ਰੋਗਰਾਮਾਂ ਨੇ ਰੰਗ ਬੰਨ੍ਹ ਦਿੱਤਾ।

ਕਾਨਫਰੰਸ ਦਾ ਤੀਜਾ ਦਿਨ ਵੀ ਪਹਿਲੇ ਦਿਨਾਂ ਵਾਂਗ ਚੜ੍ਹਦੇ ਪੰਜਾਬ ਦੇ ਸ਼ਾਇਰ ਜਸਵੰਤ ਜ਼ਫ਼ਰ ਅਤੇ ਪੀਪੀ ਟੀਮ ਦੇ ਆਮਿਰ ਰਜ਼ਾ ਦੇ ਸੰਬੋਧਨਾਂ ਨਾਲ ਸ਼ੁਰੂ ਹੋਇਆ। ਪੰਜਾਬੀ ਪੱਤਰਕਾਰੀ ਕੱਲ੍ਹ ਅੱਜ ਤੇ ਭਲਕ, ਪੰਜਾਬੀ ਕਿਸਾਨਾਂ ਨਾਲ ਸਰਕਾਰਾਂ ਦਾ ਵਰਤਾਰਾ, ਬਸਤੀਵਾਦ ਦਾ ਪੰਜਾਬ ਉੱਤੇ ਪ੍ਰਭਾਵ ਅਤੇ ਸੋਸ਼ਲ ਮੀਡੀਆ ਰਾਹੀਂ ਪੰਜਾਬੀ ਦਾ ਵਿਕਾਸ, ਚਾਰ ਵਿਸ਼ਿਆਂ 'ਤੇ ਭਖਵੇਂ ਪੈਨਲ ਡਿਸਕਸ਼ਨ ਹੋਏ। ਮਗਰੋਂ ਸਨਮਾਨ ਸਮਾਰੋਹ ਹੋਇਆ ਜਿਸ ਵਿਚ ਵਿਦੇਸ਼ਾਂ ਤੋਂ ਆਏ ਡੈਲੀਗੇਟਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਚੜ੍ਹਦੇ ਪੰਜਾਬ ਤੋਂ ਆਏ ਫਿਲਮੀ ਖੇਤਰ ਦੇ ਡੈਲੀਗੇਟਾਂ ਅਤੇ ਬਠਿੰਡੇ ਤੋਂ ਆਏ ਚਿੱਤਰਕਾਰ ਗੁਰਪ੍ਰੀਤ ਨੇ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਸ਼ੀਲਡਾਂ, ਸ਼ਾਲਾਂ ਅਤੇ ਹੱਥੀਂ ਬਣਾਏ ਪੋਰਟ੍ਰੇਟਾਂ ਨਾਲ ਸਨਮਾਨਤ ਕੀਤਾ। ਕੁੱਝ ਚੋਣਵੇਂ ਡੈਲੀਗੇਟਾਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਅਵਾਰਡ ਆਫ ਐਕਸੀਲੈਂਸ ਦਿੱਤੇ ਗਏ। ਮੈਨੂੰ ਵੀ 'ਪੰਜਾਬੀ ਪ੍ਰਚਾਰਕ ਐਕਸੀਲੈਂਸ ਅਵਾਰਡ' ਨਾਲ ਸਨਮਾਨਿਆ ਗਿਆ। ਤੁਰੰਤ ਬਾਅਦ ਹਾਲ ਦੇ ਬਾਹਰ ਖੁੱਲ੍ਹੇ ਵਿਹੜੇ ਵਿਚ ਆਰਿਫ਼ ਲੁਹਾਰ ਦਾ ਅਖਾੜਾ ਲਗ ਗਿਆ। ਸਟੇਜ ਦੁਆਲੇ ਭੀੜ ਦਾ ਕੋਈ ਅੰਤ ਨਹੀਂ ਸੀ। ਕੁਰਸੀਆਂ ਉਪਰ ਖਲੋ ਕੇ ਅਰਿਫ਼ ਲੁਹਾਰ ਦਾ ਚਿਹਰਾ ਵੇਖਿਆ। ਇੱਕ ਘੰਟਾ ਜਮ ਕੇ ਆਰਿਫ਼ ਲੁਹਾਰ ਦੇ ਗੀਤਾਂ ਨੇ ਰੌਣਕ ਲਾਈ ਅਤੇ ਲੋਕਾਂ ਨੂੰ ਨਚਾਇਆ। ਫਿਰ ਹਾਲ ਵਿਚ ਪੰਜਾਬੀ ਸ਼ਾਇਰਾਂ ਦਾ ਮੁਸ਼ਾਇਰਾ ਸ਼ੁਰੂ ਹੋ ਗਿਆ ਜਿਸ ਦਾ ਸੰਚਾਲਨ ਜਸਵੰਤ ਜ਼ਫ਼ਰ ਜੀ ਨੇ ਕੀਤਾ।

ਇਸ ਤਰ੍ਹਾਂ ਲਾਹੌਰ ਵਿਖੇ ਤਿੰਨ ਰੋਜ਼ਾ 'ਦੂਜੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ' ਪੰਜਾਬੀਆਂ ਦੇ ਜੋਸ਼ੋ-ਖਰੋਸ਼ ਭਰੀ ਸ਼ਮੂਲੀਅਤ ਨਾਲ ਸੰਪੂਰਨ ਹੋਈ। ਤਿੰਨ ਦਿਨ ਵਿਆਹ ਵਰਗਾ ਮਾਹੌਲ ਬਣਿਆ ਰਿਹਾ। ਜਿਥੇ ਪੰਜਾਬ ਤੇ ਪੰਜਾਬੀ ਨਾਲ ਸਬੰਧਤ ਮੁੱਦਿਆਂ 'ਤੇ ਸੰਜੀਦਾ ਵਿਚਾਰ-ਵਟਾਂਦਰੇ ਹੋਏ ਉੱਥੇ ਹੀ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵੱਲ ਕਦਮ ਪੁੱਟੇ ਗਏ। ਸਭ ਤੋਂ ਮਹੱਤਵਪੂਰਨ ਗੱਲ ਇਹ ਹੋਈ ਕਿ ਸੱਦੇ ਗਏ 30-35 ਵਿਦੇਸ਼ੀ ਡੈਲੀਗੇਟਾਂ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਲੋਕਾਂ ਦੇ ਅਣਸੱਦੇ ਸੈਕੜਿਆਂ ਦੇ ਇਕੱਠ ਦੀ ਆਪਮੁਹਾਰੀ ਸ਼ਮੂਲੀਅਤ ਕਾਨਫਰੰਸ ਦੀ ਵੱਡੀ ਪ੍ਰਾਪਤੀ ਹੋ ਨਿਬੜੀ। ਪੰਜਾਬੀ ਬੋਲੀ ਦੇ ਪੜ੍ਹਨ ਪੜ੍ਹਾਉਣ ਦੀ ਗੱਲ ਮੂੰਹੋਂ ਮੂੰਹੀਂ ਹੁੰਦੀ ਘਰਾਂ ਦੀਆਂ ਦਹਿਲੀਜ਼ਾਂ ਅੰਦਰ ਦਾਖਲ ਹੋ ਲੋਕ-ਬੋਲ ਬਣਨ ਦੀਆਂ ਸੰਭਾਵਨਾਵਾਂ ਉਜਾਗਰ ਕਰ ਗਈ। ਇਸ ਕਾਨਫਰੰਸ ਵਿਚ ਪੰਜਾਬ ਦੇ ਸਾਬਕਾ ਗਵਰਨਰ ਅਤੇ ਅਜੋਕੀ ਸਰਕਾਰ ਦੇ ਮਨਿਸਟਰਾਂ ਦੀ ਹਾਜ਼ਰੀ ਪੰਜਾਬੀ ਦੀ ਗੱਲ ਸਰਕਾਰੇ ਦਰਬਾਰੇ ਪੁਚਾਉਣ ਵਿਚ ਸਫ਼ਲ ਰਹੀ। ਪੰਜਾਬ ਅਸੈਂਬਲੀ ਵਲੋਂ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦਾ ਬਿੱਲ ਪਾਸ ਹੋ ਚੁੱਕਾ ਹੈ। ਅਜਿਹੀ ਲੋਕ ਆਵਾਜ਼ ਇਸ ਨੂੰ ਲਾਗੂ ਕਰਾਉਣ ਦਾ ਵੱਡਾ ਸਬੱਬ ਬਣਨ ਦੇ ਆਸਾਰ ਜ਼ਰੂਰ ਬਣਾਵੇਗੀ। ਉੱਥੇ ਸੁਣਿਆ ਕਿ ਕਾਨਫਰੰਸ ਦੇ ਆਖਰੀ ਦਿਨ ਲਾਹੌਰ ਦੇ ਇੱਕ ਬਹੁਤ ਮਸ਼ਹੂਰ ਤੇ ਵੱਡੇ ਸਕੂਲ ਨੇ ਅਗਲੇ ਸਾਲ ਤੋਂ ਸਕੂਲ ਵਿਚ ਪਹਿਲੀ ਜਮਾਤ ਤੋਂ ਪੰਜਾਬੀ ਪੜ੍ਹਾਉਣ ਦਾ ਕੰਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਪ੍ਰਾਪਤੀ ਕੋਈ ਛੋਟੀ ਨਹੀਂ ਹੈ। 'ਅਗਾਜ਼ ਅੱਛਾ ਹੈ ਤੋ ਅੰਜਾਮ ਭੀ ਅੱਛਾ ਹੋਗਾ' ਇਸ ਆਸ ਤੇ ਉਮੀਦ ਨਾਲ ਕਾਨਫਰੰਸ ਦੀ ਅਹਿਮੀਅਤ ਦੀ ਦਾਦ ਦੇਣੀ ਬਣਦੀ ਹੈ।

# ਕਲਪਨਾ ਸੋਰੇਨ ਤੇ ਪ੍ਰਿਅੰਕਾ ਵਾਡਰਾ ਦੀ ਰਾਜਨੀਤੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਵਾਰੀ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਨੇ ਦੋ ਬੀਬੀਆਂ ਦੀ ਰਾਜਨੀਤੀ ਦਾ ਪਰਦਾ ਚੁੱਕਿਆ ਹੈ। ਕਲਪਨਾ ਸੋਰੇਨ ਦਾ ਖਾਸ ਕਰਕੇ। 34 ਸਾਲਾ ਕਲਪਨਾ 4 ਮਾਰਚ 2024 ਨੂੰ ਪਤੀ ਹੇਮੰਤ ਸੋਰੇਨ ਦੇ ਜੇਲ੍ਹ ਜਾਣਾ ਤੋਂ ਇਕ ਮਹੀਨਾ ਪਿਛੋਂ ਅਚਾਨਕ ਸਿਆਸੀ ਮੰਚ ਉੱਤੇ ਆਈ ਤੇ ਉਸ ਨੇ 1,19,372 ਵਿਚੋਂ 1,02,230 ਵੋਟਾਂ ਲੈ ਕੇ ਆਪਣੀ ਵਿਰੋਧੀ ਮੁਨੀਆ ਦੇਵੀ ਨੂੰ 17,142 ਵੋਟਾਂ ਨਾਲ ਹਰਾਇਆ। ਉਸਦੇ ਚੋਣ ਪ੍ਰਚਾਰ ਵਿਚ ਏਨਾ ਦਮ ਸੀ ਕਿ ਕਈ ਹਲਕਿਆਂ ਵਾਲੇ ਉਸਦੀ ਹਾਜ਼ਰੀ ਦਾ ਦਮ ਭਰਦੇ ਸਨ ਤੇ ਬਾਰ ਬਾਰ ਉਸਨੂੰ ਆਪਣੇ ਹਲਕੇ ਵਿਚ ਬੋਲਣ ਲਈ ਸੱਦ ਰਹੇ ਸਨ।

52 ਸਾਲਾ ਪ੍ਰਿਅੰਕਾ ਗਾਂਧੀ ਵਾਡਰਾ ਵਾਇਨਾਡ ਲੋਕ ਸਭਾ ਹਲਕੇ ਤੋਂ ਚੋਣ ਜਿੱਤ ਕੇ ਲੋਕ ਸਭਾ ਦੀ ਮੈਂਬਰ ਬਣੀ ਹੈ। ਭਾਵੇਂ ਉਹ ਰਾਇ ਬਰੇਲੀ ਤੇ ਅਮੇਥੀ ਤੋਂ ਆਪਣੀ ਮਾਂ ਸੋਨੀਆ ਗਾਂਧੀ ਤੇ ਭਰਾ ਰਾਹੁਲ ਗਾਂਧੀ ਦੇ ਹੱਕ ਵਿਚ ਚੋਣ ਪ੍ਰਚਾਰ ਲਈ ਜਾਣੀ ਜਾਂਦੀ ਸੀ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ ਹੋਣ ਕਾਰਨ ਵੀ ਪਰ ਵਾਇਨਾਡ ਦੀ ਜਿੱਤ ਨੇ ਉਸਦਾ ਕੱਦ ਹੋਰ ਵੀ ਉੱਚਾ ਕੀਤਾ ਹੈ। ਏਥੇ ਉਸਨੂੰ ਛੇ ਲੱਖ 22 ਹਜ਼ਾਰ ਵਿਚੋਂ ਚਾਰ ਲੱਖ 11 ਹਜ਼ਾਰ ਵੋਟਾਂ ਪਈਆਂ ਹਨ ਅਤੇ ਦੂਜੇ ਨੰਬਰ 'ਤੇ ਆਉਣ ਵਾਲੇ ਵਿਰੋਧੀ ਨੂੰ ਦੋ ਲੱਖ 11 ਹਜ਼ਾਰ ਤੀਜੇ ਨੰਬਰ ਵਾਲੇ ਨੂੰ ਇੱਕ ਲੱਖ 99 ਹਜ਼ਾਰ।

ਦੋਨਾਂ ਬੀਬੀਆਂ ਦੀ ਜਿੱਤ ਨੇ ਦੇਸ਼ ਦੇ ਗ੍ਰਹਿ ਮੰਤਰੀ ਤਾਂ ਕੀ ਪ੍ਰਧਾਨ ਮੰਤਰੀ ਵਲੋਂ ਪੰਡਤ ਨਹਿਰੂ ਦੇ ਖਾਨਦਾਨ ਨੂੰ ਸ਼ਾਹੀ ਪਰਿਵਾਰ ਤੇ ਰਾਹੁਲ ਗਾਂਧੀ ਨੂੰ ਸ਼ਹਿਜ਼ਾਦਾ ਗਰਦਾਨਣ ਦੇ ਵਿਅੰਗ ਦੀ ਵੀ ਫੂਕ ਕੱਢ ਦਿੱਤੀ ਹੈ। ਸੋਰੇਨ ਜੋੜੀ ਨੇ ਝਾਰਖੰਡ ਵਿਚ ਬੰਗਲਾਦੇਸ਼ੀ ਸ਼ਰਨਾਰਥੀਆਂ ਦੀ ਆਮਦ ਵਾਲੇ ਮਿਹਣੇ ਦਾ ਉਤਰ ਵੀ ਜੰਮ ਕੇ ਦਿੱਤਾ ਹੈ। ਇਸ ਵਿਸ਼ੇ ਨੂੰ ਰਾਜ ਸਰਕਾਰ ਦੀ ਥਾਂ ਕੇਂਦਰ ਦਾ ਕਹਿ ਕੇ। ਉਨ੍ਹਾਂ ਨੇ ਆਪਣੇ ਰਾਜ ਵਿਚ ਆਪਸੀ ਸਾਂਝ ਦੀ ਗੱਲ ਕਰਦਿਆਂ ਅਸ਼ਰਫੁੱਲ ਸ਼ੇਖ ਦੀ ਜੀਉਂਦੀ ਜਾਗਦੀ ਮਿਸਾਲ ਦਿੱਤੀ ਜਿਸਨੇ ਨਰਤਾਨਪੁਰ ਪਿੰਡ ਦੀ ਹਿੰਦੂ ਮਹਿਲਾ ਝਰਨਾ ਮਰਾਂਡੀ ਨਾਲ ਸ਼ਾਦੀ ਕੀਤੀ ਹੋਈ ਹੈ।

### ਲਾਹੌਰ ਦੀਆਂ ਜੰਮੀਆਂ ਸੁਰਜੀਤ ਤੇ ਸੁਰਿੰਦਰ ਕੌਰ

ਮੇਰੀ ਮਿੱਤਰ ਮੰਡਲੀ ਵਿਚ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੇ ਓਧਰ ਰਹਿ ਗਈਆਂ ਰਹਿਮਤਾਂ ਦੀ ਗੱਲ ਕਰਦਿਆਂ ਲਾਹੌਰ ਦਾ ਗੁਣਗਾਇਨ ਕਰਨ ਸਮੇਂ ਇਹ ਵਾਕ ਬੋਲਣਾ ਕਿ ਜਿਸ ਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆਂ ਹੀ ਨਹੀਂ। ਸਾਡੇ ਵਰਗਿਆਂ ਕੋਲ ਕੋਈ ਉੱਤਰ ਨਾ ਹੁੰਦਾ। ਮਸਾਂ ਮੇਰੀ ਸ਼ਾਦੀ ਨੇ ਮੈਨੂੰ ਬੋਲਣ ਲਾਇਆ। ਮੈਂ ਲਾਹੌਰ ਤਾਂ ਨਹੀਂ ਸੀ ਵੇਖਿਆ ਉਸ ਸ਼ਹਿਰ ਵਿਚ ਜਨਮ ਲੈਣ ਵਾਲੀ ਨੂੰ ਵਿਆਹ ਲਿਆਇਆ ਸਾਂ। ਪਿਛਲੇ ਮਹੀਨੇ ਦੀ 25 ਤਰੀਕ ਨੂੰ ਇਹ ਵੀ ਪਤਾ ਲੱਗਿਆ ਕਿ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਵੀ ਲਾਹੌਰ ਵਿਚ ਪੈਦਾ ਹੋਈ ਸੀ। ਕਾਸ਼ ਇਸ ਗੱਲ ਦਾ ਇਲਮ ਮੈਨੂੰ 68 ਸਾਲ ਪਹਿਲਾਂ ਹੁੰਦਾ ਜਦੋਂ ਆਪਣੇ ਵਿਆਹ ਤੋਂ ਅੱਠ ਸਾਲ ਪਹਿਲਾਂ ਮੈਂ 1952 ਵਿਚ ਉਸਨੂੰ ਦਿੱਲੀ ਤੋਂ ਕਰਨਾਲ ਲੈ ਕੇ ਗਿਆ ਸਾਂ। ਉਥੇ ਸੁਰਿੰਦਰ ਕੌਰ ਤੇ ਆਸਾ ਸਿੰਘ ਮਸਤਾਨਾ ਨੇ ਮੇਰੇ ਮਿੱਤਰ ਕੁਲਵੰਤ ਸਿੰਘ ਵਿਰਕ ਦੇ ਭਤੀਜੇ ਦੀ ਸ਼ਾਦੀ ਵਿਚ ਗਾਉਣਾ ਸੀ। ਹੁਣ ਤਾਂ ਮੇਰੇ ਲਈ ਇਹ ਗੱਲ ਵੀ ਨਵੀਂ ਸੀ ਕਿ ਸੁਰਿੰਦਰ ਕੌਰ ਦੇ ਪਿਤਾ ਦਾ ਨਾਂ ਬਿਸ਼ਨ ਦਾਸ ਸੀ ਜਿਸਨੇ ਬਚਪਨ ਵਿਚ ਹੀ ਕੇਸ ਕਟਾ ਕੇ ਮਾਯਾ ਦੇਵੀ ਨਾਲ ਸ਼ਾਦੀ ਕਰ ਇਹ ਤਾਂ ਨਹੀਂ ਪਤਾ ਕਿ ਸੁਰਿੰਦਰ ਕੌਰ ਦਾ ਪਿਤਾ ਰੋਜ਼ੀ ਰੋਟੀ ਲਈ ਕੀ ਕਰਦਾ ਸੀ ਪਰ ਉਸਦੀ ਮਾਤਾ ਸੰਗੀਤ ਜਗਤ ਨੂੰ ਪਰਨਾਈ ਹੋਈ ਸੀ। ਉਹੀਓ ਸੀ ਜਿਸਨੇ ਅਪਣੀਆਂ ਧੀਆਂ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਨਰਿੰਦਰ ਕੌਰ ਨੂੰ ਗੀਤ ਸੰਗੀਤ ਦੇ ਮਾਰਗ ਤੋਰਿਆ ਸੀ। ਸੁਰਿੰਦਰ ਕੌਰ ਨੇ ਮੁਢਲੀ ਵਿਦਿਆ ਬੜੇ ਗੁਲਾਮ ਅਲੀ ਖਾਂ (ਪਟਿਆਲਾ ਘਰਾਣਾ) ਦੇ ਭਾਣਜੇ ਇਨਾਇਤ ਹੁਸੈਨ ਤੇ ਪੰਡਤ ਕੁੰਦਨ ਲਾਲ ਤੋਂ ਪ੍ਰਾਪਤ ਕੀਤੀ ਸੀ। ਇਸ ਕਲਾ ਨੇ ਉਸਨੂੰ 13 ਵਰ੍ਹੇ ਦੀ ਛੋਟੀ ਉਮਰੇ ਲਾਹੌਰ ਰੇਡੀਓ ਦਾ ਪ੍ਰੋਗ੍ਰਾਮ ਦਿਲਵਾਇਆ ਤੇ ਅੰਤ 'ਪੰਜਾਬ ਦੀ ਕੋਇਲ' 'ਲੋਕ ਗੀਤਾਂ ਦੀ ਰਾਣੀ' ਹੋ ਨਿਬੜੀ।

ਜਿੱਥੋਂ ਤਕ ਸੁਰਜੀਤ ਦਾ ਸਬੰਧ ਹੈ ਉਸਦੇ ਪਿਤਾ ਲਾਹੌਰ ਵਿਚ ਵਕੀਲ ਸਨ ਤੇ ਦਾਦਾ ਸੀਆਈਡੀ ਅਧਿਕਾਰੀ ਜਿਹੜਾ ਲਾਹੌਰ ਰੇਲਵੇ ਸਟੇਸ਼ਨ ਉਤੇ ਮੰਜੀ ਉਤੇ ਬੈਠੇ ਭਗਤ ਸਿੰਘ ਦੀ ਤਸਵੀਰ ਵਿਚ ਉਹਦੇ ਕੋਲੋਂ ਪੁੱਛ-ਗਿੱਛ ਕਰ ਰਿਹਾ ਦਿਖਾਈ ਦਿੰਦਾ ਹੈ।



ਸੁਰਿੰਦਰ ਕੌਰ



ਸੁਰਜੀਤ ਕੌਰ ਸੰਧੂ (ਲਾਹੌਰ 2018)

ਸੁਰਜੀਤ ਉਮਰ ਵਿਚ ਤਾਂ ਸੁਰਿੰਦਰ ਕੌਰ ਨਾਲੋਂ ਢਾਈ ਮਹੀਨੇ ਵੱਡੀ ਹੈ ਪਰ ਸਾਰੀ ਉਮਰ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿਚ ਸਮਾਜ ਸੇਵਾ, ਪਰਿਵਾਰ ਨਿਯੋਜਨ ਤੇ ਮਹਿਲਾਵਾਂ ਤੇ ਬੱਚਿਆਂ ਦੀ ਭਲਾਈ ਵਿਚ ਗੁਆਚੀ ਰਹੀ ਹੈ। ਪੰਜਾਬ ਇਸਤਰੀ ਸਭਾ ਦੀ ਪ੍ਰਧਾਨਗੀ ਤੋਂ ਅਸਤੀਫਾ ਤਾਂ ਕੱਲ੍ਹ ਦੀ ਗੱਲ ਹੈ। ਉਸਨੂੰ ਇਹ ਪਤਾ ਹੈ ਕਿ ਉਸਦਾ ਜਨਮ ਜਿਸ ਘਰ ਹੋਇਆ ਸੀ। ਉਸਨੂੰ ਲਾਲ ਕੋਠੀ ਕਹਿੰਦੇ ਸਨ। ਇਹ ਵੀ ਕਿ 1947 ਤੋਂ ਪਿਛੋਂ ਘਰ ਵਿਚ ਸੁਰਜੀਤ ਪਰਿਵਾਰ ਦੇ ਜਾਣੂ ਹਫੀਜ਼ੁੱਲਾ ਨੇ ਅੱਖਾਂ ਦਾ ਹਸਪਤਾਲ ਖੋਲ੍ਹ ਲਿਆ ਸੀ।

ਮੇਰਾ ਪਹਿਲੀ ਵਾਰ ਲਾਹੌਰ ਜਾਣ ਦਾ ਸਬੱਬ 1998 ਵਿਚ ਬਣਿਆ ਜਦੋਂ ਮੈਂ ਦੇਸ਼ ਸੇਵਕ ਅਖਬਾਰ ਦਾ ਸੰਪਾਦਕ ਸਾਂ। ਉਦੋਂ ਗੋਆ ਦੇ ਰਾਜਪਾਲ ਰਹਿ ਚੁੱਕੇ ਕਰਨਲ ਪ੍ਰਤਾਪ ਸਿੰਘ ਗਿੱਲ ਨੇ ਨਵਾਜ਼ ਸ਼ਰੀਫ ਨਾਲ ਦੇਸ਼ ਵੰਡ ਤੋਂ ਪਹਿਲਾਂ ਦੀ ਪੇਂਡੂ ਸਾਂਝ ਕੱਢ ਕੇ ਆਪਣੇ ਵਾਕਫਾਂ ਨੂੰ ਪਾਕਿਸਤਾਨ ਲਿਜਾਣ ਦਾ ਪ੍ਰੋਗ੍ਰਾਮ ਬਣਾ ਲਿਆ ਸੀ। ਸੁਰਜੀਤ ਵੀ ਮੇਰੇ ਨਾਲ ਸੀ ਭਾਵੇਂ ਉਸ ਤੋਂ ਪਿੱਛੋਂ ਵੀ ਅਸੀਂ ਦੋਵੇਂ ਤਿੰਨ ਵਾਰ ਪਾਕਿਸਤਾਨ ਗਏ ਹਾਂ। ਲਾਹੌਰ ਸਮੇਤ। ਹੁਣ ਤਾਂ ਪੁਰਾਣੇ ਅਖਾਣਾਂ ਅਨੁਸਾਰ ਅਸੀਂ ਤਿੰਨ ਵਾਰੀ ਜੰਮ ਚੁੱਕੇ ਹਾਂ ਜਿਸ ਵਿਚ ਸੁਰਜੀਤ ਦਾ ਸੱਚੀ ਮੁੱਚੀ ਉਥੇ ਜੰਮਣਾ ਸ਼ਾਮਲ ਨਹੀਂ। ਜਿੱਥੋਂ ਤੱਕ ਸੁਰਿੰਦਰ ਕੌਰ ਦਾ ਸਬੰਧ ਹੈ ਉਹ ਵੀ ਲੋਕ ਗਾਇਕੀ ਦੇ ਪ੍ਰੋਗ੍ਰਾਮਾਂ ਅਧੀਨ ਲਾਹੌਰ ਜਾਂਦੀ ਰਹੀ ਹੈ।

ਦੇਸ਼ ਵੰਡ ਤੋਂ ਪਿੱਛੋਂ ਤਾਂ ਲਾਹੌਰ ਜਾਣਾ ਹੋਰ ਵੀ ਕਠਿਨ ਹੋ ਗਿਆ ਹੈ। ਸੁਰਿੰਦਰ ਕੌਰ 2006 ਵਿਚ ਅਲਵਿਦਾ ਕਹਿ ਗਈ ਹੈ ਤੇ ਸੁਰਜੀਤ 95 ਸਾਲ ਦੀ ਹੋ ਗਈ ਹੈ। ਫੇਰ ਵੀ ਜੇ ਕੋਈ ਮੇਰੇ ਜੀਉਂਦੇ ਜੀਅ ਆਪਣੇ ਲਾਹੌਰ ਜੰਮਣ ਦੀ ਗੱਲ ਕਰਨਾ ਚਾਹੇ ਤਾਂ ਇਸ ਕਾਲਮ ਵਿਚ ਥਾਂ ਮਿਲ ਸਕਦੀ ਹੈ।

**ਅੰਤਿਕਾ**

ਰਾਵੀ ਪਾਰੋਂ ਬੁਸ਼ਰਾ ਏਜਾਜ਼॥
ਮੈਂ ਰੋਟੀ ਮੈਂ ਰੱਜ ਕੇ ਰੋਈ,
ਮੈਨੂੰ ਕਿਤੇ ਨਾ ਆਵੇ ਕੱਲ੍ਹ।
ਮੈਂ ਉਧੜੀ ਜਾਵਾਂ ਅੰਦਰੋਂ,
ਮੇਰੀ ਲਹਿੰਦੀ ਜਾਵੇ ਖੱਲ।
ਨੀ ਤੱਤੀਏ ਹਿਜਰ ਦੁਪਹਿਰੇ,
ਹੁਣ ਮੇਰੇ ਪਾਸੋਂ ਟਲ।
ਆ ਵਿਹੜੇ ਸੂਰਜ ਮੇਰਿਆ,
ਮੇਰੀ ਜ਼ੁਲਫਾਂ ਦੇ ਵਿੱਚ ਢਲ।

# ਕਿਸਾਨ ਅੰਦੋਲਨ - ਵਧ ਰਿਹਾ ਖੇਤੀ ਸੰਕਟ



ਗੁਰਮੀਤ ਸਿੰਘ ਪਲਾਹੀ
ਫੋਨ: +91-98158-02070

ਕਿਸਾਨ ਅੰਦੋਲਨ ਖਤਮ ਨਹੀਂ ਹੋਇਆ, ਕਿਉਂਕਿ ਕਿਸਾਨਾਂ ਦੀਆਂ ਮੰਗਾਂ ਅੱਧੀਆਂ ਅਧੂਰੀਆਂ ਮੰਨੀਆਂ ਗਈਆਂ ਅਤੇ ਬਾਕੀ ਲਮਕਾ ਦਿੱਤੀਆਂ ਗਈਆਂ। ਕਿਸਾਨ ਨੇਤਾਵਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਦੇਸ ਦੀਆਂ ਹੋਰ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ, ਗ਼ੈਰ ਸਰਕਾਰੀ ਸੰਸਥਾਵਾਂ, ਬੁੱਧੀਜੀਵੀਆਂ ਦੀ ਸਹਾਇਤਾ ਅਤੇ ਸਹਿਯੋਗ ਨਾਲ਼ ਚਲਾਏ ਅੰਦੋਲਨ ਨੇ ਵਿਸ਼ਵ-ਵਿਆਪੀ ਚਰਚਾ ਖੱਟੀ। ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਏ। ਦਿੱਲੀ ਦੇ ਸਿੰਘਾਸਨ 'ਤੇ ਬੈਠੇ ਹਾਕਮਾਂ ਨੂੰ ਲੋਕਾਂ ਦੀ ਅਵਾਜ਼ ਸੁਣਨੀ ਪਈ। ਕਿਸਾਨ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਕਿਸਾਨ ਅੰਦੋਲਨ ਦਿੱਲੀ ਦੇ ਬਾਰਡਰਾਂ 'ਤੇ ਕੁਝ ਸਮਾਂ ਖਤਮ ਹੋਇਆ ਪਰ ਹੁਣ ਫਿਰ ਮਘ ਰਿਹਾ ਹੈ ਕਿਉਂਕਿ ਸਰਕਾਰ ਨੇ ਮੰਗਾਂ ਨਹੀਂ ਮੰਨੀਆਂ। ਗੱਲ ਭਾਰਤ ਦੀ ਸੁਪਰੀਮ ਕੋਰਟ ਵਿਚ ਪੁੱਜੀ। ਸੁਪਰੀਮ ਕੋਰਟ ਨੇ ਦਿੱਲੀ ਵਿਚ ਸਿੰਘੂ ਬਾਰਡਰ 'ਤੇ ਅੰਦੋਲਨ ਕਰਨ ਵਾਲੇ ਕਿਸਾਨਾਂ ਦੀਆਂ ਸ਼ਿਕਾਇਤਾਂ ਅਤੇ ਵਿਰੋਧ ਤੋਂ ਉਪਜੀ ਸਥਿਤੀ 'ਤੇ ਇੱਕ ਪੈਨਲ ਬਣਾਇਆ। ਇਸ ਪੈਨਲ ਨੇ ਗਿਆਰਾਂ ਸਫ਼ਿਆਂ ਦੀ ਇੱਕ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ।

ਇਸ ਪੈਨਲ ਨੇ ਕਿਹਾ ਹੈ ਕਿ ਭਾਰਤ ਵਿਚ ਖੇਤੀ 'ਤੇ ਸੰਕਟ ਵਧ ਰਹੇ ਹਨ। ਪੈਨਲ ਅਨੁਸਾਰ ਸ਼ੁੱਧ ਖੇਤੀ ਉਤਪਾਦਕਤਾ ਵਿਚ ਕਮੀ ਆਈ ਹੈ ਅਤੇ ਉਤਪਾਦਨ ਲਾਗਤ ਵਧੀ ਹੈ। ਕਿਸਾਨਾਂ ਵੱਲੋਂ ਆਪਣੀ ਫ਼ਸਲ ਵੇਚਣ ਲਈ ਸੁਵਿਧਾਵਾਂ ਦੀ ਘਾਟ ਹੈ ਅਤੇ ਖੇਤੀ ਖੇਤਰ 'ਚ ਰੁਜ਼ਗਾਰ ਘਟਿਆ ਹੈ। ਛੋਟੇ ਅਤੇ ਸੀਮਾਂਤ ਕਿਸਾਨ ਅਤੇ ਖੇਤੀ ਮਜ਼ਦੂਰ ਆਰਥਿਕ ਤੌਰ 'ਤੇ ਤੰਗੀ ਵਿਚ ਹਨ। ਛੋਟੇ ਕਿਸਾਨ ਤਾਂ ਭੁੱਖੇ ਮਰਨ ਦੀ ਸਥਿਤੀ 'ਚ ਹਨ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਖੇਤੀ ਖੇਤਰ ਵਿਚ ਦੇਸ਼ ਦੇ ਕੁੱਲ ਮਜ਼ਦੂਰਾਂ ਦੀ ਗਿਣਤੀ ਦਾ 46 ਫ਼ੀਸਦੀ ਲੱਗਿਆ ਹੋਇਆ ਹੈ ਅਤੇ ਉਨ੍ਹਾਂ ਦੀ ਆਮਦਨੀ ਵਿਚ ਹਿੱਸੇਦਾਰੀ ਮਸਾਂ 15 ਫ਼ੀਸਦੀ ਹੈ। ਬੇਰੁਜ਼ਗਾਰੀ ਇੰਨੀ ਹੈ ਕਿ ਇਸ ਨੂੰ ਮਾਪਿਆ ਹੀ ਨਹੀਂ ਜਾ ਸਕਦਾ। ਇਹ ਤੱਥ ਛੁਪੇ ਹੋਏ ਹਨ, ਜਾਂ ਛੁਪਾਏ ਜਾ ਰਹੇ ਹਨ। ਖੇਤੀ ਖੇਤਰ ਦੀ ਤ੍ਰਾਸਦੀ ਇਹ ਵੀ ਹੈ ਕਿ ਬਿਨਾਂ ਤਨਖਾਹ ਤੋਂ ਮਜ਼ਦੂਰੀ ਕਰਨ ਵਾਲੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵੱਡੀ ਹੈ। ਇੱਥੇ ਹੀ ਬੱਸ ਨਹੀਂ, ਹੜ੍ਹਾਂ, ਸੋਕੇ, ਗਰਮ ਹਵਾਵਾਂ ਨੇ ਖੇਤੀ ਅਤੇ ਕਿਸਾਨਾਂ ਉੱਤੇ ਹਰ ਕਿਸਮ ਦਾ ਬੋਝ ਵਧਾਇਆ ਹੋਇਆ ਹੈ।

ਪੈਨਲ ਵੱਲੋਂ ਜਾਰੀ ਕੀਤੀ ਗਈ ਅੰਤਿਮ ਰਿਪੋਰਟ ਹੈਰਾਨ ਪਰੇਸ਼ਾਨ ਕਰਨ ਵਾਲ਼ੀ ਹੈ। ਉਸ ਅਨੁਸਾਰ 1995 ਤੋਂ ਹੁਣ ਤੱਕ 4 ਲੱਖ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਨੇ ਇੱਕ ਸਰਵੇ ਕੀਤਾ, ਇਸ ਅਨੁਸਾਰ 2000 ਤੋਂ 2015 ਦੇ ਸਮੇਂ ਵਿਚਕਾਰ ਕਿਸਾਨਾਂ ਤੇ ਖੇਤ ਮਜ਼ਦੂਰੀ ਕਰਨ ਵਾਲ਼ੇ 16306 ਲੋਕਾਂ ਨੇ ਖੁਦਕੁਸ਼ੀ ਕੀਤੀ ਜਿਨ੍ਹਾਂ ਵਿਚੋਂ ਬਹੁਤੀਆਂ ਆਤਮ- ਹੱਤਿਆਵਾਂ ਗਰੀਬ, ਛੋਟੇ ਅਤੇ ਬੇਜ਼ਮੀਨੇ ਮਜ਼ਦੂਰ ਪਰਿਵਾਰਾਂ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ। ਕਾਰਨ ਕਰਜ਼ੇ ਦਾ ਵੱਡਾ ਬੋਝ ਹੈ।

ਪੰਜਾਬ ਅਤੇ ਹਰਿਆਣਾ ਦੇ ਕਿਸਾਨ ਖ਼ਾਸ ਤੌਰ 'ਤੇ ਸੰਕਟ ਵਿਚ ਹਨ। ਹਰੀ ਕ੍ਰਾਂਤੀ ਨੇ ਸ਼ੁਰੂਆਤੀ ਦੌਰ ਵਿਚ ਕਿਸਾਨਾਂ ਨੂੰ ਲਾਭ ਪਹੁੰਚਾਇਆ। ਪਰ 1990 ਦੇ ਦਹਾਕੇ ਤੋਂ ਬਾਅਦ ਖੇਤੀ ਉਪਜ ਅਤੇ ਉਤਪਾਦਨ ਵਿਚ ਠਹਿਰਾਅ ਆ ਗਿਆ। ਇਸੇ ਦੌਰਾਨ ਹੀ ਅਸਲ ਵਿਚ ਕਿਸਾਨ ਕਰਜ਼ਾਈ ਹੋਏ। ਨਾਬਾਰਡ 2023 ਦੀ ਰਿਪੋਰਟ ਅਨੁਸਾਰ 2022-23 'ਚ ਪੰਜਾਬ ਦੇ ਕਿਸਾਨਾਂ ਜ਼ੁੰਮੇ 73673 ਕਰੋੜ ਰੁਪਏ ਦਾ ਕਰਜ਼ਾ ਸੀ ਅਤੇ ਹਰਿਆਣਾ ਦੇ ਕਿਸਾਨਾਂ 'ਤੇ 76630 ਕਰੋੜ ਰੁਪਏ ਦਾ। ਇਹ ਕਰਜ਼ਾ ਬੈਂਕਾਂ ਅਤੇ ਸਹਿਕਾਰੀ ਸੁਸਾਇਟੀਆਂ ਤੋਂ ਲਿਆ ਗਿਆ ਸੀ। ਜਦ ਕਿ ਸ਼ਾਹੂਕਾਰਾਂ, ਦਲਾਲਾਂ, ਆੜ੍ਹਤੀਆਂ ਤੋਂ ਲਏ ਕਰਜ਼ੇ ਦਾ ਤਾਂ ਕੋਈ ਹਿਸਾਬ ਹੀ ਨਹੀਂ। ਅਸਲ ਵਿਚ ਤਾਂ 90 ਫ਼ੀਸਦੀ ਤੋਂ ਵੱਧ ਛੋਟੇ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ। ਉਨ੍ਹਾਂ ਦੇ ਵਿੱਤੀ ਹਾਲਾਤ ਤਰਸਯੋਗ ਹਨ।

ਦੇਸ਼ ਵਿਚ ਖੇਤੀ ਖੇਤਰ ਨੂੰ ਪੁਨਰਜੀਵਤ ਕਰਨ ਦੀ ਲੋੜ ਹੈ। ਵਧਦੇ ਹੋਏ ਕਰਜ਼ੇ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਪਵੇਗਾ, ਕਿਉਂਕਿ ਪੇਂਡੂਆਂ ਖਾਸ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ 'ਚ ਅਸ਼ਾਂਤੀ ਵਧ ਰਹੀ ਹੈ। ਅਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਦੇਸ਼ ਦੇ ਜ਼ਿਆਦਾਤਰ ਲੋਕਾਂ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕਿਆ ਜਾ ਸਕਿਆ। ਕਾਰਨ ਹੋਰ ਵੀ ਬਥੇਰੇ ਹਨ। ਪਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਜੋ ਕੁਝ ਕੁ ਕਦਮ ਚੁੱਕੇ ਗਏ ਹਨ, ਉਹ ਆਮ ਕਿਸਾਨ ਤੱਕ ਨਹੀਂ ਪੁੱਜੇ। ਸਮੇਂ-ਸਮੇਂ 'ਤੇ ਦਿੱਤੀ ਗਈ ਰਾਹਤ ਉਨ੍ਹਾਂ ਦੇ ਦਰੀਂ ਨਹੀਂ ਪੁੱਜੀ। ਦਲਾਲ, ਵਿਚੋਲੇ ਇਨ੍ਹਾਂ ਨਾ ਮਾਤਰ ਯੋਜਨਾਵਾਂ, ਰਾਹਤਾਂ ਦਾ ਫਾਇਦਾ ਚੁੱਕ ਰਹੇ ਹਨ।



ਦਹਾਕਿਆਂ ਪਹਿਲਾਂ ਡਾ: ਸਵਾਮੀਨਾਥਨ ਦੀ ਰਿਪੋਰਟ ਵਿਚ ਇਹ ਸੁਝਾਇਆ ਗਿਆ ਸੀ ਕਿ ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ। ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਗਏ ਪੈਨਲ, ਜਿਸ ਵਿਚ ਰਿਟਾਇਰਡ ਆਈ.ਪੀ.ਐੱਸ. ਅਧਿਕਾਰੀ ਬੀ.ਐੱਸ. ਸੰਧੂ, ਦੇਵਿੰਦਰ ਸ਼ਰਮਾ, ਪ੍ਰੋ. ਰਣਜੀਤ ਸਿੰਘ ਘੁੰਮਣ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਆਦਿ ਸ਼ਾਮਿਲ ਹਨ, ਨੇ ਵੀ ਸੁਝਾਇਆ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ ਅਤੇ ਕਰਜ਼ੇ ਵਿਚ ਰਾਹਤ ਦਿੱਤੀ ਜਾਵੇ, ਖੇਤੀ ਖੇਤਰ ਲਈ ਰੁਜ਼ਗਾਰ ਸਿਰਜਣ ਦੇ ਉਪਰਾਲੇ ਹੋਣ। ਪਰ ਇਸ ਸਬੰਧੀ ਪਹਿਲੀਆਂ ਸਰਕਾਰਾਂ ਨੇ ਵੀ ਅਤੇ ਹੁਣ ਵਾਲੀ ਭਾਜਪਾ ਸਰਕਾਰ ਨੇ ਵੀ ਚੁੱਪ ਵੱਟੀ ਹੋਈ ਹੈ।

ਇਹ ਜਾਣਦਿਆਂ ਹੋਇਆਂ ਵੀ ਕਿ ਦੇਸ਼ ਦਾ ਖੇਤੀ ਖੇਤਰ 142 ਕਰੋੜ ਦੇਸ਼ ਵਾਸੀਆਂ, ਜਿਨ੍ਹਾਂ ਵਿਚ 81 ਕਰੋੜ ਉਹ ਲੋਕ ਹਨ, ਜਿਨ੍ਹਾਂ ਨੂੰ ਮੁਫ਼ਤ ਵਿਚ ਅਨਾਜ ਮੁਹੱਈਆ ਕੀਤਾ ਜਾਂਦਾ ਹੈ, ਲਈ ਅਤਿਅੰਤ ਜ਼ਰੂਰੀ ਹੈ। ਸਰਕਾਰ ਇਸ ਖੇਤਰ ਦੇ ਵਾਧੇ ਲਈ ਯਤਨ ਕਰਨ ਦੀ ਬਜਾਏ, ਇਸ ਖੇਤਰ ਨੂੰ ਮਾਰਨ ਵੱਲ ਤੁਰੀ ਹੋਈ ਹੈ। ਖੇਤੀ ਖੇਤਰ ਜੋ ਦੇਸ਼ ਨੂੰ ਵੱਡਾ ਰੁਜ਼ਗਾਰ ਮੁਹੱਈਆ ਕਰ ਰਿਹਾ ਹੈ, ਉਸ ਨੂੰ ਉਤਸ਼ਾਹਿਤ ਕਰਨ ਅਤੇ ਇਸ ਖੇਤਰ 'ਚ ਹੋਰ ਮੌਕੇ ਮੁਹੱਈਆ ਕਰਨ ਵੱਲ ਕੋਈ ਧਿਆਨ ਨਾ ਦੇ ਕੇ, ਇਸ ਨੂੰ ਕਾਰਪੋਰੇਟ ਘਰਾਣਿਆਂ ਹੱਥ ਸੌਂਪਣ ਦੇ ਯਤਨ ਹੋ ਰਹੇ ਹਨ। ਜਿਵੇਂ ਦੇਸ਼ ਦੇ ਸਾਂਝੇ ਕੁਦਰਤੀ ਸਾਧਨ, ਕਾਰਪੋਰੇਟਾਂ, ਧੰਨ ਕਬੇਰਾਂ ਨੂੰ ਸੌਂਪੇ ਜਾ ਰਹੇ ਹਨ।

ਸਰਵਜਨਕ ਸੰਸਥਾਵਾਂ ਰੇਲਵੇ ਆਦਿ ਦਾ ਨਿਜੀਕਰਨ ਹੋ ਰਿਹਾ ਹੈ। ਖੇਤੀ ਜ਼ਮੀਨ ਵੀ ਕਾਰਪੋਰੇਟਾਂ ਨੂੰ ਸੌਂਪਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਜਿਸ ਨਾਲ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਏਗੀ। ਇੱਕ ਸਰਵੇ ਅਨੁਸਾਰ ਛੋਟੇ ਕਿਸਾਨ ਹਰ ਰੋਜ਼ ਸਰਕਾਰੀ ਨੀਤੀਆਂ ਤੋਂ ਤੰਗ ਆ ਕੇ ਖੇਤੀ ਛੱਡਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਕਿ ਦੇਸ਼ ਦੇ ਕੁੱਲ ਛੋਟੇ ਕਿਸਾਨਾਂ ਵਿਚੋਂ 84 ਫ਼ੀਸਦੀ ਖੇਤੀ ਨਹੀਂ ਛੱਡਣਾ ਚਾਹੁੰਦੇ। ਯਾਦ ਰਹੇ ਕਿ ਦੇਸ਼ ਦੇ ਕੁੱਲ ਕਿਸਾਨਾਂ ਵਿਚੋਂ 78 ਫ਼ੀਸਦੀ ਉਹ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਇਸੇ ਜ਼ਮੀਨ ਉਤੇ ਉਹ ਆਪਣੇ ਪਰਿਵਾਰ ਦੀ ਦੋ ਡੰਗ ਦੀ ਰੋਟੀ ਚਲਾਉਂਦੇ ਹਨ।

2024 ਦੇ ਇਕਨਾਮਿਕ ਸਰਵੇ ਅਨੁਸਾਰ ਵੀ 2022-23 ਵਿਚ 4.7 ਫ਼ੀਸਦੀ ਦੀ ਥਾਂ ਖੇਤੀ ਉਤਪਾਦਨ 1.4 ਫ਼ੀਸਦੀ ਹੀ ਵਧਿਆ। ਜਦਕਿ ਦੇਸ਼ ਵਿਚ ਅਬਾਦੀ ਦਾ ਵਾਧਾ ਲਗਾਤਾਰ ਜਾਰੀ ਹੈ ਅਤੇ ਇਸ ਆਬਾਦੀ ਦੇ ਖਾਧ ਪਦਾਰਥਾਂ ਦੀ ਲੋੜ ਖੇਤੀ ਖੇਤਰ ਨੇ ਪੂਰੀ ਕਰਨੀ ਹੈ। ਇਸੇ ਕਰਕੇ ਖੇਤੀ ਖੇਤਰ ਦੇਸ਼ ਲਈ ਜ਼ਰੂਰੀ ਹੈ।

ਇਸ ਸਾਰੀ ਸਥਿਤੀ ਤੋਂ ਦੇਸ਼ ਦੇ ਕਿਸਾਨ ਪਰੇਸ਼ਾਨ ਹਨ। ਆਤਮ ਹੱਤਿਆਵਾਂ ਕਰ ਰਹੇ ਹਨ। ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਦੀਆਂ ਜਿਊਣ ਹਾਲਤਾਂ ਚੰਗੀਆਂ ਨਹੀਂ ਹਨ। ਫਸਲਾਂ ਦੇ ਉਤਪਾਦਨ ਦਾ ਫ਼ਾਇਦਾ ਦਲਾਲਾਂ ਵੱਲੋਂ ਵੱਧ ਲਿਆ ਜਾ ਰਿਹਾ ਹੈ। ਕੀ ਇਹੋ ਜਿਹੀਆਂ ਹਾਲਤਾਂ 'ਚ ਸਰਕਾਰ ਦਾ ਫ਼ਰਜ਼ ਨਹੀਂ ਕਿ ਖੇਤੀ ਖੇਤਰ ਨਾਲ਼ ਸੰਬੰਧਤ ਮਸਲਿਆਂ ਦਾ ਫੌਰੀ ਹੱਲ ਕਰੇ।

ਸੁਪਰੀਮ ਕੋਰਟ ਵੱਲੋਂ ਬਣਾਏ ਗਏ ਮਾਹਿਰਾਂ ਦੇ ਪੈਨਲ ਨੇ ਖੇਤੀ ਖੇਤਰ ਦੀ ਸਹੀ ਤਸਵੀਰ ਜੱਜ ਸਾਹਿਬਾਨਾਂ ਸਾਹਵੇਂ ਪੇਸ਼ ਕਰ ਦਿੱਤੀ ਹੈ, ਸੁਝਾਅ ਵੀ ਦਿੱਤੇ ਹਨ। ਸੁਪਰੀਮ ਕੋਰਟ ਵੱਲੋਂ ਕਿਸਾਨ ਹਿੱਤਾਂ ਵਿਚ ਸਹੀ ਫੈਸਲੇ ਲੈਂਦਿਆਂ, ਕਿਸਾਨਾਂ ਦੀ ਹਾਲਤ ਸੁਧਾਰਨ ਲਈ ਕਦਮ ਪੁੱਟਣ ਲਈ ਕੇਂਦਰ ਸਰਕਾਰ ਨੂੰ ਵੀ ਕਿਹਾ ਜਾਏਗਾ।

ਪਰ ਸਵਾਲ ਤਾਂ ਇਹ ਉੱਠਦਾ ਹੈ ਕਿ ਕੇਂਦਰ ਦੀ ਕਿਸਾਨ ਵਿਰੋਧੀ ਸਰਕਾਰ ਉਨ੍ਹਾਂ ਮੰਗਾਂ ਨੂੰ ਮੰਨ ਕੇ ਲਾਗੂ ਕਰ ਦੇਵੇਗੀ, ਜਿਨ੍ਹਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਪ੍ਰਭਾਵ ਹੇਠ ਉਹ ਸਦਾ ਦਰਕਿਨਾਰ ਕਰਦੀ ਰਹੀ ਹੈ।


ਕੇਂਦਰ ਸਰਕਾਰ ਨੂੰ ਸਮਝਣਾ ਹੋਵੇਗਾ ਕਿ ਕਿਸਾਨਾਂ ਦੇ ਮਸਲਿਆਂ ਦਾ ਹੱਲ ਕੀਤੇ ਬਿਨਾਂ ਕਿਸਾਨ ਅੰਦੋਲਨ ਨੂੰ ਠੱਲ੍ਹ ਪਾਉਣੀ ਔਖੀ ਹੈ। ਪਿਛਲੇ ਸਮੇਂ 'ਚ ਕਿਸਾਨ ਅੰਦੋਲਨ ਦੌਰਾਨ 700 ਤੋਂ 800 ਕਿਸਾਨ ਜਾਨ ਤੋਂ ਹੱਥ ਧੋ ਬੈਠੇ, ਸੈਂਕੜੇ ਨਹੀਂ ਹਜ਼ਾਰਾਂ ਕਿਸਾਨਾਂ ਉੱਤੇ ਅਦਾਲਤੀ ਕੇਸ ਦਰਜ ਹੋਏ। ਹੁਣ ਵੀ ਅੰਦੋਲਨ ਨੂੰ ਹੌਲਾ ਕਰਨ ਲਈ ਗ੍ਰਿਫ਼ਤਾਰੀਆਂ ਦਾ ਦੌਰ ਜਾਰੀ ਹੈ। ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਕਾਰ ਤਣੋ-ਤਣੀ ਹੈ। ਪੰਜਾਬ ਅਤੇ ਹਰਿਆਣਾ ਸਰਕਾਰ ਵੀ ਇਸ ਦੀਆਂ ਭਾਗੀਦਾਰ ਹਨ। ਜੋ ਨਿੰਦਣਯੋਗ ਹੈ।

ਕੀ ਕਿਸਾਨਾਂ ਨਾਲ ਗੱਲਬਾਤ ਕਰ ਕੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ? ਕੀ ਐਡੀਆਂ ਗੰਭੀਰ ਸਮੱਸਿਆਵਾਂ ਲਈ ਵੋਟ ਰਾਜਨੀਤੀ ਕਰਨੀ ਜਾਇਜ਼ ਜਾਂ ਜ਼ਰੂਰੀ ਹੈ?

# ਮਨੁੱਖ ਦਾ ਆੜੀ

**ਅੱਜ ਵੀ ਮੇਰਾ ਵਿਸ਼ਵਾਸ ਹੈ, ਜੇਕਰ ਲੈਨਿਨ ਦੀ ਜੀਵਨੀ ਮੈਂ ਉਸ ਸਮੇਂ ਨਾ ਪੜ੍ਹਦਾ, ਤੇ ਜ਼ਿੰਦਗੀ ਦੀ ਭਾਲ ਵਿਚ ਮਲਾਇਆ ਤੋਂ ਹਿੰਦੁਸਤਾਨ ਵੱਲ ਧਾਵਾ ਨਾ ਕਰਦਾ ਤਾਂ ਕਦੇ ਲੇਖਕ ਨਾ ਬਣ ਸਕਦਾ। ਮੈਨੂੰ ਇਉਂ ਜਾਪਦਾ ਹੈ ਜਿਵੇਂ ਦੂਰ ਪਿਆ ਮੇਰੇ ਮਨ ਦਾ ਮੋਤੀ ਉਸ ਚੁੱਕ ਕੇ ਲੋਕਾਂ ਦੀ ਮਾਲਾ ਨਾਲ ਜੋੜ ਦਿੱਤਾ ਹੈ। ਹੁਣ ਮੈਨੂੰ ਅਨੁਭਵ ਹੁੰਦਾ ਹੈ, ਮੈਂ ਸਾਰੇ ਮੋਤੀਆਂ ਵਿਚੋਂ ਲਿਸ਼ਕ ਰਿਹਾ ਹਾਂ।**

1935, 36, 37 ਤੇ 38 ਦੇ ਸਾਲ ਮੇਰੀ ਜ਼ਿੰਦਗੀ ਦਾ ਅਸਲ ਮੋੜ ਹਨ। ਇਹ ਸਾਲ ਮੈਂ ਮਲਾਇਆ ਦੀ ਜੰਗਲੀ, ਪਹਾੜੀ ਅਤੇ ਸ਼ਹਿਰੀ ਜ਼ਿੰਦਗੀ ਵਿਚ ਘੁਲ-ਮਿਲ ਕੇ ਬਿਤਾਏ ਹਨ। ਕਵਿਤਾ ਲਿਖਣ ਦਾ ਸ਼ੌਕ ਮੈਨੂੰ ਕਿਸੇ ਗੁਰਪੁਰਬ ਦੇ ਜੋੜ ਮੇਲੇ ਸਮੇਂ ਚੰਗੀ ਤਰ੍ਹਾਂ ਕਵਿਤਾ ਨਾ ਪੜ੍ਹ ਸਕਣ ਦੇ ਰੋਹ ਤੇ ਰਸ਼ਕ ਨੇ ਦਿੱਤਾ। ਮੇਰਾ ਪਿਛਵਾੜਾ ਧਾਰਮਿਕ ਸੀ। ਧਰਮ ਰਾਹੀਂ ਮੁਕਤੀ ਹੀ ਨਹੀਂ ਸਗੋਂ ਜ਼ਿੰਦਗੀ, ਸਮਾਜ ਤੇ ਦੇਸ਼ ਦੀਆਂ ਸਮੱਸਿਆਵਾਂ ਵੀ ਹੱਲ ਤੇ ਪ੍ਰਵਾਨ ਚੜ੍ਹਦੀਆਂ ਸਮਝਦਾ ਸਾਂ। ਅਲਜਬਰਾ ਨਾ ਆਉਣ ਕਾਰਨ ਨੌਵੀਂ ਜਮਾਤ ਵਿਚਾਲੇ ਛੱਡ ਕੇ ਮਲਾਇਆ ਨੂੰ ਨੱਠ ਗਿਆ ਸਾਂ। ਇਹ ਸਾਲ ਮੇਰੀ ਉਮਰ ਦੇ ਸਿਖਾਂਦਰੂ ਸਾਲ ਸਨ। ਧਾਰਮਿਕ ਨਿਸ਼ਚਾ ਮੇਰਾ ਪਰਪੱਕ ਸੀ; ਹੋਰ ਮੈਨੂੰ ਕੁਝ ਆਉਂਦਾ ਨਹੀਂ ਸੀ। ਮਲਾਇਆ ਵਿਚ ਧਾਰਮਿਕ ਤੇ ਪਿਆਰ ਦੀਆਂ ਕਵਿਤਾਵਾਂ ਲਿਖਣ ਦੇ ਸ਼ੌਕ ਨੇ ਹੋਰ ਸਾਹਿਤ ਪੜ੍ਹਨ ਲਈ ਮਨ ਵਿਚ ਬੱਤੀ ਸੀਖ ਦਿੱਤੀ।



ਗ਼ੁਲਾਮ ਹੋਣ ਦਾ ਅਹਿਸਾਸ ਤੇ ਆਜ਼ਾਦੀ ਲਈ ਤੜਪ ਵੀ ਮੈਨੂੰ ਮਲਾਇਆ ਨੇ ਹੀ ਬਖ਼ਸ਼ੀ; ਭਾਵੇਂ ਮਲਾਇਆ ਖ਼ੁਦ ਅੰਗਰੇਜ਼ਾਂ ਦਾ ਗ਼ੁਲਾਮ ਸੀ। ਮਲਾਇਆ ਵਿਚ


**ਜਸਵੰਤ ਸਿੰਘ ਕੰਵਲ**

ਚੀਨੀ ਆਬਾਦੀ ਪੈਂਤੀ-ਚਾਲੀ ਫ਼ੀ ਸਦੀ ਹੋਵੇਗੀ। ਮੇਰਾ ਬਹੁਤਾ ਵਾਹ ਚੀਨੀਆਂ ਨਾਲ ਹੀ ਸੀ। ਉਨ੍ਹਾਂ ਦਿਨਾਂ ਵਿਚ ਜਾਪਾਨੀ ਚੀਨ 'ਤੇ ਅੱਤਿਆਚਾਰ ਢਾਹ ਰਹੇ ਸਨ। ਓਦੋਂ ਮੈਂ ਜੰਗਲ ਵਿਚ ਰਹਿੰਦਾ ਸਾਂ। ਚੀਨੀ ਲੋਕਾਂ ਦੇ ਹਰਾਸੇ ਤੇ ਜੋਸ਼ ਖਾਂਦੇ ਚਿਹਰਿਆਂ ਨੇ ਮੈਨੂੰ ਕੌਮੀ ਲਪੇਟ ਵਿਚ ਲੈ ਲਿਆ। ਚੰਦਾ ਇਕੱਠਾ ਕਰਕੇ ਚੀਨ ਨੂੰ ਭੇਜਿਆ ਜਾਂਦਾ। ਉਸ ਚੰਦੇ ਵਿਚ ਇਕ ਡਾਲਰ ਮੇਰਾ ਵੀ ਸੀ; ਜਦੋਂ ਕੁਲ ਚੌਦ੍ਹਾਂ ਡਾਲਰ ਮਹੀਨਾ ਭਰ ਰਾਤ ਜਾਗਣ ਦੇ ਮਿਲਦੇ ਸਨ। ਇਹ ਜਾਗਾ ਪੰਦਰਾਂ-ਵੀਹ ਦੁਕਾਨਾਂ ਉਤੇ ਦੇਂਦਾ ਸਾਂ। ਹਰ ਦੁਕਾਨਦਾਰ ਦੀ ਮਰਜ਼ੀ ਹੁੰਦੀ ਸੀ, ਮੈਂ ਉਸਦੀ ਦੁਕਾਨ ਅੱਗੇ ਬੈਠਿਆ ਕਰਾਂ। ਚੋਰੀਆਂ ਆਮ ਹੋ ਜਾਇਆ ਕਰਦੀਆਂ ਸਨ ਤੇ ਮੈਨੂੰ ਨੀਂਦ ਮੱਲੋਮੱਲੀ ਆ ਜਾਂਦੀ। ਭਾਵੇਂ ਲੋਕ ਸਿੱਖ ਬਾਈਆਂ ਤੋਂ ਥੋੜ੍ਹਾ ਭੈਅ ਖਾਂਦੇ ਸਨ; ਪਰ ਨੀਂਦ ਵਿਚ ਬੰਦੂਕ ਚੁਰਾਏ ਜਾਣ ਦੀ ਚਿੰਤਾ ਮੈਨੂੰ ਹਮੇਸ਼ਾ ਲੱਗੀ ਰਹਿੰਦੀ । ਓਥੋਂ ਦੀਆਂ ਜ਼ਨਾਨੀਆਂ ਵਿਚ ਮੈਂ ਸ਼ਰੀਫ਼ ਤੇ ਸ਼ਰਮਾਕਲ ਮਸ਼ਹੂਰ ਸਾਂ। ਓਥੋਂ ਦੇ ਹੀ ਦੋ ਹੋਰ ਸਿੱਖ ਸਨ। ਇਕ ਸਾਬੂਦਾਣੇ ਦੀ ਮਿੱਲ ਤੇ ਜਾਗਾ ਦਿਆ ਕਰਦਾ ਸੀ ਤੇ ਦੂਜਾ ਬਲਦ ਗੱਡੀ ਨਾਲ ਜੰਗਲ ਵਿਚੋਂ ਓਬੀ ਢੋਇਆ ਕਰਦਾ ਸੀ। ਮੈਂ ਦੁਕਾਨਾਂ ਵਾਲੀਆਂ ਨਾਲ ਵਾਹਵਾ ਚਹਿਕਿਆ ਰਹਿੰਦਾ। ਉਹ ਮੈਨੂੰ ਮੋਮਬੱਤੀਆਂ ਦੇ ਦਿਆ ਕਰਦੀਆਂ ਸਨ; ਜਿਨ੍ਹਾਂ ਨੂੰ ਬਾਲ ਕੇ ਮੈਂ ਰਾਤੀਂ ਪੜ੍ਹਿਆ ਕਰਦਾ ਸਾਂ। ਅਸਲ ਵਿਚ ਨੀਂਦ ਨੂੰ ਟਾਲਿਆ ਕਰਦਾ ਸਾਂ, ਜਿਹੜੀ ਉਸ ਉਮਰ ਵਿਚ ਮਹਿਬੂਬ ਨਾਲੋਂ ਵੀ ਪਿਆਰੀ ਹੁੰਦੀ ਹੈ।

ਤਾਰੀਖ਼ ਤੇ ਜੁਗਰਾਫ਼ੀਆ ਮੇਰਾ ਜਮਾਤ ਵਿਚ ਵਧੀਆ ਗਿਣਿਆਂ ਜਾਂਦਾ ਸੀ। ਤਾਰੀਖ਼ ਮੈਨੂੰ ਹਿੰਦੁਸਤਾਨ ਤੇ ਇੰਗਲਿਸਤਾਨ ਦੀ ਹੀ ਆਉਂਦੀ ਸੀ; ਬਾਕੀ ਦੁਨੀਆਂ ਕਾਫ਼ਰ ਲਈ ਕੁਰਾਨ ਸੀ। ਮੋਮਬੱਤੀ ਦੇ ਚਾਨਣ ਵਿਚ ਇਕ ਵਾਰ ਉਰਦੂ ਦੇ ਇਕ ਮਾਹਨਾਮੇ ਵਿਚੋਂ ਰੂਸ ਦੇ ਇਨਕਲਾਬ ਬਾਰੇ ਇਕ ਲੇਖ ਪੜ੍ਹਿਆ। ਨਾਂਅ ਥਾਂ ਏਨੇ ਓਪਰੇ ਲੱਗੇ ਕਿ ਯਾਦ ਰੱਖਣੇ ਅਲਜਬਰੇ ਦੀਆਂ ਪ੍ਰੋਪੈਜ਼ੀਸ਼ਨਾਂ ਨਾਲੋਂ ਵੀ ਔਖੇ ਜਾਪੇ। ਯਾਦ ਆਇਆ ਜੁਗਰਾਫ਼ੀਏ ਦੀ ਇਕਾਈ-ਦਹਾਈ ਵਿਚ ਰੂਸ ਵੀ ਪੈਂਦਾ ਸੀ; ਜਿਸਦੇ ਸਾਇਬੇਰੀਆ ਵਿਚ ਟੰਡਰਾਂ ਦੇ ਬਰਫ਼ੀਲੇ ਮੈਦਾਨ, ਰੈਂਡੀਅਰ ਤੇ ਐਸਕੀਮੋ ਰਹਿੰਦੇ ਹਨ, ਜਿਥੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਰਹਿੰਦੀ ਹੈ; ਸਾਰੇ ਲੇਖ ਦੀ ਸਿਰ-ਖਪਾਈ ਵਿਚੋਂ ਇਕ ਲੈਨਿਨ ਦਾ ਨਾਂਅ ਯਾਦ ਰਹਿ ਗਿਆ, ਜਿਹੜਾ ਲੇਖਕ ਨੇ ਆਪਣੀ ਸਹੂਲਤ ਲਈ ਵੱਡਿਓਂ ਛੋਟਾ ਕਰ ਲਿਆ ਸੀ। ਪਾਰਟੀਆਂ ਦੇ ਗਜ਼ ਗਜ਼ ਲੰਮੇ ਨਾਂਅ ਜ਼ਬਾਨ 'ਤੇ ਚੜ੍ਹਾ ਲੈਣਾ ਮੇਰੇ ਵੱਸ ਨਹੀਂ ਸੀ, ਕਿਉਂਕਿ ਪਿੰਡੋਂ ਨਿਕਲ ਕੇ ਜੰਗਲ ਵਿਚ ਜਾ ਵੱਸਿਆ ਸਾਂ। ਤੇ ਆਪਣੀ ਹੀ ਸਮਰੱਥਾ ਨਾਲ ਭੁੱਲਿਆ ਤੇ ਨਵਾਂ, ਲਗਾਂ- ਮਾਤਰਾਂ ਜੋੜ ਕੇ ਮੁੜ ਪੜ੍ਹ ਰਿਹਾ ਸਾਂ। ਪਰ ਜਜ਼ਬੇ ਦੇ ਸ਼ੌਕ ਨੇ ਰਿੜ੍ਹਨ ਤੋਂ ਲੈ ਕੇ ਉੱਠ ਖਲੋਣ ਤੱਕ ਮੇਰੀਆਂ ਲੱਤਾਂ ਸਬੂਤੀਆਂ ਕਰ ਦਿੱਤੀਆਂ।

ਇਹ ਗੱਲ ਮੇਰੇ ਖ਼ਾਨੇ 'ਚ ਨਹੀਂ ਵੜਦੀ ਸੀ ਕਿ ਰੂਸ ਦੇ ਇਨਕਲਾਬ ਨੇ ਜ਼ਾਰ ਬਾਦਸ਼ਾਹ ਤਖ਼ਤੋਂ ਲਾਹ ਦਿੱਤੇ ਹਨ ਤੇ ਤਾਜ ਤੋੜ ਦਿੱਤੇ ਹਨ। ਮੇਰੇ ਬਣੇ ਵਿਸ਼ਵਾਸਾਂ ਅਨੁਸਾਰ ਰਾਜੇ ਤਪ ਕਰਕੇ ਆਉਂਦੇ ਸਨ; ਭਾਵੇਂ ਰਾਜ ਕਰਨ ਪਿੱਛੋਂ ਨਰਕਾਂ ਨੂੰ ਹੀ ਜਾਂਦੇ। ਪਰ ਗੱਲ ਮੇਰੇ ਲਈ ਅਨੋਖੀ ਸੀ; ਕਿਉਂਕਿ ਅਣਹੋਣੀ ਸੱਚ ਸਾਕਾਰ ਬਣ ਚੁੱਕੀ ਸੀ। ਸਚਿੰਦਰ ਨਾਥ ਸਾਨਿਆਲ ਦੇ 'ਬੰਦੀ ਜੀਵਨ' ਪੜ੍ਹਨ ਪਿੱਛੋਂ ਆਪਣੇ ਦੇਸ਼ ਦੀ ਆਜ਼ਾਦੀ ਲਈ ਤੜਪ ਮੇਰੇ ਮਨ ਵਿਚ ਭੜਕ ਪਈ। ਰੂਸੀ ਇਨਕਲਾਬ ਦੇ ਜ਼ਾਰ ਨੂੰ ਪਟਕਾਉਣ ਵਾਲੀ ਗੱਲ ਮੇਰੇ ਜ਼ਿਹਨ ਵਿਚ ਚਾਨਣ ਦੀ ਲੀਕ ਵਾਂਗ ਕਦੇ ਟੁੱਟਦੀ ਕਦੇ ਜੁੜਦੀ ਸੀ। ਫਿਰ ਅਜਿਹਾ ਸੁਭਾਗ ਜੁੜਿਆ ਕਿ ਲੈਨਿਨ ਦੀ ਜੀਵਨੀ, ਉਹ ਵੀ ਪੰਜਾਹ-ਸੱਠ ਸਫ਼ੇ ਵਿਚ, ਪੜ੍ਹਨ ਨੂੰ ਮਿਲ ਗਈ। ਮੇਰੇ ਲਈ ਯਸੂ ਮਸੀਹ ਤੇ ਹਜ਼ਰਤ ਮੁਹੰਮਦ ਸਾਹਿਬ ਤੋਂ ਪਿੱਛੋਂ ਇਹ ਤੀਜਾ ਬਦੇਸ਼ੀ ਮਹਾਂਪੁਰਸ਼ ਸੀ ਜਿਸਦਾ ਪ੍ਰਭਾਵ ਮੈਂ ਗੁਰੂ ਗੋਬਿੰਦ ਸਿੰਘ ਵਾਂਗ "ਨਿਰਾ ਉਪਦੇਸ਼ਕ ਹੀ ਨਹੀਂ ਕਰਨੀ ਦਾ ਸੂਰਾ ਪੂਰਾ" ਵਿਚ ਕਬੂਲਿਆ।

ਉਹ ਕਿਤਾਬ ਮੈਂ ਅਗਲੇ ਦਿਨ ਹੀ ਮੋੜ ਕੇ ਵੀ ਦੇਣੀ ਸੀ। ਮੇਰੇ ਲਈ ਅਤਿ ਸ਼ਾਂਤੀ ਵਾਲਾ ਮਾਹੌਲ ਚੀਨੀਆਂ ਦਾ ਕਬਰਿਸਤਾਨ ਸੀ; ਜਿਹੜਾ ਹੋਰ ਮੀਲ ਭਰ ਜੰਗਲ ਵਿਚ ਪਹਾੜੀ ਦੀ ਵੱਖੀ-ਢਾਲ ਹਰਿਆਲੀ ਦੀ ਬੁੱਕਲ ਵਿਚ ਖਾਮੋਸ਼ ਖਾਮੋਸ਼ ਸੀ। ਮੈਂ ਪੈਰੀਂ ਖੜਾਵਾਂ ਖੜਕਾਉਂਦਾ ਗੱਤੇ (ਰਬੜ) ਦੇ ਬਾਗ਼ਾਂ ਵਿਚੋਂ ਦੀ ਲੰਘਦਾ ਕਬਰਿਸਤਾਨ ਆ ਗਿਆ। ਇਕ ਕਬਰ ਦੇ ਫ਼ਰਸ਼ 'ਤੇ ਬਹਿ ਕੇ ਲੱਤਾਂ ਹੇਠਾਂ ਲਮਕਾ ਦਿੱਤੀਆਂ। ਮੇਰੇ ਸੱਜੇ ਔਲਿਆਂ ਦਾ ਬੂਟਾ ਕੱਚੇ ਫਲ ਨਾਲ ਭਰਿਆ ਪਿਆ ਸੀ । ਸੂਰਜ ਢਾਈ-ਤਿੰਨ ਘੰਟੇ 'ਤੇ ਖਲੋਤਾ ਬੜੇ ਤੇਜ ਪ੍ਰਤਾਪ ਨਾਲ ਮੇਰਾ ਮੂੰਹ ਵੇਖ ਰਿਹਾ ਸੀ। ਲੈਨਿਨ ਦਾ ਜੀਵਨ ਮੇਰੇ ਪੱਟਾਂ 'ਤੇ ਵਿਛਿਆ ਹੋਇਆ ਸੀ ਤੇ ਮੈਂ ਵਰਕਾ ਵਰਕਾ ਉਸ ਵਿਚ ਧੱਸਦਾ ਜਾ ਰਿਹਾ ਸਾਂ। ਕਿਤਾਬ ਪੜ੍ਹਦਾ ਪੜ੍ਹਦਾ ਖਲੋ ਜਾਂਦਾ ਸਾਂ। ਤੇ ਇਹ ਆਦਤ ਅੱਜ ਵੀ, ਜਿਉਂ ਦੀ ਤਿਉਂ ਕਾਇਮ ਹੈ। ਮੈਨੂੰ ਰੂਸ ਵਿਚ ਵਾਪਰੀਆਂ ਘਟਨਾਵਾਂ ਕੱਲ੍ਹ ਦੀਆਂ ਜਾਪਦੀਆਂ; ਕੁਲ ਵੀਹ ਵਰ੍ਹੇ ਹੋਣ ਨੂੰ ਆਏ ਸਨ। ਜਦੋਂ ਲੈਨਿਨ ਦੇ ਭਰਾ ਦੀ ਫਾਂਸੀ ਦਾ ਜ਼ਿਕਰ ਆਇਆ; ਮੈਂ ਜਜ਼ਬਾਤ ਵਿਚ ਆ ਕੇ ਰੋ ਪਿਆ। ਮੈਨੂੰ ਔਰੰਗਜ਼ੇਬ ਤੇ ਮੀਰ ਮੰਨੂੰ ਦਾ ਜ਼ੁਲਮ ਤੜਪਾਉਣ ਲੱਗਾ। ਜ਼ਾਰ ਨੇ ਮੰਨੂੰ ਦੀ ਥਾਂ ਮੱਲ ਲਈ। ਤੇ ਅਲੈਗਜ਼ਾਂਦਰ ਬੰਦ ਬੰਦ ਕਟਵਾਉਣ ਵਾਲੇ ਸਿੰਘਾਂ ਦੀ ਕਤਾਰ ਵਿਚ ਆ ਖਲੋਤਾ। ਜ਼ਾਰ ਵਿਰੁੱਧ ਨਫ਼ਰਤ ਅੰਗਰੇਜ਼ ਸਾਮਰਾਜ ਦਾ ਗੋਰਾ ਮੂੰਹ ਕੋਲੇ ਨਾਲ ਕ੍ਰਾਸ ਕਰ ਗਈ; ਕਿਉਂਕਿ ਉਸ ਸੱਜਰੇ ਸ਼ਹੀਦ ਭਗਤ ਤੇ ਉਸਦੇ ਸਾਥੀਆਂ ਨੂੰ ਫਾਹੇ ਲਾਇਆ ਸੀ। ਕਲਕੱਤੇ ਤੋਂ ਪੀਨਾਂਗ ਨੂੰ ਸਮੁੰਦਰੀ ਸਫ਼ਰ ਕਰਦਿਆਂ ਪਾਸੇ ਤੋਂ ਅੰਡੇਮਾਨ ਦਾ ਜਜ਼ੀਰਾ ਦੂਰੋਂ ਤੱਕਿਆ ਸੀ; ਇਸ ਤਰ੍ਹਾਂ ਅਮਰੀਕਾ ਤੋਂ ਆਏ ਗ਼ਦਰੀ ਬਾਬਿਆਂ ਦੀਆਂ ਫਾਂਸੀਆਂ ਤੇ ਉਮਰ ਕੈਦਾਂ ਮੈਨੂੰ ਕਾਲੇ ਪਾਣੀਆਂ ਤੋਂ ਚੁੱਕ ਕੇ ਸਾਇਬੇਰੀਆ ਦੀਆਂ ਯਖ਼ ਬਰਫ਼ਾਂ ਵਿਚ ਲੈ ਗਈਆਂ; ਜਿਥੇ ਐਸਕੀਮੋ ਤੇ ਰੈਂਡੀਅਰ ਤੇ ਬੱਗੇ ਰਿੱਛਾਂ ਦੀਆਂ ਖੱਲਾਂ ਵਿਚ ਘੁਸੜੇ ਛੇ ਮਹੀਨੇ ਘੁਰਨਿਆਂ ਵਿਚੋਂ ਬਾਹਰ ਨਹੀਂ ਨਿਕਲਦੇ ਸਨ। ਜੁਗਰਾਫੀਆ ਮੇਰੇ ਸਿਰ ਦੁਆਲੇ ਘੁੰਮ ਰਿਹਾ ਸੀ ਤੇ ਤਾਰੀਖ਼ ਮੇਰੇ ਸਾਹਮਣੇ। ਲਾਹੌਰ ਦਾ ਕਿਲ੍ਹਾ, ਸਾਹੀਵਾਲ ਦੀ ਜੇਲ੍ਹ, ਕਾਲੇਪਾਣੀ, ਸਾਇਬੇਰੀਆ, ਬ੍ਰਿਸਟਲ ਤੇ ਗਿਲੋਟੀਨ ਹੇਠਾਂ ਲਹੂਲੁਹਾਨ ਦੁਹੱਥੜੀਂ ਪਿੱਟ ਰਹੀ ਸੀ। ਮੈਂ ਹੋਰ ਮਨ ਭਰ ਕੇ ਰੋ ਉੱਠਿਆ। ਕੋਈ ਮੁਰਦਾ ਮੈਨੂੰ ਵਰਚਾਉਣ ਨਾ ਆਇਆ। ਇਕ ਪਲ ਮੈਨੂੰ ਸਾਰਾ ਹਿੰਦੁਸਤਾਨ ਕਬਰਿਸਤਾਨ ਜਾਪਿਆ। ਕਿਉਂਕਿ ਸਰਦਾਰ ਭਗਤ ਸਿੰਘ ਦੀ ਫਾਂਸੀ ਪਿੱਛੋਂ ਗਾਂਧੀ ਨੇ ਇਕ ਸ਼ਾਂਤੀ ਵਰਤਾ ਦਿੱਤੀ ਸੀ। ਸ਼ਾਇਦ ਉਸਦੇ ਦਿਲ ਨੌਜਵਾਨ ਦੀ ਫਾਂਸੀ ਨੇ ਹੌਲ ਪੈਦਾ ਕਰ ਦਿੱਤੇ ਸਨ। ਰੋਂਦਾ, ਸੋਚਦਾ ਤੇ ਹੁੰਗਾਰਦਾ ਆਖਿਰ ਮੈਂ ਲੈਨਿਨ ਦੀ ਮੌਤ ਤਕ ਆਣ ਪੁੱਜਿਆ। ਮੈਂ ਲੰਮਾ ਹਉਕਾ ਭਰਿਆ। ਸੂਰਜ ਦੂਰ ਗੱਤੇ ਦੇ ਬਾਗ਼ਾਂ ਵਿਚ ਮੂਧਾ ਹੋਇਆ ਪਿਆ ਸੀ। ਉਹਦਾ ਤੇਜ ਪ੍ਰਤਾਪ ਹਾਲੇ ਵੀ ਸਾਰੇ ਜੰਗਲ ਦਾ ਸਿਰ ਲਿਸ਼ਕਾ ਰਿਹਾ ਸੀ। ਬਸ ਇਕ ਕਬਰਾਂ ਸਨ,



*ਰੂਸੀ ਇਨਕਲਾਬ ਦਾ ਪਿਤਾਮਾ ਵਲਾਦੀਮੀਰ ਇਲੀਇਚ ਲੈਨਿਨ (22 ਅਪਰੈਲ 1870-21 ਜਨਵਰੀ 1924)।*

ਜਿਹੜੀਆਂ ਦੁੱਧ-ਚਿੱਟੀ ਸੰਗਮਰਮਰ ਵਾਂਗ ਨਸਾਤਲੀਆਂ ਪਈਆਂ ਸਨ। ਪਰ ਉਸ ਸ਼ਾਮ ਦਾ ਸੂਰਜ ਮੇਰੇ ਅੰਦਰ ਕਿਸੇ ਤੇਜ਼ਾਬ ਦੀ ਅੱਗ ਫੂਕ ਗਿਆ; ਜਿਹੜੀ ਅੱਜ ਵੀ ਲਾਟੀਂ ਬਲ ਰਹੀ ਹੈ। ਲੈਨਿਨ ਦੀ ਕਿਤਾਬ ਦਾ ਫੌਰੀ ਅਸਰ ਮੇਰੇ 'ਤੇ ਇਹ ਹੋਇਆ ਕਿ "ਮੈਂ ਛੇਤੀ ਵਾਪਸ ਜਾਣਾ ਹੈ, ਜਾ ਕੇ ਪੜ੍ਹਨਾ ਹੈ, ਆਜ਼ਾਦੀ ਦੀ ਜੱਦੋਜਹਿਦ ਵਿਚ ਹਿੱਸਾ ਲੈਣਾ ਹੈ ਅਤੇ ਸ਼ਹੀਦਾਂ ਦਾ ਕਰਜ਼ਾ ਚੁਕਾਉਣਾ ਹੈ।" ਮੈਂ ਸਾਰਾ ਝੰਜੋੜਿਆ ਗਿਆ ਸਾਂ।

ਮੈਂ ਔਲੇ ਦੀ ਹਰੀ ਕਚਾਰ ਟਾਹਣੀ ਦਾਤਣ ਵਜੋਂ ਤੋੜੀ ਤੇ ਕਬਰਿਸਤਾਨ ਤੋਂ ਹੇਠਾਂ ਉਤਰ ਆਇਆ। ਨੀਵੇਂ ਥਾਂ ਵੱਲ ਭਾਰ ਪੈ ਜਾਣ ਕਾਰਨ ਮੇਰੀ ਖੜਾਂ ਦੀਆਂ ਇਕ ਪਾਸਿਓਂ ਮੇਖਾਂ ਪੁੱਟੀਆਂ ਗਈਆਂ। ਕਿਤਾਬ ਤੇ ਟੁੱਟੀ ਖੜਾਂ ਮੇਰੇ ਇਕ ਹੱਥ ਸੀ ਤੇ ਭਰੇ ਮਨ ਨਾਲ ਦਾਤਣ ਘੁਮਾਉਂਦਾ ਆ ਰਿਹਾ ਸਾਂ। ਰਾਹ ਵਿਚ ਕਬਰਿਸਤਾਨ ਦਾ ਰਾਖਾ, ਓਹੀਓ ਚੀਨੀ, ਜਿਹੜਾ ਮੇਰਾ ਯਾਰ ਵੀ ਸੀ, ਮਿਲ ਪਿਆ।

"ਬਾਈ ਬੱਗੋਸ ਗਾ (ਬਾਈਂ ਚੰਗਾ ਏਂ ?)"

"ਯਆ ਲੈ (ਆਹੋ)।"

"ਆਪਾ ਵਾਚਾ (ਕੀ ਪੜ੍ਹਿਆ ਏ ?)" ਉਸ ਝੁਰੜੀਆਂ 'ਚੋਂ ਮੁਸਕਾਂਦਿਆਂ ਪੁੱਛਿਆ।

"ਲੈਨਿਨ, ਔਰਾਂ ਪੀਆਂ ਕਵਨ। (ਮਨੁੱਖ ਦਾ ਦੋਸਤ!)" ਮੈਂ ਦਿਲ ਦੇ ਭਰੋਸੇ ਨਾਲ ਉੱਤਰ ਦਿੱਤਾ।

**ਇਹ ਗੱਲ ਮੇਰੇ ਖ਼ਾਨੇ 'ਚ ਨਹੀਂ ਵੜਦੀ ਸੀ ਕਿ ਰੂਸ ਦੇ ਇਨਕਲਾਬ ਨੇ ਜ਼ਾਰ ਬਾਦਸ਼ਾਹ ਤਖ਼ਤੋਂ ਲਾਹ ਦਿੱਤੇ ਹਨ ਤੇ ਤਾਜ ਤੋੜ ਦਿੱਤੇ ਹਨ। ਮੇਰੇ ਬਣੇ ਵਿਸ਼ਵਾਸਾਂ ਅਨੁਸਾਰ ਰਾਜੇ ਤਪ ਕਰਕੇ ਆਉਂਦੇ ਸਨ; ਭਾਵੇਂ ਰਾਜ ਕਰਨ ਪਿੱਛੋਂ ਨਰਕਾਂ ਨੂੰ ਹੀ ਜਾਂਦੇ। ਪਰ ਗੱਲ ਮੇਰੇ ਲਈ ਅਨੋਖੀ ਸੀ; ਕਿਉਂਕਿ ਅਣਹੋਣੀ ਸੱਚ ਸਾਕਾਰ ਬਣ ਚੁੱਕੀ ਸੀ।**

"ਓ ਬਾਈਆ ਬੱਗੋਸ (ਬਹੁਤ ਹੀ ਚੰਗਾ)।" ਉਹ ਸਿਰ ਹਲੂਣਦਾ ਤੁਰ ਗਿਆ।

ਇਕ ਪੈਰੀਂ ਖੜ੍ਹਾ ਨਾਲ ਉੱਚਾ-ਨੀਵਾਂ ਤੁਰਦਾ ਮੈਂ ਘਰ ਦੇ ਬਾਰ ਦੇ ਅੱਗੇ ਆ ਗਿਆ ਤੇ ਆਪਣੇ ਸਾਥੀ ਨੂੰ ਵੱਟਵੇਂ ਮੂੰਹ ਆਖਿਆ :

"ਬਾਈ, ਮੈਂ ਦੇਸ ਜਾ ਰਿਹਾ ਹਾਂ।"

"ਕਿਉਂ ਕਿਉਂ, ਕੀ ਹੋ ਗਿਆ ?" ਉਸਦੇ ਭਾਣੇ ਦੇਸੋਂ ਕੋਈ ਬੁਰੀ ਖ਼ਬਰ ਆ ਗਈ ਸੀ।

"ਠੀਕ ਹੈ, ਪਰ ਹੁਣ ਮੈਂ ਮਲਾਇਆ ਵਿਚ ਨਹੀਂ ਰਹਿਣਾ।"

"ਕਿਉਂ? ਤੂੰ ਤਾਂ ਹਾਲੇ ਦਸ ਪੈਸੇ ਵੀ ਨਹੀਂ ਕਮਾਏ।"

"ਪਰ ਕਮਾਈ ਦਾ ਵੱਲ ਆ ਗਿਆ ਏ।"

"ਉਹ ਕੀ ?"

"ਤੇਰੀ ਸਮਝ ਵਿਚ ਨਹੀਂ ਆਉਣਾ। ਤੂੰ ਬਲਦਾਂ ਨੂੰ ਕੁੱਟਿਆ ਕਰ ਤੇ ਓਬੀ ਢੋਇਆ ਕਰੇ।" ਭਾਵੇਂ ਓਦੋਂ ਮੈਨੂੰ ਸਮਝਾਉਣ ਦਾ ਵਲ ਆਪ ਨਹੀਂ ਸੀ ਆਉਂਦਾ।

ਮੈਂ ਓਸੇ ਮਹੀਨੇ ਆਪਣਾ ਸਾਈਕਲ ਵੇਚ ਕੇ ਪੀਨਾਂਗ ਆ ਗਿਆ। ਤੇ ਧੁੱਖਦੀ ਹਿੱਕ ਨਾਲ ਕਾਲੇ ਪਾਣੀ ਚੀਰਦਾ ਕਲਕੱਤੇ ਤੋਂ ਪਿੰਡ ਆ ਵੱਜਾ। ਬਿਨਾਂ ਇਤਲਾਹ, ਚਿੱਠੀ-ਪੱਤਰ, ਮੈਨੂੰ ਵੇਖ ਕੇ ਸਾਰੇ ਹੈਰਾਨ ਰਹਿ ਗਏ। ਪਰ ਮੈਨੂੰ ਆਪਣਾ ਪਿੰਡ ਤੇ ਦੇਸ ਸੁਹਣਾ ਤੇ ਮਹਿਕ-ਭਿੰਨਾ ਲੱਗ ਰਿਹਾ ਸੀ। ਮੈਨੂੰ ਪਤਾ ਨਹੀਂ ਸੀ। ਮੈਂ ਕਾਹਦੇ ਨਾਲ ਭਰਿਆ ਪਿਆ ਸਾਂ। ਪਰ ਜਵਾਨ ਮਿਰਗ ਵਾਂਗ ਮੈਨੂੰ ਕਸਤੂਰੀ ਦੀ ਮਸਤੀ ਚੜ੍ਹੀ ਹੋਈ ਸੀ। ਲਾਗਲੇ ਪਿੰਡ ਚੂਹੜਚੱਕ ਵਿਖੇ ਬਾਬਾ ਅਰੂੜ ਸਿੰਘ ਜੀ ਗ਼ਦਰੀ ਕਾਲੇਪਾਣੀ ਦੀ ਉਮਰ ਕੈਦ ਕੱਟ ਕੇ ਵਾਪਸ ਆ ਗਏ ਸਨ ਤੇ ਉਨ੍ਹਾਂ ਥੋੜ੍ਹਾ ਦਮ ਮਾਰ ਕੇ ਜਨਤਾ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਮੈਂ ਸਟੇਜਾਂ ਉਤੇ ਅੰਗਰੇਜ਼ਾਂ ਵਿਰੁੱਧ ਬੋਲਣਾ ਸ਼ੁਰੂ ਕਰ ਦਿੱਤਾ।

ਮੇਰੀ ਘਰੋਗੀ ਹਾਲਤ ਕੁਝ ਅਜਿਹੀ ਬਣ ਗਈ ਸੀ ਕਿ ਮੈਂ ਦੁਬਾਰਾ ਪੜ੍ਹਨ ਨਾ ਲੱਗ ਸਕਿਆ। ਪਰ ਪੜ੍ਹਨ ਤੇ ਲਿਖਣ ਦਾ ਸ਼ੌਕ ਮੇਰਾ ਵਾਹੀ ਕਰਵਾਉਣ ਸਮੇਂ ਵੀ ਜਾਰੀ ਰਿਹਾ। ਅੱਗ ਮੇਰੇ ਅੰਦਰ ਭੜਕ ਭੜਕ ਪੈਂਦੀ ਸੀ ਪਰ ਇਹੀ ਅੱਗ ਮੇਰੇ ਕੋਲੋਂ ਰੋਸ਼ਨੀ ਨਹੀਂ ਬਣਦੀ ਸੀ। ਪਿੰਡ ਤੇ ਇਲਾਕੇ ਵਿਚ ਪੁਰਾਣੀ ਪੀੜ੍ਹੀ ਨਾਲ ਮੇਰੀ ਹਮੇਸ਼ਾ ਟੱਕਰ ਲੱਗੀ ਰਹੀ; ਜਿਹੜੀ ਅੰਗਰੇਜ਼ ਵਿਰੁੱਧ ਮੂੰਹ ਵਿਚ ਘੁੰਙਣੀਆਂ ਪਾਈ ਬੈਠੀ ਸੀ। ਇਕ ਵਾਰ ਮੇਰੀ ਭੈਣ ਦਰਵਾਜ਼ੇ ਵਿਚ ਕੱਚੀਆਂ ਕੰਧਾਂ ਦੇ ਪੈਰਾਂ ਵਿਚ ਖ਼ੂਬਸੂਰਤੀ ਵਜੋਂ ਪੀਲੀ ਮਿੱਟੀ ਫੇਰ ਰਹੀ ਸੀ। ਮੈਂ ਮਿੱਟੀ ਲੈ ਕੇ ਘਰ ਦੇ ਦੋਹੀਂ ਪਾਸੀਂ ਦਾਤੀ-ਹਥੌੜੇ ਦੇ ਨਿਸ਼ਾਨ ਬਣਾ ਦਿੱਤੇ। ਕੁਦਰਤੀ ਉਨ੍ਹਾਂ ਦਿਨਾਂ ਵਿਚ ਜਲੰਧਰੋਂ ਅੰਗਰੇਜ਼ ਕਮਿਸ਼ਨਰ ਦੌਰੇ 'ਤੇ ਆ ਗਿਆ। ਉਹਦੀ ਮੇਮ ਅੱਗੇ ਅੱਗੇ ਆ ਰਹੀ ਸੀ। ਹਥੌੜੇ ਦੇ ਨਿਸ਼ਾਨ ਨੂੰ ਵੇਖ ਕੇ ਉਹ ਰੁਕ ਗਈ। ਮੈਂ ਨਿਸ਼ਾਨ ਹੇਠ ਕੁਝ ਲਿਖਿਆ ਸੀ, ਜਿਹੜਾ ਉਹ ਪੜ੍ਹ ਨਾ ਸਕੀ। ਉਸ ਦੇਸੀ ਅਫ਼ਸਰ ਨੂੰ ਪੁੱਛਿਆ:

"ਇਹ ਕੀ ਲਿਖਿਆ ਏ ?"

"ਮਿਹਨਤ ਤੇ ਸੱਚ ਦੀ ਤਾਕਤ ਅਤੇ ਈਮਾਨਦਾਰੀ ਦੀ ਪੱਕਿਆਈ।" ਮੈਂ ਮੇਮ ਦੇ ਮੂੰਹ ਵੱਲ ਥੋੜ੍ਹਾ ਔਖਾ-ਟੇਢਾ ਵੇਖ ਰਿਹਾ ਸਾਂ। ਉਹ ਮੂੰਹ ਨੂੰ ਹੋਰ ਪੀਡਾ ਕਰਕੇ ਘਰ ਦੇ ਅੰਦਰ ਵੜ ਗਈ। ਇਕ ਵੇਲਾਂ ਪੁਰਾਣੇ ਸੰਦੂਕ ਦੀ ਉਸ ਪ੍ਰਸੰਸਾ ਕੀਤੀ। ਫਿਰ ਅਜਿਹੀ ਥਾਂ ਆ ਗਈ, ਜਿਥੇ ਲੈਨਿਨ ਤੇ ਸ਼ੇਕਸਪੀਅਰ ਦੀਆਂ ਤਸਵੀਰਾਂ ਬਰਾਬਰ ਕੰਧ 'ਤੇ ਚਮੋੜੀਆਂ ਹੋਈਆਂ ਸਨ। ਉਸਦੀ ਇਕ ਅੱਖ ਵਿਚ ਗੁਲਾਬ ਮਹਿਕ ਰਿਹਾ ਸੀ ਤੇ ਦੂਜੀ ਅੱਖ ਵਿਚੋਂ ਲਾਵਾ ਫੁੱਟ ਰਿਹਾ ਸੀ। ਪਰ ਉਨ੍ਹਾਂ ਦੇ ਮਹਾਨ ਹੋਣ ਦਾ ਪ੍ਰਭਾਵ ਮੇਰੀ ਆਤਮਾ 'ਤੇ ਪੈ ਚੁੱਕਾ ਸੀ। ਮੇਮ ਨਾਲ ਉਹਦਾ ਕਮਿਸ਼ਨਰ ਖਸਮ ਵੀ ਬਹੁਤ ਔਖਾ ਹੋਇਆ। ਉਸ ਚੂਹੜਚੱਕ ਤੇ ਢੁੱਡੀਕੇ ਦੋਹਾਂ ਪਿੰਡਾਂ ਨੂੰ ਪੁਲੀਟੀਕਲ ਪੱਖੋਂ ਬੁਰਾ- ਭਲਾ ਕਿਹਾ। ਓਹੀ ਬੁਰਾ-ਭਲਾ ਝੋਲੀ-ਚੁੱਕਾਂ, ਜ਼ੈਲਦਾਰਾਂ ਤੇ ਨੰਬਰਦਾਰਾਂ ਮੈਨੂੰ ਮੇਰੀ ਗ਼ੈਰਹਾਜ਼ਰੀ ਵਿਚ ਆਖਿਆ ਕਿਉਂਕਿ ਮੈਂ ਮੁੰਡਾ ਹੋਣ ਨਾਲ ਅੱਖੜ ਵੀ ਬੋਲਦਾ ਸਾਂ। ਸਾਰੇ ਬੇਇੱਜ਼ਤੀ ਤੋਂ ਵੀ ਡਰਦੇ ਸਨ। ਭਾਵੇਂ ਓਦੋਂ ਤਕ ਲੈਨਿਨ ਨਾਲ ਮੇਰੀ ਜਜ਼ਬਾਤੀ ਸਾਂਝ ਹੀ ਸੀ ਤੇ ਮੇਰੇ ਜ਼ਿਹਨ ਨੇ ਰੂਹਾਨੀ ਸਾਂਝ ਨਹੀਂ ਪਾਈ ਸੀ; ਪਰ ਮੇਰੇ ਲਈ ਲੈਨਿਨ ਅਜਿਹਾ ਖੜਕਵਾਂ ਬਾਗੀ ਸਿੱਧ ਹੋਇਆ ਜਿਸਦੀ ਤਸਵੀਰ ਵੀ ਅੰਗਰੇਜ਼ ਸਾਮਰਾਜ ਨੂੰ ਕੰਬਣੀਆਂ ਛੇੜ ਰਹੀ ਸੀ। ਇਹ ਮਾਣ ਮੇਰੇ ਅੰਦਰ ਦਿਨੋ-ਦਿਨ ਅੰਗੜਾਈਆਂ ਲੈ ਲੈ ਕੇ ਜਵਾਨ ਹੁੰਦਾ ਗਿਆ।

ਦੋ ਕੁ ਸਾਲ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਵਿਚ ਆ ਗਿਆ। ਮੈਨੂੰ ਕਲਰਕਾਂ ਦੇ ਗਰੇਡ ਵਿਚ ਰਖਦਿਆਂ ਜਥੇਦਾਰ ਨੇ ਫ਼ਰਾਖ- ਦਿਲੀ ਨਾਲ ਆਖਿਆ:

"ਤੇਰੀ ਕਿਸੇ ਮਿੱਤਰ ਨੇ ਸਿਫ਼ਾਰਸ਼ ਕੀਤੀ ਹੈ ਕਿ ਤੈਨੂੰ 'ਅੰਮ੍ਰਿਤਸਰ ਸੈਂਟਰ' ਵਿਚ ਰੱਖਿਆ ਜਾਵੇ। ਤੂੰ ਚੰਗਾ ਲਿਖਾਰੀ ਬਣ ਜਾਵੇਂਗਾ। ਏਥੇ ਪੜ੍ਹਨ ਲਈ ਗੁਰੂ ਰਾਮਦਾਸ ਲਾਇਬ੍ਰੇਰੀ ਐ। ਉਂ ਤੇਰੇ ਖ਼ਿਆਲ ਕਮਿਊਨਿਸਟਾਂ ਵਾਲੇ ਹਨ। ਚਲ ਆਪੇ ਠੀਕ ਹੋ ਜਾਵੇਂਗਾ।"

ਲਾਇਬ੍ਰੇਰੀ ਦੇ ਲਾਲਚ ਕਾਰਨ ਮੈਂ ਕਲਰਕੀ ਗਰੇਡ ਪ੍ਰਵਾਨ ਕਰ ਲਿਆ; ਜਿਹੜਾ ਕੇਵਲ ਘਰੋਂ ਬੁਲਾ ਕੇ ਇੱਜ਼ਤ ਨਾਲ ਦਿੱਤਾ ਜਾ ਰਿਹਾ ਸੀ। ਪਰ ਮੇਰੇ ਖਿਆਲ ਜਥੇਦਾਰ ਸਾਹਿਬ ਦੇ ਆਖਣ ਅਨੁਸਾਰ ਠੀਕ ਨਾ ਹੋਏ ਤੇ ਅਸਤੀਫ਼ਾ ਦੇ ਕੇ ਮੈਂ ਘਰ ਵਾਪਸ ਆ ਗਿਆ। 1947 ਦੇ ਫ਼ਸਾਦਾਂ ਨੇ ਮੇਰੇ ਸਾਹਮਣੇ ਨਵੀਆਂ ਹਕੀਕਤਾਂ ਨੂੰ ਰੌਸ਼ਨ ਕੀਤਾ ਸੀ। ਸਾਮਰਾਜ ਦੇ ਹਿੱਤ, ਦੇਸੀ ਸਰਮਾਏ- ਦਾਰ ਦੇ ਹਿੱਤ ਸਾਂਝੇ ਹੋ ਗਏ ਅਤੇ ਕਿਸਾਨ ਮਜ਼ਦੂਰ ਦੀ ਕਤਲਾਮ ਦਾ ਦੋਹਾਂ ਰਲ ਕੇ ਮੁੱਢ ਬੰਨ੍ਹ ਦਿੱਤਾ। ਜਮਾਤੀ ਨਿਰਣੇ ਵਾਲਾ ਸਿਧਾਂਤ ਮੇਰੇ ਹੱਡਾਂ ਨਾਲ ਨਹੀਂ ਰੂਹ ਨਾਲ ਵੀ ਰਗੜਾ ਖਾ ਗਿਆ। ਇਕ ਦੋਸਤ ਤੋਂ ਵਿਰੋਧ-ਵਿਕਾਸ ਦਾ ਸਿਧਾਂਤ ਪਹਿਲੀ ਵਾਰ ਸਮਝਿਆ। ਮੇਰੇ ਚੌਫੇਰੇ ਮਿਹਨਤੀ ਦੁਨੀਆਂ ਦਾ ਭਵਿੱਖ ਦੀਵਾਲੀਆ ਬਣਿਆਂ ਪਿਆ ਸੀ । ਕਿਸਾਨੀ ਮਸਲਾ, ਰਿਆਸਤ ਤੇ ਇਨਕਲਾਬ, ਲੈਨਿਨਇਜ਼ਮ ਦੀਆਂ ਨੀਂਹਾਂ, ਆਦਿ ਨੂੰ ਤਸੱਲੀ ਨਾਲ ਪੜ੍ਹਿਆ। ਲੈਨਿਨ ਦਾ ਇਹ ਫ਼ਿਕਰਾ ਮੇਰੇ ਲਈ ਦੁਨੀਆਂ ਭਰ ਦੇ ਸਾਹਿਤ ਵਿਚਲੇ ਤਿੰਨ-ਚਾਰ ਫ਼ਿਕਰਿਆਂ ਵਿਚੋਂ ਇਕ ਹੈ; ਜਿਹੜਾ ਮਨੁੱਖਤਾ ਦੀ ਤਾਰੀਖ਼ ਬਦਲਣ ਦੀ ਸ਼ਕਤੀ ਰਖਦਾ ਹੈ:

"ਹਜ਼ਾਰ ਮੁਸ਼ਕਿਲਾਂ ਦੇ ਬਾਵਜੂਦ ਵੀ ਭਵਿੱਖ ਸਾਡਾ ਹੈ!"

"ਇਹ ਫ਼ਿਕਰਾ ਕਈ ਸਾਲ ਗੱਤੇ 'ਤੇ ਲਿਖਿਆ ਸਾਹਮਣੀ ਕੰਧ ਨਾਲ ਲਟਕਦਾ ਮੈਨੂੰ ਬਲਵਾਨ ਬਣਾਉਂਦਾ ਰਿਹਾ ਹੈ ਅਤੇ ਅੱਜ ਵੀ ਮੇਰੀ ਕਿਸੇ ਵੀ ਕਮਜ਼ੋਰੀ ਨੂੰ ਦਲੇਰੀ ਵਿਚ ਬਦਲ ਸੁੱਟਦਾ ਹੈ। ਮੈਂ ਇਸ ਗੱਲੋਂ ਲੈਨਿਨ ਦਾ ਦੇਣਦਾਰ ਹਾਂ ਕਿ ਉਸਨੇ ਮੇਰਾ ਭਵਿੱਖ ਕਿਸਮਤ ਤੇ ਭਗਵਾਨ ਦੀ ਜਕੜ ਵਿਚੋਂ ਕੱਢ ਕੇ ਮੇਰੇ ਹਵਾਲੇ ਕਰ ਦਿੱਤਾ ਹੈ; ਜਿਸਨੂੰ ਮੈਂ ਮਿਹਨਤ, ਵਿਸ਼ਵਾਸ ਤੇ ਆਪਣੇ ਮਿਹਨਤੀ ਲੋਕਾਂ ਨਾਲ ਜੋੜ ਕੇ ਕੁਝ ਵੀ ਬਣਾ ਸਕਦਾ ਹਾਂ। ਮੈਂ ਇਸ ਗੱਲੋਂ ਵੀ ਲੈਨਿਨ ਦਾ ਅਹਿਸਾਨਮੰਦ ਹਾਂ ਕਿ ਉਸ ਇਨਕਲਾਬ ਜਿੱਤ ਕੇ ਐਲਾਨਿਆ: ਲੋਕਾਂ ਦਾ ਰਾਜ, ਲੋਕਾਂ ਦੀ ਸੇਵਾ ਲਈ।" ਇਸ ਐਲਾਨ ਨੇ ਲੋਕਾਂ ਦੀ ਸ਼ਕਤੀ ਵਿਚ ਮੇਰਾ ਅਟੁੱਟ ਭਰੋਸਾ ਗੱਡ ਦਿੱਤਾ ਹੈ। ਸਗੋਂ ਇਸ ਤੋਂ ਅਗਾਂਹ ਜ਼ਿੰਦਗੀ ਲਈ ਤੇ ਲੋਕਾਂ ਦਾ ਸਾਹਿਤ ਲੋਕਾਂ ਲਈ, ਵਲ ਸੂਰਜ ਦੀ ਲੋਅ ਤੋਂ ਰਾਹਨੁਮਾਈ ਲੈ ਰਿਹਾ ਹਾਂ। ਮੈਨੂੰ ਇਉਂ ਜਾਪਦਾ ਏ ਜਿਵੇਂ ਗੁਰੂ ਗੋਬਿੰਦ ਸਿੰਘ ਦੇ ਅਸੂਲਾਂ ਵਿਚ ਲੈਨਿਨ ਸਾਇੰਸੀ ਚਾਨਣ ਬਣ ਕੇ ਫਿਰ ਗਿਆ ਹੈ। ਹਿੰਦੁਸਤਾਨੀ ਜਜ਼ਬਾਤ ਨੂੰ ਇਸ ਚਾਨਣ ਦੀ ਕਿੰਨੀ ਲੋੜ ਸੀ। ਇਸ ਚਾਨਣ ਨੇ ਵਧ ਕੇ ਸਾਰੀ ਮਨੁੱਖਤਾ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਗੋਰੇ, ਕਾਲੇ ਤੇ ਪੀਲੇ ਦੇ ਭੇਦ ਮਿਟਾ ਦਿੱਤੇ ਹਨ।

ਅੱਜ ਵੀ ਮੇਰਾ ਵਿਸ਼ਵਾਸ ਹੈ, ਜੇਕਰ ਲੈਨਿਨ ਦੀ ਜੀਵਨੀ ਮੈਂ ਉਸ ਸਮੇਂ ਨਾ ਪੜ੍ਹਦਾ, ਤੇ ਜ਼ਿੰਦਗੀ ਦੀ ਭਾਲ ਵਿਚ ਮਲਾਇਆ ਤੋਂ ਹਿੰਦੁਸਤਾਨ ਵੱਲ ਧਾਵਾ ਨਾ ਕਰਦਾ ਤਾਂ ਕਦੇ ਲੇਖਕ ਨਾ ਬਣ ਸਕਦਾ। ਮੈਨੂੰ ਇਉਂ ਜਾਪਦਾ ਹੈ ਜਿਵੇਂ ਦੂਰ ਪਿਆ ਮੇਰੇ ਮਨ ਦਾ ਮੋਤੀ ਉਸ ਚੁੱਕ ਕੇ ਲੋਕਾਂ ਦੀ ਮਾਲਾ ਨਾਲ ਜੋੜ ਦਿੱਤਾ ਹੈ। ਹੁਣ ਮੈਨੂੰ ਅਨੁਭਵ ਹੁੰਦਾ ਹੈ, ਮੈਂ ਸਾਰੇ ਮੋਤੀਆਂ ਵਿਚੋਂ ਲਿਸ਼ਕ ਰਿਹਾ ਹਾਂ।

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਗਿਆਨ

ਪਿਛਲੇ ਲੇਖ ਵਿਚ ਅਸਾਂ ਜਾਣਿਆ ਕਿ ਸਪਰਮ ਦੇ ਓਵਮ ਵਿਚ ਦਾਖਲੇ ਤੋਂ ਬਾਅਦ ਇਸ ਫਰਟੀਲਾਈਜ਼ਡ ਓਵਮ ਦਾ ਨਾਂ ਹੋ ਗਿਆ ਟਰੋਫੋਬਲਾਸਟ। ਟਰੋਫੋਬਲਾਸਟ ਵਿਚ ਔਰਤ ਤੇ ਪੁਰਸ਼ ਦੇ ਸੈੱਲਾਂ ਵਿਚਲੇ ਤਾਕਤਵਰ ਜੀਨਜ਼ ਆਪਸ ਵਿਚ ਮਿਲੇ ਜਿਸ ਨਾਲ ਜੀਵਨ ਦੀ ਨਵੀਂ ਉਤਪਤੀ ਦੇ ਅਗਲੇ ਜੀਵਨ ਦਾ ਸੈਕਸ ਨਿਰਧਾਰਤ ਹੋਇਆ।

ਬਲਾਸਟੋਸਿਸ ਦੇ ਅੰਦਰ ਔਰਤ ਦਾ ਸੈੱਲ ਮਾਸ ਤੇ ਸਪਰਮ ਦਾ ਸਿਰ ਜਿਹੜਾ ਓਵਮ ਵਿਚ ਦਾਖਲ ਹੋਇਆ ਸੀ ਉਹਦਾ ਮਾਸ ਕੋਰਨਾਰੇਡੀਏਟਾ ਦੇ ਗ਼ਿਲਾਫ਼ ਦੇ ਖੋਲ ਵਿਚ ਲਪੇਟੇ ਅੰਦਰ ਹੀ ਅੰਦਰ ਅਲੱਗ ਅਲੱਗ ਮਾਸ ਦੇ ਤੌਰ 'ਤੇ ਆਪਣੇ ਆਪਣੇ ਖੋਲ ਵਿਚ ਆਪਣੀ ਜਗਾਹ ਮੱਲ ਲੈਂਦੇ ਹਨ ਜਿਵੇਂ ਕਬੱਡੀ ਦੀਆਂ ਦੋ ਟੀਮਾਂ



**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਆਪਸ ਵਿਚ ਭਿੜਨ ਲਈ ਤਿਆਰ ਹੋਣ। ਦੋਵੇ ਖੋਲ ਰਬੜ ਦੇ ਭੁਕਾਨਿਆਂ ਵਾਂਗ ਆਪਸ ਵਿਚ ਫ਼ਿਊਜ਼ ਹੁੰਦੇ ਹਨ। ਇਹ ਸਾਰਾ ਵਰਤਾਰਾ ਟਰੋਫੋਬਲਾਸਟ ਦੇ ਅੰਦਰ ਅੰਦਰ ਹੀ ਉਸ ਸਮੇਂ ਵਾਪਰਦਾ ਹੈ ਭਾਵ ਸਪਰਮ ਦੇ ਸਿਰ ਵਾਲਾ ਭੁਕਾਨਾ ਓਵਮ ਦੇ ਸਿਰ ਵਾਲੇ ਭੁਕਾਨੇ ਵਿਚ ਮਿਕਸ ਹੁੰਦਾ ਹੈ। ਇਸ ਸਥਿਤੀ ਵਿਚ ਦੋ ਭੁਕਾਨਿਆਂ ਦੇ ਆਪਸ ਵਿਚ ਇਕ ਦੂਜੇ ਵਿਚ ਪ੍ਰੈਸ ਹੋ ਕੇ ਮਿਲਣ ਕਰਕੇ ਤਿੰਨ ਤਹਿਆਂ ਬਣ ਜਾਂਦੀਆਂ ਹਨ। ਇਹ ਤਿੰਨ ਤਹਿਆਂ ਹੀ ਅੱਗੇ ਚਲ ਕੇ ਨਵ ਜੀਵਨ ਦੇ ਅੰਗਾਂ ਦਾ ਨਿਰਮਾਣ ਕਰਦੀਆਂ ਹਨ।

ਮੋਟੇ ਤੌਰ 'ਤੇ ਸਰੀਰ ਦੀ ਬਣਤਰ ਦੇ ਢਾਂਚੇ ਦਾ ਨਿਰਮਾਣ ਇਸ ਬਲਾਸਟੋਸਿਸਟ ਅੰਦਰ ਮਿਲਦੇ ਦੋਹਾਂ ਢਾਂਚਿਆਂ ਦੇ ਬਾਹਰੀ ਪਰਦਿਆਂ ਦਾ ਨਿਰਮਾਣ ਤੇ ਉਨ੍ਹਾਂ ਬਾਹਰੀ ਪਰਦਿਆਂ ਨਾਲ ਹੀ ਨਵਜੀਵਨ ਦੇ ਸਰੀਰ ਦਾ ਨਿਰਮਾਣ ਸ਼ੁਰੂ ਹੁੰਦਾ ਹੈ।

ਅੰਦਰ ਦੇ ਅੰਗਾਂ ਦਾ ਨਿਰਮਾਣ ਦੋਹਾਂ ਸੈੱਲ ਮਾਸ ਦੇ ਮਿਲਾਪ ਵਾਲੇ ਪਰਦੇ ਨਾਲ ਹੁੰਦਾ ਹੈ ਤੇ ਬਿਲਕੁਲ ਧੁਰ ਅੰਦਰਲੇ ਪਰਦੇ ਨਾਲ ਸਰੀਰ ਦੇ ਅੰਗਾਂ ਦੀਆਂ ਅੰਦਰਲੀਆਂ ਝਿੱਲੀਆਂ ਦਾ ਨਿਰਮਾਣ ਹੁੰਦਾ ਹੈ।

ਸਭ ਤੋ ਪਹਿਲਾ ਅੰਗ ਜਿਸਦਾ ਨਿਰਮਾਣ ਹੁੰਦਾ ਹੈ ਉਹ ਹੈ ਦਿਲ। ਦੂਸਰਾ ਹੱਡੀਆਂ ਦੇ ਢਾਂਚੇ ਵਿਚੋਂ ਜਿਸ ਹੱਡੀ ਦਾ ਨਿਰਮਾਣ ਸਭ ਤੋਂ ਪਹਿਲਾ ਸ਼ੁਰੂ ਹੁੰਦਾ ਹੈ ਉਹ ਹੈ ਹਸਲੀ ਦੀ ਹੱਡੀ ਯਾਨੀ ਕਲੇਵੀਕਲ ਜਿਹੜੀ ਸਾਹਮਣੇ ਤੋਂ ਛਾਤੀ ਦੇ ਉਪਰ ਵਾਲੀਆਂ ਪਸਲੀਆਂ ਤੇ ਗਰਦਨ ਦੇ ਛਾਤੀ ਨਾਲ ਜੁੜਨ ਵਾਲੇ ਸਥਾਨ 'ਤੇ ਹੈ ਜਿਸ ਨਾਲ ਛਾਤੀ ਦਾ ਖੋਲ ਬਣਦਾ ਹੈ। ਇਸ ਵਿਚੋਂ ਹੀ ਨਿਕਲ ਕੇ ਗਰਦਨ ਉੱਪਰ ਨੂੰ ਜਾਂਦੀ ਹੈ। ਬਾਹਰੀ ਲੇਅਰ ਨਾਲ ਜਿਸਨੂੰ ਪਿਛਲੇ ਲੈਕਚਰ ਵਿਚ ਅਸਾਂ ਐਕਟੋਡਰਮ ਆਖਿਆ ਸੀ ਉਸੇ ਰਾਹੀਂ ਰੀੜ੍ਹ ਦੀ ਹੱਡੀ ਦਾ ਨਿਰਮਾਣ ਸ਼ੁਰੂ ਹੁੰਦਾ ਹੈ। ਇਹ ਸਾਰੀਆਂ ਕਿਰਿਆਵਾਂ ਪਰੈਗਨੈਂਸੀ ਦੇ ਛੇਵੇਂ ਹਫ਼ਤੇ ਤੱਕ ਸ਼ੁਰੂ ਹੋ ਚੁੱਕੀਆਂ ਹੁੰਦੀਆਂ ਹਨ।

ਇਕ ਗੱਲ ਹੋਰ ਦੁਹਰਾ ਦਿਆਂ ਕਿ ਫੈਲੋਪੀਅਨ ਟਿਊਬ ਦਾ ਬੱਚੇਦਾਨੀ ਨਾਲ ਮਿਲਣ ਵਾਲਾ ਅੰਦਰਲਾ ਸੁਰਾਖ ਕੇਵਲ ਇਕ ਮਿਲੀਮੀਟਰ ਹੀ ਹੁੰਦਾ ਹੈ। ਕੋਰਨਾ ਰੇਡੀਏਟਾ ਫੈਲੋਪੀਅਨ ਟਿਊਬ ਦੇ ਅੰਦਰ ਹੀ ਰੇਡੀਏਟ ਕਰਦਾ ਕਰਦਾ ਆਮ ਤੌਰ 'ਤੇ ਤੀਜੇ ਹਫ਼ਤੇ ਭਾਵ ਔਰਤ ਦੇ ਆਖਰੀ ਮਾਸਿਕ ਧਰਮ ਦੇ ਪਹਿਲੇ ਦਿਨ ਤੋਂ ਗਿਣਤੀ ਕਰਕੇ ਓਵਮ ਦੇ ਫਰਟੀਲਾਈਜ਼ਡ ਹੋਣ ਅਤੇ ਬੱਚੇਦਾਨੀ ਵਿਚ ਸਥਾਪਤ ਹੋਣ ਤੱਕ ਦਾ ਸਮਾਂ ਤਿੰਨ ਹਫ਼ਤਿਆਂ ਦਾ ਹੈ। ਯਾਨੀ ਇਕੀਵੇਂ ਦਿਨ ਤੱਕ ਇਹ ਬਲਾਸਟੋਸਿਸਟ ਬੱਚੇਦਾਨੀ ਵਿਚ ਆ ਕੇ ਪੈਰ ਜਮਾਉਣ ਲਗਦਾ ਹੈ। ਪਰ ਜੇ ਇਸਨੂੰ ਇਸ ਤੋਂ ਜ਼ਿਆਦਾ ਸਮਾਂ ਬੱਚੇਦਾਨੀ ਵਿਚ ਪਹੁੰਚਣ ਲਈ ਲੱਗ ਜਾਵੇ ਤੇ ਇਹਦਾ ਸਾਈਜ਼ ਇਕ ਮਿਲੀਮੀਟਰ ਤੋਂ ਵਧ ਜਾਵੇ ਤਾਂ ਇਹ ਬੱਚੇਦਾਨੀ ਵਿਚ ਦਾਖਲ ਨਹੀਂ ਹੋ ਸਕਦਾ।

ਇਕ ਗੱਲ ਹੋਰ ਯਾਦ ਕਰਾ ਦਿਆਂ ਕਿ ਮਾਸਿਕ ਧਰਮ ਦੀ ਕੁਦਰਤੀ ਕਿਰਿਆ ਦੀ ਫਿਜ਼ਿਆਲੋਜੀ ਦੱਸਦਿਆਂ ਮੈਂ ਦੱਸਿਆ ਸੀ ਕਿ ਫੌਲੀਕੁਲਰ ਹਾਰਮੋਨ ਅਤੇ ਬਾਅਦ ਵਿਚ ਓਵਰੀ ਦੇ ਪਰੋਲੂਟੋਨ ਹਾਰਮੋਨ ਦੇ ਅਸਰ ਹੇਠ ਬੱਚੇਦਾਨੀ ਦਾ ਅੰਦਰਲਾ ਪਰਦਾ ਜਿਸ ਨੂੰ ਇੰਡੋਮੈਟਰੀਅਮ ਕਹਿੰਦੇ ਹਨ ਖ਼ੂਨ ਦੀਆਂ ਨਾੜੀਆਂ ਨਾਲ ਭਰ ਜਾਂਦਾ ਹੈ ਤੇ ਜਿਵੇਂ ਜਿਵੇਂ ਸਮਾਂ ਬੀਤਦਾ ਹੈ ਗ਼ਦੈਲੇ ਵਾਂਗ ਨਰਮ ਹੋ ਜਾਂਦਾ ਹੈ। ਇਸ ਹਾਲਾਤ ਵਿਚ ਕੋਰੀਓ ਟਰੋਫੋਬਲਾਸਟਵਾਲੀਆ ਤਿੱਖੀਆਂ ਹੋਈਆਂ ਚੁੰਝਾਂ ਇਸ ਵਿਚ ਆਸਾਨੀ ਨਾਲ ਖੁੱਭ ਜਾਂਦੀਆਂ ਹਨ ਜਿਸ ਕਰਕੇ ਬੱਚੇਦਾਨੀ ਦੇ ਅੰਦਰਲੇ ਪਰਦੇ ਇੰਡੋਮੈਟਰੀਅਲ ਵਿਚਲੀਆਂ ਖ਼ੂਨ ਦੀਆਂ ਭਰੀਆਂ ਨਾੜੀਆਂ ਦਾ ਖ਼ੂਨ ਚੂਸ ਕੇ ਟਰੋਫੋਬਲਾਸਟ ਦੇ ਅੰਦਰ ਵਧ ਰਹੇ ਨਵਜੀਵਨ ਨੂੰ ਪਹੁੰਚਾਉਂਦੀਆਂ ਹਨ। ਜਿਸ ਨਾਲ ਉਹ ਅੱਗੇ ਤੋਂ ਤੇਜ਼ੀ ਨਾਲ ਵਧਣਾ ਸ਼ੁਰੂ ਹੁੰਦਾ ਹੈ।

ਕਿਉਂਕਿ ਬਲਾਸਟੋਸਿਸਟ ਗੋਲਾ ਅਕਾਰ ਹੈ ਤੇ ਚਾਰੇ ਪਾਸੇ ਕੋਰੀਓਨਿਕ ਵਿਲੀਜ ਪੈਦਾ ਹੋ ਜਾਂਦੀਆਂ ਹਨ। ਬਲਾਸਟੋਸਿਸਟ ਦੀ ਸ਼ਕਲ ਇੰਜ ਦੀ ਹੁੰਦੀ ਹੈ ਜਿਵੇਂ ਅੱਜ ਕੱਲ ਕਰੋਨਾ ਜਰਾਸੀਮ ਦੀ ਸ਼ਕਲ ਟੀਵੀ ਚੈਨਲਾਂ 'ਤੇ ਵਿਖਾਈ ਜਾ ਰਹੀ ਹੈ।

ਜਿਹੜੀਆਂ ਕੋਰੀਓਨਿਕ ਵਿਲੀਜ ਬੱਚੇਦਾਨੀ ਦੇ ਅੰਦਰਲੇ ਇੰਡੋਮੈਟਰੀਅਮ ਪਰਦੇ ਵਿਚ ਆਪਣੇ ਆਪ ਨੂੰ ਗੱਡ ਲੈਂਦੀਆਂ ਹਨ ਉਹ ਅੱਗੇ ਚੱਲ ਕੇ ਪਲਸੇਟਾ ਯਾਨੀ ਔਲ ਦਾ ਨਿਰਮਾਣ ਕਰਦੀਆਂ ਹਨ। ਬਾਕੀ ਕੋਰੀਓ ਨਿਕਵਿਲਾਈਏ ਬਲਾਸਟੋਸਿਸਟ ਦੇ ਬਾਹਰੀ ਚੁਫੇਰੇ ਬਚਦੇ ਘੇਰੇ ਉੱਪਰ ਹੁੰਦੀਆਂ ਹਨ ਉਹ ਬਲਾਸਟੋਸਿਸਟ ਦੇ ਅੰਦਰਲੇ ਵਾਧੇ ਕਾਰਨ ਅਤੇ ਵਧਦੇ ਪਰੈਸ਼ਰ ਕਰਕੇ ਅਤੇ ਇੰਜ ਜਿਸ ਪਾਸੇ ਕੋਰੀਓਨਿਕ ਵਿਲਾਈਜ ਮਾਂ ਦੇ ਮਾਸ ਵਿਚ ਖੁੱਭੀਆਂ ਹਨ ਉਧਰੋਂ ਤਾਂ ਖ਼ੁਰਾਕ ਪੂਰੀ ਮਿਲਦੀ ਹੈ ਪਰ ਦੂਸਰੇ ਦਬਕਦੇ ਪਾਸੇ ਵੱਲ ਖ਼ੁਰਾਕ ਪੂਰੀ ਨਹੀਂ ਪਹੁੰਚਦੀ ਇਸ ਲਈ ਬਾਹਰਲੇ ਬਲਾਸਟੋਸਿਸਟ ਦੇ ਘੇਰੇ ਵਿਚ ਪੈਦਾ ਹੋਈਆਂ ਕੋਰੀਓਨਿਕ ਵਿਲਾਈਜ ਦੂਰੀ ਕਰਕੇ ਖ਼ੁਰਾਕ ਦੀ ਪੈਦਾ ਹੋਈ ਘਾਟ ਕਰਕੇ ਸੁੱਕ ਜਾਂਦੀਆਂ ਹਨ।

ਇਸ ਤੋਂ ਅਗਲੀ ਬਲਾਸਟੋਸਿਸਟ ਦੀ ਵਾਧੇ ਦੀ ਸਟੇਜ ਨੂੰ ਬਲਾਸਟੋਸਿਸਟ ਨਹੀਂ ਫ਼ੀਟਸ ਕਹਿੰਦੇ ਹਨ। ਬਲਾਸਟੋਸਿਸਟ ਬੱਚੇਦਾਨੀ ਵਿਚ ਸਥਾਪਤ ਹੋ ਗਿਆ ਹੈ ਜਾਂ ਨਹੀਂ ਇਸ ਦੀਆਂ ਕੁਝ ਕੁ ਨਿਸ਼ਾਨੀਆਂ ਇੰਜ ਹਨ ਔਰਤ ਨੂੰ ਖ਼ੂਨ ਦੀ ਮਾਸਿਕ ਧਰਮ ਕਿਰਿਆ ਨਹੀਂ ਹੁੰਦੀ ਪਰ ਕਈ ਵੇਰ ਥੋੜ੍ਹੀ ਥੋੜ੍ਹੀ ਸਪੌਟਿੰਗ ਹੋ ਸਕਦੀ ਹੈ ਜੇ ਕੋਰੀਓਨਿਕ ਵਿਲਾਈਜ ਅਜੇ ਤੱਕ ਪੂਰੀ ਤਰ੍ਹਾਂ ਬੱਚੇਦਾਨੀ ਦੇ ਅੰਦਰੂਨੀ ਪਰਦੇ ਵਿਚ ਸੈਟ ਨਾ ਹੋਈਆਂ ਹੋਣ ਯਾਨੀ ਆਪਣੀ ਆਜੜਾ ਮਾਂ ਦੇ ਮਾਸ ਵਿਚ ਨਾ ਜਮਾ ਸਕੀਆਂ ਹੋਣ ਤਾਂ ਵੀ ਰੁਕ ਰੁਕ ਕੇ ਖ਼ੂਨ ਆ ਸਕਦਾ ਹੈ ਜਿਸਦਾ ਮਾਸਿਕ ਧਰਮ ਨਾਲ ਕੋਈ ਵਾਸਤਾ ਨਹੀਂ ਹੁੰਦਾ ਪਰ ਇਹ ਜ਼ਰੂਰੀ ਨਹੀਂ ਕਿਸੇ ਕਮਜ਼ੋਰ ਔਰਤ ਵਿਚ ਖ਼ੂਨ ਦਾ ਜਮਾ ਦੀ ਕਿਰਿਆ ਵਿਚ ਨੁਕਸ ਹੋਣ ਕਰਕੇ ਵੀ ਅਜੇਹਾ ਹੋ ਸਕਦਾ ਹੈ। ਪਰ ਕਈ ਔਰਤਾਂ ਵਿਚ ਪੂਰੇ ਪਰੈਗਨੈਂਸੀ ਦੇ ਸਮੇਂ ਦੌਰਾਨ ਅਜੇਹਾ ਵਰਤਾਰਾ ਹੁੰਦਾ ਰਹਿੰਦਾ ਹੈ ਜਿਸ ਲਈ ਕਾਰਨ ਜਾਨਣੇ ਜ਼ਰੂਰੀ ਹਨ ਕਿਉਂਕਿ ਕਈ ਵਾਰ ਲਗਾਤਾਰ ਪਰੈਗਨੈਂਸੀ ਵਿਚ ਰੁਕ ਰੁਕ ਕੇ ਸਪੌਟਿੰਗ ਹੁੰਦੀ ਰਹਿੰਦੀ ਹੈ।

ਪਰੀਵੀਆ ਵਰਗੇ ਹਾਲਾਤ ਦਾ ਬਣਨਾ ਵੀ ਇਸ ਹਾਲਾਤ ਦੇ ਕਾਰਨ ਹੋ ਸਕਦੇ ਹਨ। ਪਰ ਥੋੜੇ ਲਫਜ਼ਾਂ ਵਿਚ ਕਮਜ਼ੋਰ ਕੋਰੀਓਨਿਕ ਵਿਲੀਜ ਜਾਂ ਬੱਚੇਦਾਨੀ ਦੇ ਕਮਜ਼ੋਰ ਇੰਡੋਮੈਟਰੀਅਮ ਦੇ ਕਰਕੇ ਜਦ ਵਧਣ ਵੇਲੇ ਫ਼ੀਟਸ ਨੂੰ ਖ਼ੁਰਾਕ ਪੂਰੀ ਨਹੀਂ ਮਿਲਦੀ ਤਾਂ ਉਹ ਸੁੱਕ ਕੇ ਚਿੱਚੜ ਵਾਂਗ ਬੱਚੇਦਾਨੀ ਦੀ ਦਿਵਾਰ ਨਾਲ ਹੀ ਲੱਗਿਆ ਰਹਿ ਜਾਂਦਾ ਹੈ। ਤੇ ਕਈ ਵੇਰ ਆਦਮੀ ਦੇ ਸਪਰਮ ਜਾਂ ਔਰਤ ਦੇ ਓਵਮ ਦੇ ਕਰੋਮੋਜੋਮਜ਼ ਦੀਆਂ ਬਿਮਾਰੀਆਂ ਕਰਕੇ ਵੀ ਅਜੇਹਾ ਹੋ ਸਕਦਾ ਹੈ ਜਿਸ ਕਰਕੇ ਹਰ ਮਹੀਨੇ ਇੰਜ ਦਾ ਕਰਮ ਹੀ ਜਦ ਵਾਰ-ਵਾਰ ਦੁਹਰਾਇਆ ਜਾਂਦਾ ਹੈ ਤਾਂ ਕਈ ਕਈ ਮੋਲ ਜਿਹੜੇ ਫੀਟਸ ਦੀ ਸ਼ਕਲ ਵਿਚ ਨਹੀਂ ਵਧੇ ਬੱਚੇਦਾਨੀ ਦੀ ਅੰਦਰਲੀ ਦਿਵਾਰ ਨਾਲ ਲਟਕਦੇ ਰਹਿ ਜਾਂਦੇ ਹਨ ਜਿਨ੍ਹਾਂ ਨੂੰ ਮੋਲਰ ਪਰੈਗਨੈਂਸੀ ਕਹਿੰਦੇ ਹਨ ਜਿਸ ਵਿਚ ਪਰੈਗਨੈਂਸੀ ਦੀਆਂ ਨਿਸ਼ਾਨੀਆਂ ਤਾਂ ਔਰਤ ਵਿਚ ਮੌਜੂਦ ਹੁੰਦੀਆਂ ਹਨ ਪਰ ਫ਼ੀਟਸ ਦੀ ਡਿਵੈਲਪਮੈਂਟ ਪੂਰੀ ਤਰ੍ਹਾਂ ਨਹੀਂ ਹੁੰਦੀ। ਮੋਲ ਸਰਜੀਕਲੀ ਕੱਢਣੇ ਵੀ ਪੈਂਦੇ ਹਨ, ਜਿਸ ਨੂੰ ਪੰਜਾਬੀ ਵਿਚ ਪੱਤ ਲੱਗਣਾ ਕਹਿੰਦੇ ਹਨ।

ਦੂਸਰਾ ਜਿਸ ਕਰਕੇ ਪਰੈਗਨੈਂਸੀ ਤਾਂ ਵਾਧੇ ਵੱਲ ਤੁਰਦੀ ਹੈ ਪਰ ਖ਼ੁਰਾਕ ਦੀ ਘਾਟ ਕਰਕੇ ਬੱਚਾ ਪੂਰੀ ਤਰ੍ਹਾਂ ਵੱਧਦਾ ਫੁੱਲਦਾ ਨਹੀਂ। ਕਮਜ਼ੋਰ ਹੁੰਦਾ ਹੈ ਇੰਜ ਦੇ ਹਾਲਾਤ ਵਿਚ ਖ਼ੂਨ ਦਾ ਲਗਾਤਾਰ ਰੁਕ-ਰੁਕ ਕੇ ਆਉਣਾ ਵੀ ਇਕ ਕਾਰਨ ਹੋ ਸਕਦਾ ਹੈ।

ਤੀਸਰਾ ਪਰੋਜੈਸਟਰੋਨ ਵਰਗੇ ਹਾਰਮੋਨਜ਼ ਦੀ ਕਮੀ ਕਰਕੇ ਜਦ ਕੋਰੀਓਨਿਕ ਵਿਲੀਜ ਪੂਰੀ ਤਰ੍ਹਾਂ ਆਪਣੇ ਆਪ ਨੂੰ ਬੱਚੇਦਾਨੀ ਦੇ ਅੰਦਰਲੇ ਪਰਦੇ ਇੰਡੋਮੈਟਰੀਅਮ ਵਿਚ ਸਥਾਪਤ ਨਹੀਂ ਕਰ ਸਕਦੀਆਂ ਤੇ ਲੀਕ ਕਰਦੀਆਂ ਰਹਿੰਦੀਆਂ ਹਨ।

ਚੌਥਾ ਆਮ ਤੌਰ 'ਤੇ ਬਲਾਸਟੋਸਿਸਟ ਬੱਚੇਦਾਨੀ ਦੇ ਉਪਰੀ ਭਾਗ ਵਿਚ ਪਿਛਲੇ ਪਾਸੇ ਜਾਂ ਕਿਸੇ ਇਕ ਸਾਈਡ 'ਤੇ ਕੋਰੀਓਨਿਕ ਵਿਲੀਜ ਦੀ ਮਦਦ ਨਾਲ ਆਪਣੇ ਆਪ ਨੂੰ ਸਥਾਪਤ ਕਰਦਾ ਹੈ ਪਰ ਕੁਝ ਹਾਲਤਾਂ ਵਿਚ ਇਹ ਰਿੜ੍ਹ ਕੇ ਹੇਠਾਂ ਬੱਚੇਦਾਨੀ ਦੇ ਹੇਠਲੇ ਭਾਗ ਵਿਚ ਆਪਣੇ ਆਪ ਨੂੰ ਸਥਾਪਤ ਕਰਨ ਵਿਚ ਕਾਮਯਾਬ ਤਾਂ ਹੋ ਜਾਂਦਾ ਹੈ ਪਰ ਇਸ ਵਧਦੇ ਆਕਾਰ ਦੇ ਪਰੈਸ਼ਰ ਨਾਲ ਹਮੇਸ਼ਾ ਹੀ ਕੋਰੀਓਨਿਕ ਵਿਲੀਜ ਉਪਰ ਇਕ ਖਿੱਚ ਵਰਗਾ ਪਰੈਸ਼ਰ ਬਣਿਆ ਰਹਿੰਦਾ ਹੈ ਜਿਸ ਨਾਲ ਕਈ ਵੇਰ ਲਗਾਤਾਰ ਥੋੜ੍ਹੀ ਥੋੜ੍ਹੀ ਦੇਰ ਬਾਅਦ ਜਾਂ ਰੁਕ ਰੁਕ ਕੇ ਖ਼ੂਨ ਵਗਣ ਦੀ ਸ਼ਿਕਾਇਤ ਪਰੈਗਨੈਂਟ ਔਰਤ ਮਹਿਸੂਸ ਕਰਦੀ ਰਹਿੰਦੀ ਹੈ। ਇਨ੍ਹਾਂ ਹਾਲਤਾਂ ਵਿਚ ਅਬੌਰਸ਼ਨ/ਮਿਸਕੈਰੀਏਜ ਵਰਗੇ ਹਾਲਾਤ ਬਣੇ ਰਹਿੰਦੇ ਹਨ ਤੇ ਕਈ ਵੇਰ ਪਰੈਗਨੈਂਸੀ ਆਪਣੇ ਚਾਲੀ ਹਫ਼ਤੇ ਪੂਰੇ ਨਹੀਂ ਕਰਦੀ ਤੇ ਸਮੇਂ ਤੋਂ ਪਹਿਲਾਂ ਹੀ ਕਮਜ਼ੋਰ ਹੋਈ ਔਰਤ ਵਿਚ ਕਮਜ਼ੋਰ ਬੱਚੇ ਦਾ ਜਨਮ ਹੋ ਜਾਂਦਾ ਹੈ। ਇਸ ਹਾਲਤ ਨੂੰ ਪਲੇਸੈਂਟਾਪਰੀਵੀਆ ਕਹਿੰਦੇ ਹਨ।

ਜੇ ਕੁਦਰਤ ਦੇ ਨਿਯਮ ਅਨੁਸਾਰ ਨਾਰਮਲ ਹਾਲਾਤਾਂ ਵਿਚ ਪਰੈਗਨੈਂਸੀ ਅੱਗੇ ਤੁਰਦੀ ਹੈ ਤਾਂ ਇਸ ਦਾ ਸਮਾਂ ਦੋ ਸੌ ਅੱਸੀ ਦਿਨ ਯਾਨੀ ਚਾਲੀ ਹਫ਼ਤੇ ਹੈ ਜੋ ਪਰੈਗਨੈਂਸੀ ਹੋਣ ਦੇ ਆਖਰੀ ਮਾਸਿਕ ਧਰਮ ਦੇ ਪਹਿਲੇ ਦਿਨ ਤੋਂ ਗਿਣਿਆ ਜਾਂਦਾ ਹੈ।

# ਯੂਨੀਕੋਡ ਫੌਂਟਾਂ ਦੇ ਲਾਭ !

"ਆਪਣੀਆਂ ਰਚਨਾਵਾਂ ਪੰਜਾਬੀ ਦੀ ਕਿਸ ਫੌਂਟ ਵਿਚ ਟਾਈਪ ਕਰੀਏ?" ਇਹ ਸਵਾਲ ਆਮ ਹੀ ਪੁੱਛਿਆ ਜਾਂਦਾ ਹੈ, ਲਗਭਗ ਹਰ ਕੰਪਿਊਟਰ ਸਿਖਾਂਦਰੂ ਵੱਲੋਂ ਖਾਸ ਕਰਕੇ ਅਤੇ ਹੰਢੇ ਵਰਤੇ ਵੱਲੋਂ ਆਮ ਕਰਕੇ। ਹਰ ਸਵਾਲ ਨਾਲ਼ ਕਿਓਂ ਦਾ ਪ੍ਰਸ਼ਨ ਚਿੰਨ੍ਹ ਵਿਵੇਕੀ ਆਪਣੇ ਆਪ ਹੀ ਲਾ ਲੈਂਦਾ ਹੈ। ਇਸ ਦੇ ਉੱਤਰ ਵਿਚ ਬਹੁਤ ਸਾਰੇ ਨੁਕਤੇ ਵਿਚਾਰੇ ਜਾ ਸਕਦੇ ਹਨ। ਪਹਿਲੋਂ ਉਨ੍ਹਾਂ ਲਈ ਢੁਕਵਾਂ ਵਾਤਾਵਰਨ ਉਸਾਰ ਲਿਆ ਜਾਵੇ।

ਹਰ ਲੇਖਕ ਦੀ ਹੱਥ ਲਿਖਤ ਵਿਚ ਭਾਵੇਂ ਭਾਸ਼ਾ ਦੇ ਲਿੱਪੀ ਚਿੰਨ੍ਹ ਇੱਕੋ ਜੇਹੇ ਹੀ ਹੁੰਦੇ ਹਨ ਅਤੇ ਉਨ੍ਹਾਂ ਦੇ ਚਿਨ ਚੱਕਰ ਲੇਖਕ ਦੇ

**ਕਿਰਪਾਲ ਸਿੰਘ ਪੰਨੂੰ**
**ਫੋਨ: 905-796-0531**

ਵਿਅਕਤੀਤਵ ਅਤੇ ਉਸਦੀ ਘਾਲ ਕਮਾਈ ਅਨੁਸਾਰ ਆਮ ਜੇਹੇ ਤੋਂ ਲੈ ਕੇ ਅਤੀ ਸੁੰਦਰ ਹੋ ਸਕਦੇ ਹਨ। ਪਰ ਕੰਪਿਊਟਰ ਦੇ ਸੰਸਾਰ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਇਸ ਵਿਚ ਹਰ ਭਾਸ਼ਾ ਦੀ ਇੱਕ ਲਿੱਪੀ ਹੁੰਦੀ ਹੈ ਜੋ ਫੌਂਟ (Font) ਦਾ ਨਾਂ ਲੈ ਲੈਂਦੀ ਹੈ, ਜਿਸ ਵਿਚ ਉਸਦਾ ਨਾਂ ਵੀ ਜੁੜ ਜਾਂਦਾ ਹੈ। ਜਿਵੇਂ ਪੰਜਾਬੀ ਯੂਨੀ ਦੀਆਂ ਫੌਂਟਾਂ ਹਨ ਰਾਵੀ, ਚਾਤਰਿਕ, ਅਕਾਸ਼, ਅੰਗੂਰ ਆਦਿ। ਵਿਅਕਤੀਆਂ ਵਾਂਗ ਇਨ੍ਹਾਂ ਦੀ ਵੀ ਆਪੋ ਆਪਣੀ ਨਿਵੇਕਲੀ ਸਮਰੱਥਾ ਅਤੇ ਨਿਵੇਕਲੇ ਹੀ ਚਿੰਨ੍ਹ ਚੱਕਰ ਹੁੰਦੇ ਹਨ।


1990ਵਿਆਂ ਦੇ ਦਹਾਕੇ ਵਿਚ ਜੋ ਪੰਜਾਬੀ ਦੀਆਂ ਫੌਂਟਾਂ ਪ੍ਰਚੱਲਤ ਸਨ ਉਨ੍ਹਾਂ ਦਾ ਵਰਗੀਕਰਨ 'ਟੀਟੀਐੱਫ ਆਸਕਾਈ ਫੌਂਟਾਂ' ਵਜੋਂ ਕੀਤਾ ਜਾਂਦਾ ਸੀ। ਉਹ ਪ੍ਰਿੰਟ ਰੂਪ (Hard copy) ਵਿਚ ਤਾਂ ਸਾਰੀਆਂ ਹੀ ਅਰਥ ਪੂਰਨ ਸਨ ਪਰ ਮਾਨੀਟਰ ਉੱਤੇ (Soft copy) ਇੱਕ ਦੂਜੀ ਨਾਲ਼ ਸੰਧੀ ਨਹੀਂ ਸਨ ਕਰਦੀਆਂ। ਫੌਂਟ ਦਾ ਨਾਉਂ ਬਦਲਣ ਨਾਲ਼ ਸਭ ਕੁੱਝ ਅਰਥਹੀਣ ਹੋ ਜਾਂਦਾ ਸੀ। ਜਿਸਦਾ ਵੱਡਾ ਕਾਰਨ ਸੀ ਕਿ ਉਨ੍ਹਾਂ ਫੌਂਟਾਂ ਵਿਚ ਫੌਂਟ ਅਤੇ ਉਸਦਾ ਕੀਅਬੋਰਡ ਲੇਅਆਊਟ ਆਪੋ ਆਪਣਾ ਨਿਵੇਕਲਾ ਹੁੰਦਾ ਸੀ ਅਤੇ ਜੇ ਭੇਜਣ ਵਾਲ਼ੇ ਅਤੇ ਪੜ੍ਹਨ ਵਾਲ਼ੇ ਕੋਲ ਉਹੀ ਫੌਂਟ ਹੁੰਦੀ ਸੀ ਤਾਂ ਹੀ ਸੂਚਨਾ ਸਹੀ ਪਹੁੰਚਦੀ ਸੀ। ਹੋਰ ਅੱਗੇ ਜੇ ਉਹ ਸੂਚਨਾ ਈਮੇਲ ਵਿਚ ਪੇਸਟ ਕਰ ਕੇ ਭੇਜੀ ਜਾਂਦੀ ਸੀ ਤਾਂ ਉਸਦੇ ਅੱਖਰ ਅੰਗਰੇਜ਼ੀ ਦਾ ਰੂਪ ਧਾਰਨ ਕਰ ਕੇ ਕੁੱਝ ਹੋਰ ਦਾ ਹੋਰ ਹੀ ਬਣ ਜਾਂਦੇ ਸਨ। ਆਸਕਾਈ ਫੌਂਟਾਂ ਨਾਲ਼ ਬੜੀਆਂ ਹੀ ਔਕੜਾਂ ਆਉਂਦੀਆਂ ਸਨ ਤੇ ਕੁੱਝ ਹੋਰ ਵੀ ਕਾਰਨ ਸਨ ਕਿ ਸੰਸਾਰ ਭਰ ਵਿਚ ਫੌਂਟਾਂ ਦਾ ਯੂਨੀਕੋਡ ਪ੍ਰਬੰਧ ਸਰਵ ਵਿਆਪੀ ਹੋ ਗਿਆ।

ਯੂਨੀਕੋਡ ਫੌਂਟ ਵਿਚ ਟਾਈਪ ਕਰਨ ਦੇ ਬਹੁਤ ਸਾਰੇ ਲਾਭ ਹਨ। ਜਿਵੇਂ ਕਿ:

1. ਯੂਨੀਕੋਡ, ਭਾਵ ਯੂਨੀਕ ਕੋਡ, ਭਾਵ ਵਿਲੱਖਣ ਚਿੰਨ੍ਹ ਕੋਡ ਤੋਂ ਹੈ। ਕੰਪਿਊਟਰ ਸਾਰੀਆਂ ਗਿਣਤੀਆਂ-ਮਿਣਤੀਆਂ ਅਤੇ ਕੰਮ ਕੋਡਾਂ ਨਾਲ਼ ਕਰਦਾ ਹੈ ਅਤੇ ਆਪਣੇ ਨਤੀਜਿਆਂ ਦੀ ਪ੍ਰਦਰਸ਼ਨੀ ਚਿੰਨ੍ਹਾਂ ਵਿਚ ਕਰਦਾ ਹੈ। ਯੂਨੀਕੋਡ ਵਿਚ ਸੰਸਾਰ ਦੀ ਹਰ ਭਾਸ਼ਾ ਦੇ ਹਰ ਅੱਖਰ ਦਾ ਕੋਡ ਵਿਲੱਖਣ ਹੈ। ਜਿਵੇਂ ਕਿ ੳ ਦਾ ਕੋਡ 2675 ਹੈ ੳ ਦਾ 65 ਹੈ ਹਿੰਦੀ ੳ ਦਾ 2313 ਹੈ। ਸਾਰਅੰਸ਼ ਇਹ ਕਿ ਯੂਨੀਕੋਡ ਵਿਚ ਕਿਸੇ ਵੀ ਚਿੰਨ੍ਹ ਦਾ ਕੋਡ ਕਿਸੇ ਦੂਸਰੇ ਨਾਲ਼ ਨਹੀਂ ਮਿਲ਼ਦਾ। ਅਤੇ ਸੂਚਨਾ ਹਰ ਥਾਂ ਅਬਦਲ ਤੇ ਠੀਕ ਠਾਕ ਪਹੁੰਚਦੀ ਹੈ।

2. ਯੂਨੀਕੋਡ ਵਿਚ ਕੀਤੀਆਂ ਰਚਨਾਵਾਂ ਇੰਟਰਨੈੱਟ ਦੇ ਪੂਰਨ ਤੌਰ ਉੱਤੇ ਅਨੁਕੂਲ ਹਨ।

3. ਅੱਜ-ਕੱਲ੍ਹ ਸੂਚਨਾਵਾਂ ਦਾ ਆਦਾਨ ਪਰਦਾਨ ਬਹੁਤਾ ਇੰਟਰਨੈੱਟ ਰਾਹੀਂ ਹੀ ਹੁੰਦਾ ਹੈ। ਇਹ ਬਹੁਤ ਸੌਖਾ ਅਤੇ ਸਸਤਾ ਹੈ। ਇਸਦੀ ਪਹੁੰਚ ਤੁਰਤ ਫੁਰਤ ਹੈ। ਮੋਬਾਈਲ ਸੇਵਾ ਨੇ ਇਸਨੂੰ ਹੋਰ ਵੀ ਲੋਕ-ਪਿਆਰਾ ਬਣਾ ਦਿੱਤਾ ਹੈ। ਪ੍ਰਿੰਟ ਮੀਡੀਆ ਆਹਿਸਤਾ-ਆਹਿਸਤਾ ਸਿਮਟ ਰਿਹਾ ਹੈ।




4. ਗਿਆਨ ਦਾ ਲੰਗਰ ਅਨੇਕ ਵੈੱਬ ਸਾਈਟਾਂ ਨੇ ਥਾਂ-ਥਾਂ ਲਾ ਰੱਖਿਆ ਹੈ। ਧੰਨ ਹਨ ਉਨ੍ਹਾਂ ਸਾਈਟਾਂ ਦੇ ਸੇਵਾਦਾਰ ਜੋ ਸੰਸਾਰ ਭਰ ਦੀਆਂ ਸੂਚਨਾਵਾਂ ਤੇ ਵਿਚਾਰ ਪਸਾਰ (ਛਿੱਟਾ ਚਾਨਣਾਂ ਦਾ ਦੇਈ ਜਾਂਦੇ ਹੋ!) ਨਿਰੰਤਰ ਵਰਤਾਈ ਜਾ ਰਹੇ ਹਨ। ਉਨ੍ਹਾਂ ਵਿਚੋਂ ਬਹੁਤੇ ਆਪਣੀ ਸੇਵਾ ਯੂਨੀਕੋਡ ਫੌਂਟਾਂ ਨਾਲ਼ ਹੀ ਕਰਦੇ ਹਨ। ਜੋ ਕੋਈ ਅਜੇ ਆਸਕਾਈ ਫੌਂਟਾਂ ਦੇ ਘਰ ਵਿਚ ਹੀ ਬੈਠਾ ਹੈ ਉਹ ਵੀ ਛੇਤੀ ਹੀ ਯੂਨੀਕੋਡ ਦੇ ਮਹਿਲ ਵਿਚ ਪਰਵੇਸ਼ ਕਰਨ ਵਾਲ਼ਾ ਹੈ। ਉਹ ਸਾਰੇ ਹੀ ਨਵੀਆਂ ਰਚਨਾਵਾਂ ਨੂੰ ਯੂਨੀਕੋਡ ਵਿਚ ਹੀ ਮੰਗਦੇ ਹਨ। ਇਸ ਨਾਲ਼ ਉਨ੍ਹਾਂ ਦਾ ਕਾਰਜ ਆਸਾਨ ਹੋ ਜਾਂਦਾ ਹੈ। ਕੀ ਲਿਖਾਰੀਆਂ ਦਾ ਵੀ ਇਹ ਫਰਜ਼ ਨਹੀਂ ਬਣਦਾ ਕਿ ਉਹ ਵੀ ਉਨ੍ਹਾਂ ਸਤਿਕਾਰਯੋਗ ਸਾਧਕਾਂ ਦੇ ਕਾਰਜ ਵਿਚ ਸਹਾਈ ਹੋਣ।

5. ਸਭ ਤੋਂ ਵੱਡੀ ਗੱਲ ਇਹ ਕਿ ਯੂਨੀਕੋਡ ਪਰਬੰਧ ਹਰ ਭਾਸ਼ਾ ਦਾ ਭਵਿੱਖ ਹੈ ਕਿਓਂ ਨਾ ਇਸ ਨਾਲ਼ ਅੱਜ ਹੀ ਆਪਣਾ ਸਬੰਧ ਜੋੜੀਏ। ਅੱਗੇ ਤੁਰਿਆਂ ਹੀ ਅੱਗਾ ਸੰਵਾਰੀ ਦਾ ਹੈ।


6. ਆਪਣੀਆਂ ਪਹਿਲੀਆਂ ਆਸਕਾਈ ਫੌਂਟ ਵਿਚ ਟਾਈਪ ਕੀਤੀਆਂ ਹੋਈਆਂ ਰਚਨਾਵਾਂ ਵੀ ਯੂਨੀਕੋਡ ਵਿਚ ਕਨਵਰਟ ਕਰ ਲੈਣੀਆਂ ਚਾਹੀਦੀਆਂ ਹਨ।

ਟਾਈਪ ਕਰਨ ਲਈ ਕੀਅਬੋਰਡ ਦੀ ਸਹਾਇਤਾ ਲੈਣੀ ਪੈਂਦੀ ਹੈ। ਪ੍ਰਾਪਤ ਕੀਅਬੋਰਡਾਂ ਦੀਆਂ ਕੀਆਂ ਦੀ ਗਿਣਤੀ ਸੀਮਤ ਹੈ ਜੋ ਮੂਲ ਰੂਪ ਵਿਚ ਕੇਵਲ ਅੰਗਰੇਜ਼ੀ ਦੇ ਯੂਨੀਕੋਡ ਹੀ ਟਾਈਪ ਕਰ ਸਕਦੀਆਂ ਹਨ। ਲੋੜ ਕਾਢ ਦੀ ਮਾਂ ਹੈ। ਮਾਈਕਰੋਸੌਫਟ ਨੇ ਇੱਕ ਐਸਾ ਟੂਲ (Microsoft Keyboard Layout Creater) ਗੂਗਲ ਉੱਤੇ ਧਰ ਦਿੱਤਾ ਹੈ ਕਿ ਉਸਨੂੰ ਮੁਫਤ ਡਾਊਨਲੋਡ ਕਰੋ ਅਤੇ ਆਪਣੀ ਇੱਛਾ ਦੀ ਫੌਂਟ ਦਾ ਆਪਣੀ ਮਰਜ਼ੀ ਦਾ ਹੀ ਕੀਅਬੋਰਡ ਲੇਅਆਊਟ ਬਣਾ ਲਵੋ। ਲੇਖਕ ਨੇ ਪੰਜਾਬੀ, ਸ਼ਾਹਮੁਖੀ ਅਤੇ ਹਿੰਦੀ ਦੇ ਕੀਅਬੋਰਡ ਲੇਅਆਊਟ ਫੋਨੈਟਿਕ ਭਾਵ ਅੰਗਰੇਜ਼ੀ ਅਨੁਸਾਰ ਬਣਾ ਰੱਖੇ ਹਨ। ਅਤੇ ਕਈ ਹਿੰਮਤੀਆਂ ਨੇ ਲੋੜੀਂਦੇ ਕੀਅਬੋਰਡ ਲੇਅਆਊਟ ਤਿਆਰ ਕਰਕੇ ਮੁਫਤ ਵਰਤਾ ਰੱਖੇ ਹਨ। ਸੋ ਯੂਨੀਕੋਡ ਵਿਚ ਟਾਈਪ ਕਰਨ ਦੀ ਆਮ ਦਿਖਾਈ ਦਿੰਦੀ ਸਮੱਸਿਆ ਅਸਲੋਂ ਹੈ ਹੀ ਨਹੀਂ। ਸਗੋਂ ਅੱਜ ਇਹ ਸੀਮਤ ਸਮਰੱਥਾ ਵਾਲ਼ਾ ਕੀਅਬੋਰਡ ਲੇਅਆਊਟ ਅਸੀਮ ਸਮਰੱਥਾ ਦਾ ਸਵਾਮੀ ਬਣ ਗਿਆ ਹੈ। ਇਹ 94 ਕੀਆਂ ਵਾਲ਼ਾ ਕੀਅਬੋਰਡ ਦੋ ਤਿੰਨ ਸੌ ਤੋਂ ਵੀ ਵੱਧ ਚਿੰਨ੍ਹ ਟਾਈਪ ਕਰ ਸਕਦਾ ਹੈ ਅਤੇ ਬਿਨਾਂ ਕੀਅਬੋਰਡ ਲੇਅਆਊਟ ਬਦਲੀ ਕੀਤਿਆਂ ਪੰਜਾਬੀ ਦੇ ਨਾਲ਼ ਅੰਗਰੇਜ਼ੀ ਦੇ ਚਿੰਨ੍ਹ ਟਾਈਪ ਕਰਨ ਦੇ ਵੀ ਸਮਰੱਥ ਹੈ।

ਯੂਨੀਕੋਡ ਫੌਂਟਾਂ ਦੇ ਇਤਨੇ ਲਾਭ ਹੋਣ ਕਰਕੇ ਇਨ੍ਹਾਂ ਵੱਲ ਮੋੜਾ ਕੱਟਣ ਵਿਚ ਢਿੱਲ ਕੇਹੀ? ਪੰਜਾਬੀ ਦੀ ਬਹੁਤੀ ਪ੍ਰਚੱਲਤ ਯੂਨੀਕੋਡ ਫੌਂਟ 'ਰਾਵੀ' ਹੈ। ਲੇਖਕ ਕੋਈ ਵੀ ਯੂਨੀਕੋਡ ਫੌਂਟ ਅਪਣਾ ਸਕਦਾ ਹੈ। ਕਿਉਂਕਿ ਦੂਸਰੇ ਫੌਂਟ ਬਦਲਣ ਵੇਲ਼ੇ ਅੰਗਰੇਜ਼ੀ ਵਾਂਗ ਸੂਚਨਾ ਅਬਦਲ ਰਹਿੰਦੀ ਹੈ। ਦਿੱਤੇ ਗਏ ਚਿੱਤਰਾਂ ਅਤੇ ਟੇਬਲਾਂ ਵਿਚ ਇੱਕ ਕੀਅਬੋਰਡ ਲੇਅਆਊਟ ਦੀ ਸਮਰੱਥਾ ਦਰਸਾਈ ਗਈ ਹੈ।

ਪੰਜਾਬੀ ਯੂਨੀ ਅੰਗੂਰ ਫੌਂਟ ਦੇ ਕੀਅਬੋਰਡ ਲੇਅਆਊਟ 2024 ਦੀਆਂ ਸਮਿਲਤ (ਡੈੱਡ) ਕੀਆਂ ਦਾ ਵਰਣਨ: 1. ਟਾਈਪ ਕਰੋ, 2. ਪ੍ਰਾਪਤ ਕਰੋ। ਸੂਚਨਾ: ਕ ਕੇਵਲ ਮਾਤਰਾ ਦਰਸਾਉਣ ਲਈ ਹੀ ਹੈ। ਇਸਨੂੰ ਟਾਈਪ ਕਰਨ ਦੀ ਲੋੜ ਨਹੀਂ।

# ਅਦਾਕਾਰ, ਫਿਲਮਸਾਜ਼ ਅਤੇ ਚਿੱਤਰਕਾਰ ਅਮੋਲ ਦੀ ਅੱਖ








*ਅਦਾਕਾਰ, ਫਿਲਮਸਾਜ਼ ਅਤੇ ਚਿੱਤਰਕਾਰ ਅਮੋਲ ਪਾਲੇਕਰ ਦੀਆਂ ਯਾਦਾਂ ਦੀ ਕਿਤਾਬ 'ਵਿਊਫਾਈਂਡਰ' ਅਤੇ ਉਸ ਦੀਆਂ ਹੁਣ ਤੇ ਜਵਾਨੀ ਵੇਲੇ ਦੀਆਂ ਦੋ ਤਸਵੀਰਾਂ।*

**ਆਮਨਾ ਕੌਰ**

ਅਦਾਕਾਰ, ਫਿਲਮਸਾਜ਼ ਅਤੇ ਚਿੱਤਰਕਾਰ ਅਮੋਲ ਪਾਲੇਕਰ ਦੀ ਚਿਰਾਂ ਤੋਂ ਉਡੀਕੀ ਜਾ ਰਹੀ ਕਿਤਾਬ 'ਵਿਊਫਾਈਂਡਰ' ਆਖਿਰਕਾਰ ਮਾਰਕੀਟ ਵਿਚ ਆ ਗਈ ਹੈ ਅਤੇ ਇਸ ਨੂੰ ਖੂਬ ਹੁੰਗਾਰਾ ਮਿਲ ਰਿਹਾ ਹੈ। ਇਸ ਕਿਤਾਬ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਖਾਸ ਪੜਾਵਾਂ ਅਤੇ ਫਿਲਮੀ ਦੁਨੀਆ ਨਾਲ ਸਬੰਧਿਤ ਕਿੱਸੇ ਬਹੁਤ ਦਿਲਚਸਪ ਢੰਗ ਨਾਲ ਸੁਣਾਏ ਹਨ।

ਯਾਦ ਰਹੇ ਕਿ ਅਮੋਲ ਪਾਲੇਕਰ ਨੇ ਫਿਲਮੀ ਦੁਨੀਆ ਵਿਚ ਸਮਾਜਿਕ ਫਿਲਮਾਂ ਰਾਹੀਂ ਆਪਣਾ ਵੱਖਰਾ ਮੁਕਾਮ ਹਾਸਲ ਕੀਤਾ। 24 ਨਵੰਬਰ 1944 ਨੂੰ ਜਨਮੇ ਅਮੋਲ ਪਾਲੇਕਾਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਥੀਏਟਰ ਤੋਂ ਕੀਤੀ ਸੀ। ਉਹ ਹਿੰਦੀ ਅਤੇ ਮਰਾਠੀ, ਦੋਵੇਂ ਭਾਸ਼ਾਵਾਂ ਵਿਚ ਥੀਏਟਰ ਕਰਦਾ ਹੁੰਦਾ ਸੀ। ਫਿਰ ਉਸ ਨੇ ਫਿਲਮਾਂ ਵਿਚ ਦਾਖਲਾ ਲਿਆ ਅਤੇ ਆਪਣੀ ਅਮਿੱਟ ਛਾਪ ਛੱਡੀ। 1970ਵਿਆਂ ਵਾਲੇ ਦੌਰ ਵਿਚ ਫਿਲਮਾਂ ਵਿਚ ਉਸ ਦੀ ਤੂਤੀ ਖੂਬ ਬੋਲਦੀ ਸੀ। ਉਸ ਨੇ ਕਈ ਹਿੱਟ ਫਿਲਮਾਂ ਦਿੱਤੀਆਂ ਅਤੇ ਫਿਲਮ ਜਗਤ ਵਿਚ ਆਪਣੀ ਨਿਵੇਕਲੀ ਅਤੇ ਨਿਆਰੀ ਥਾਂ ਬਣਾ ਲਈ। ਉਸ ਦੀ ਪਹਿਲੀ ਫਿਲਮ 1971 ਵਿਚ ਮਰਾਠੀ ਵਿਚ ਬਣੀ ਸੀ। ਫਿਲਮ ਦਾ ਨਾਂ 'ਸ਼ਾਂਤਾਲਾ: ਕੋਰਟ ਚਾਲੂ ਅਹੇ' ਸੀ ਅਤੇ ਨਿਰਦੇਸ਼ਕ ਫਿਲਮਸਾਜ਼ ਸੱਤਿਆਦੇਵ ਦੂਬੇ ਸਨ ਜਿਸ ਨੇ ਮਰਾਠੀ ਵਿਚ ਨਵੇਂ ਸਿਨੇਮੇ ਦੀ ਲਹਿਰ ਸ਼ੁਰੂ ਕੀਤੀ ਸੀ।

1974 ਵਿਚ ਫਿਲਮਸਾਜ਼ ਬਾਸੂ ਚੈਟਰਜੀ ਨੇ ਉਸ ਨੂੰ ਆਪਣੀ ਫਿਲਮ 'ਰਜਨੀਗੰਧਾ' ਲਈ ਲੈ ਲਿਆ। ਇਹ ਘੱਟ ਬਜਟ ਵਾਲੀ ਫਿਲਮ ਸੀ ਪਰ ਬਹੁਤ ਜ਼ਿਆਦਾ ਹਿੱਟ ਹੋ ਗਈ ਅਤੇ ਨਾਲ ਹੀ ਅਮੋਲ ਪਾਲੇਕਰ ਦੀ ਗੁੱਡੀ ਚੜ੍ਹ ਗਈ। 'ਛੋਟੀ ਸੀ ਬਾਤ' ਵੀ ਇਸੇ ਤਰ੍ਹਾਂ ਦੀ ਫਿਲਮ ਸੀ। ਇਹ ਫਿਲਮ 1976 ਵਿਚ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਦੇ ਨਿਰਦੇਸ਼ਕ ਵੀ ਬਾਸੂ ਚੈਟਰਜੀ ਸਨ। ਇਨ੍ਹਾਂ ਫਿਲਮਾਂ ਵਿਚ ਅਮੋਲ ਪਾਲੇਕਰ ਨੇ ਮੱਧ ਵਰਗੀ ਨੌਜਾਵਨ ਦੇ ਜੋ ਕਿਰਦਾਰ ਨਿਭਾਏ, ਉਹ ਅੱਜ ਵੀ ਦਰਸ਼ਕਾਂ ਦੇ ਚੇਤਿਆਂ ਵਿਚ ਵੱਸੇ ਹੋਏ ਹਨ। ਇਸ ਤੋਂ ਬਾਅਦ ਉਸ ਦੀਆਂ 'ਗੋਲਮਾਲ' ਅਤੇ 'ਨਰਮ ਗਰਮ' ਵਰਗੀਆਂ ਫਿਲਮਾਂ ਆਈਆਂ ਜਿਸ ਨੇ ਉਸ ਦਾ ਕਰੀਅਰ ਬੁਲੰਦੀਆਂ 'ਤੇ ਪਹੁੰਚਾ ਦਿੱਤਾ।

ਬਾਅਦ ਵਿਚ ਅਮੋਲ ਪਾਲੇਕਰ ਨੇ ਬਤੌਰ ਨਿਰਦੇਸ਼ਕ ਫਿਲਮਾਂ ਵੀ ਬਣਾਈਆਂ। ਇਨ੍ਹਾਂ ਵਿਚ 'ਦਾਇਰਾ', 'ਪਹੇਲੀ' ਆਦਿ ਅਹਿਮ ਹਨ। ਅਮੋਲ ਨੇ ਚਿੱਤਰਕਾਰੀ ਵਿਚ ਵੀ ਆਪਣਾ ਵਿਸ਼ੇਸ਼ ਮੁਕਾਮ ਬਣਾਇਆ।



# ਗੁਣਵੰਤੀ ਕ੍ਰਿਤੀ ਸੇਨਨ ਦੀਆਂ ਦਿਲਜੋਈਆਂ

ਅਦਾਕਾਰਾ ਕ੍ਰਿਤੀ ਸੇਨਨ ਦਾ ਆਖਣਾ ਹੈ ਕਿ ਜੇ ਤੁਹਾਡੇ ਅੰਦਰ ਪ੍ਰਤਿਭਾ ਨਹੀਂ ਹੈ ਤਾਂ ਤੁਸੀਂ 4-5 ਫਿਲਮਾਂ ਤੋਂ ਅਗਾਂਹ ਨਹੀਂ ਲੰਘ ਸਕਦੇ। ਫਿਲਮੀ ਦੁਨੀਆ ਅੰਦਰ ਅਗਾਂਹ ਉਹੀ ਲੋਕ ਲੰਘਦੇ ਹਨ ਜੋ ਪ੍ਰਤਿਭਾਸ਼ਾਲੀ ਹੁੰਦੇ ਹਨ। ਅਜਿਹੇ ਲੋਕਾਂ ਦੇ ਜੀਵਨ ਅਤੇ ਕੰਮਕਾਰ ਵਿਚ ਭਾਵੇਂ ਬਥੇਰੇ ਅੜਿੱਕੇ ਆਉਂਦੇ ਹਨ ਪਰ ਉਹ ਹਰ ਮੁਸ਼ਕਿਲ ਪਾਰ ਕਰ ਲੈਂਦੇ ਹਨ ਅਤੇ ਆਪਣੀ ਮੰਜ਼ਿਲ ਤੱਕ ਅੱਪੜ ਜਾਂਦੇ ਹਨ।

ਯਾਦ ਰਹੇ ਕਿ ਸਾਲ 2024 ਵਿਚ ਕ੍ਰਿਤੀ ਸੇਨਨ ਦੀਆਂ ਤਿੰਨ ਫਿਲਮਾਂ ('ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ', 'ਕ੍ਰਿਊ' ਤੇ 'ਦੋ ਪੱਤੀ') ਰਿਲੀਜ਼ ਹੋਈਆਂ ਹਨ ਅਤੇ ਉਹ ਹੋਰ ਫਿਲਮਾਂ ਵਿਚ ਵੀ ਖੂਬ ਕੰਮ ਕਰ ਰਹੀ ਹੈ। ਉਸ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਤੇਲਗੂ ਫਿਲਮ 'ਸਮੀਰਾ' ਨਾਲ ਕੀਤਾ ਸੀ। ਇਹ ਫਿਲਮ ਸਾਲ 2014 ਵਿਚ ਆਈ ਸੀ। ਇਸ ਤੋਂ ਬਾਅਦ ਉਹਨੇ 'ਹੀਰੋਪੰਤੀ', 'ਦਿਲਵਾਲੇ', 'ਰਾਬਤਾ', 'ਬਰੇਲੀ ਕੀ ਬਰਫੀ', 'ਸਤ੍ਰੀ' ਆਦਿ ਫਿਲਮਾਂ ਵਿਚ ਕੰਮ ਕੀਤਾ। ਕ੍ਰਿਤੀ ਸੇਨਨ ਦਾ ਜਨਮ ਨਵੀਂ ਦਿੱਲੀ ਦਾ ਹੈ। ਉਸ ਦੀ ਮਾਂ ਦਿੱਲੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ। ਉਹਦੀ ਛੋਟੀ ਭੈਣ ਨੂਪੁਰ ਸੇਨਨ ਵੀ ਫਿਲਮਾਂ ਵਿਚ ਕੰਮ ਕਰਦੀ ਹੈ।

***-ਗੁਰਜੰਟ ਸਿੰਘ***

# ਫਿਲਮਸਾਜ਼ ਮਣੀ ਰਤਨਮ ਦਾ ਸਿਨੇਮਾ ਅਤੇ ਸਾਹਿਤ

ਮਣੀ ਰਤਨਮ ਆਪਣੀਆਂ ਨਿਵੇਕਲੀਆਂ ਫਿਲਮਾਂ ਲਈ ਜਾਣਿਆ ਜਾਣ ਵਾਲਾ ਫਿਲਮਸਾਜ਼ ਹੈ। ਉਸ ਨੇ ਮੁੱਖ ਰੂਪ ਵਿਚ ਤੇਲਗੂ ਫਿਲਮੀ ਦੁਨੀਆਂ ਲਈ ਕੰਮ ਕੀਤਾ ਹੈ, ਭਾਵੇਂ ਉਸ ਨੇ ਕੰਨੜ, ਤਮਿਲ ਅਤੇ ਮਲਿਆਲਮ ਫਿਲਮਾਂ ਵੀ ਬਣਾਈਆਂ ਹਨ। ਉਸ ਉਸ ਨੇ ਕੁਝ ਹਿੰਦੀ ਫਿਲਮਾਂ ਵੀ ਬਣਾਈਆਂ ਜਿਨ੍ਹਾਂ ਦੀ ਚਰਚਾ ਵੱਡੇ ਪੱਧਰ 'ਤੇ ਹੋਈ। ਹੁਣ ਉਸ ਦੀ ਨਵੀਂ ਤੇਲਗੂ ਫਿਲਮ 'ਠੱਗ ਲਾਈਫ' ਅਗਲੇ ਸਾਲ 5 ਜੂਨ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਨਾਮਵਰ ਅਦਾਕਾਰ ਕਮਲ ਹਾਸਨ ਤੋਂ ਇਲਾਵਾ ਸਿਲਮ ਬਰਸਾਨ, ਤ੍ਰਿਸ਼ਾ ਕ੍ਰਿਸ਼ਨਨ, ਅਸ਼ੋਕ ਸੇਲਵਨ, ਐਸ਼ਵਰਿਆ ਲਕਸ਼ਮੀ, ਨਾਸਰ, ਚੇਤਨ, ਮਹੇਸ਼ ਮੰਜਰੇਕਰ ਵਰਗੇ ਕਲਾਕਾਰ ਕੰਮ ਕਰ ਰਹੇ ਹਨ। ਇਹ ਫਿਲਮ ਗੈਂਗਸਟਰਾਂ ਬਾਰੇ ਹੈ ਅਤੇ ਇਸ ਦੀ ਪਟਕਥਾ ਮਣੀ ਰਤਨਮ ਅਤੇ ਕਮਲ ਹਾਸਨ ਨੇ ਰਲ ਕੇ ਲਿਖੀ ਹੈ।

ਮਣੀ ਰਤਨਮ ਦਾ ਮੰਨਣਾ ਹੈ ਕਿ ਸਾਹਿਤ ਅਤੇ ਸਿਨੇਮੇ ਦਾ ਸਬੰਧ ਬਹੁਤ ਗਹਿਰਾ ਹੈ। ਮਣੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕੰਨੜ ਫਿਲਮ 'ਪਲਵੀ ਅਨੂ ਪਲਵੀ' ਨਾਲ ਕੀਤੀ ਸੀ। ਇਹ ਫਿਲਮ ਸਾਲ 1983 ਵਿਚ ਰਿਲੀਜ਼ ਹੋਈ ਸੀ। ਅਗਲੇ ਸਾਲ 1984 ਵਿਚ ਉਸ ਦੀ ਮਲਿਆਲਮ ਫਿਲਮ 'ਉਨਾਰੂ' ਆਈ। ਫਿਰ ਸਾਲ 1985 ਵਿਚ ਉਸ ਦੀਆਂ ਦੋ ਤਮਿਲ ਫਿਲਮਾਂ ਰਿਲੀਜ਼ ਹੋਈਆਂ: 'ਪਾਗਲ ਨਿਲਾਵੂ' ਅਤੇ 'ਇਦੀਆ ਕੋਵਿਲ'। ਫਿਰ ਤਾਂ ਚੱਲ ਸੋ ਚੱਲ। ਹੁਣ ਤੱਕ ਉਹ ਆਪਣੀ ਫਿਲਮਾਂ ਦੇ ਸਿਰ ਬਹੁਤ ਸਾਰੇ ਇਨਾਮ ਵੀ ਹਾਸਲ ਕਰ ਚੁੱਕਾ ਹੈ। ਉਸ ਦਾ ਆਖਣਾ ਹੈ ਕਿ ਕਲਾ ਕਲਾਕਾਰ ਦੀ ਸਦਾ ਹੀ ਲਾਜ ਰੱਖਦੀ ਆਈ ਹੈ।

***-ਕੁਦਰਤ ਕੌਰ***






*ਉਘਾ ਫਿਲਮਸਾਜ਼ ਮਣੀ ਰਤਨਮ ਅਤੇ (ਸੱਜੇ) ਉਸ ਦੀ ਨਵੀਂ ਫਿਲਮ 'ਠੱਗ ਲਾਈਫ' ਦਾ ਪੋਸਟਰ।*

## ਮਣੀ ਰਤਨਮ ਦੀਆਂ ਹਿੰਦੀ ਫਿਲਮਾਂ

*ਮਣੀ ਰਤਨਮ ਦੀ ਪਹਿਲੀ ਹਿੰਦੀ ਫਿਲਮ 'ਦਿਲ ਸੇ' 1998 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਦੀ ਕਹਾਣੀ ਅਤੇ ਪਟਕਥਾ ਖੁਦ ਮਣੀ ਰਤਨਮ ਨੇ ਲਿਖੀ ਸੀ। ਇਸ ਫਿਲਮ ਵਿਚ ਸ਼ਾਹਰੁਖ ਖਾਨ, ਮਨੀਸ਼ਾ ਕੋਇਰਾਲਾ ਅਤੇ ਪ੍ਰਿਟੀ ਜ਼ਿੰਟਾ ਨੇ ਮੁੱਖ ਕਿਰਦਾਰ ਨਿਭਾਏ ਸਨ। ਇਸ ਫਿਲਮ ਦਾ ਕੁੱਲ ਬਜਟ 11.5 ਕਰੋੜ ਰੁਪਏ ਦਾ ਸੀ ਅਤੇ ਇਸ ਨੇ ਉਸ ਵਕਤ ਬਾਕਸ ਆਫਿਸ ਉਤੇ 29 ਕਰੋੜ ਰੁਪਏ ਕਮਾਏ ਸਨ। ਇਹ ਉਸ ਵਕਤ ਦੀ ਸਫਲ ਅਤੇ ਚਰਚਿਤ ਫਿਲਮ ਮੰਨੀ ਗਈ। ਇਸ ਤੋਂ ਮਣੀ ਰਤਨਮ ਨੇ ਹਿੰਦੀ ਫਿਲਮਾਂ 'ਯੁਵਾ' (2004), 'ਗੁਰੂ' ਤੇ 'ਰਾਵਨ' ਬਣਾਈਆਂ।*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 305 Toscana Way Hayward CA 94545
2. 247 Dixon rd Milpitas ca 95035
3. 6388 Broadway Ave Newark CA 94560
4. 475 Hermosa St Lathrop Ca 95330
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 4415 Margery Dr. Fremont CA 94538

## Purchase Loan and Refinance

**Call Sukhveer (Sukhi) Gill** **Ph: 510-207-9067**
DHMS, Loan Broker

CA BRE Lic.#01180969
NMLS# 352095